੩੦ ਵਾਂ ਸਾਲ

# ਵਰਿਆਮ

ਜੂਨ, ੨੦੦੫

ਚੌਰਸ ਚੁੱਪ, ਤਿਕੋਣੀ ਚੀਕ
ਕਿਧਰੇ ਅੱਖਰ ਕਿਧਰੇ ਲੀਕ

ਮਨ ਦੀ ਭਾਸ਼ਾ ਬੋਲ ਰਹੇ
ਅੱਖੀਆਂ ਵਿੱਚ ਹਨ ਸ਼ਬਦ ਸ਼ਰੀਕ

ਮੇਰੇ ਤੇ ਮੇਰੇ ਵਿਚਕਾਰ
ਇਕ ਪਰਦਾ ਹੈ ਬਹੁਤ ਬਰੀਕ

ਤੇਰੇ ਤੱਕ ਕੀ ਪਹੁੰਚਾਂਗਾ
ਮੈਂ ਨਾ ਪਹੁੰਚਾ ਆਪਣੇ ਤੀਕ

ਅਪਣੇ ਤਨ ਦੀ ਚੌਖਟ 'ਤੇ
ਮੈਂ ਖ਼ੁਦ ਅਪਣੀ ਕਰਾਂ ਉਡੀਕ

ਹਾਂ ਮੈਂ ਅੱਜਕੱਲ ਰਹਿੰਦਾ ਹਾਂ
ਦੂਰੀ ਦੇ ਬਿਲਕੁਲ ਨਜ਼ਦੀਕ

-ਸੁਖਵੰਤ ਚਿੱਤਰਕਾਰ



Namdhari Elibrary NamdhariElibrary@gmail.com



ਸਤਿਗੁਰੂ ਪ੍ਰਤਾਪ ਸਿੰਘ ਜੀ ਦੇ
ਟੇਪ ਉਪਦੇਸ਼ ਪੰਜ ਭਾਗਾਂ ਵਿਚ
" ਲਾਲ ਏਹਿ ਰਤਨ " ਨਾਮਕ
ਗ੍ਰੰਥ ਵਿੱਚ ਛਪੇ ਹਨ। ਅੰਤਮ ਭਾਗ
ਨੂੰ ਰੀਲੀਜ਼ ਕਰਦੇ ਹੋਏ
ਸਤਿਗੁਰੂ ਜਗਜੀਤ ਸਿੰਘ ਜੀ।
ਨਾਲ ਦਿਸ ਰਹੇ ਹਨ
ਸੰਤ ਰਛਪਾਲ ਸਿੰਘ, ਸ. ਸੰਤ ਸਿੰਘ
ਅਤੇ ਸ. ਤੇਜਵੀਰ ਸਿੰਘ।
( ੧੩-ਅਪਰੈਲ ੨੦੦੫ ਸ੍ਰੀ ਭੈਣੀ ਸਾਹਿਬ )



"ਨਾਮਧਾਰੀ ਇਤਿਹਾਸ-ਸੰਖੇਪ" ਪੁਸਤਕ ਦਾ
ਵਿਮੋਚਨ ਸ੍ਰੀ ਭੈਣੀ ਸਾਹਿਬ ਵਿਚ ਕਰਦੇ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ।
ਨਾਲ ਖੜੇ ਹਨ ਪੁਸਤਕ ਦੇ ਲੇਖਕ ਪ੍ਰੋ. ਤਾਰਾ ਸਿੰਘ ਅਨਜਾਣ।
(ਬਸੰਤ ਪੰਚਮੀ ਸਮਾਗਮ ੨੦੦੫ ਸ੍ਰੀ ਭੈਣੀ ਸਾਹਿਬ)

Namdhari Elibrary NamdhariElibrary@gmail.com

# ਵਰਿਆਮ

ਜੂਨ-੨੦੦੫
ਜਿਲਦ-੩੦
ਅੰਕ- ੮

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'


| ਦਫਤਰ ਦਾ ਪਤਾ: | Office Address: |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-ਦਫਤਰ : ੨੨੨੨੫੪੩ | Ph. : 2222543 (O) |
| ਘਰ : ੨੪੫੬੨੮੯ | 2456289 (R) |


## ਵਰਿਆਮ ਦੇ ਦਰ

ਇਹ ਅੰਕ ੧੫-੦੦
ਸਲਾਨਾ ਚੰਦਾ ੧੫੦-੦੦
ਪੰਜ ਸਾਲ ਲਈ ੬੦੦-੦੦
ਜੀਵਨ ਮੈਂਬਰ ੧੫੦੦-੦੦
ਵਿਦੇਸ਼ ਲਈ ੨੫ ਪੌਂਡ ਜਾਂ ੩੫ ਡਾਲਰ ਅਮਰੀਕੀ ਹਵਾਈ ਡਾਕ ਰਾਹੀਂ
ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਭੈਣੀ ਸਾਹਿਬ ਦਾ ਹੋਲਾ ਮਹੱਲਾ ਸਮਾਗਮ ---------- ੨
—ਜਗਦੀਸ਼ ਸਿੰਘ
ਦਿੱਲੀ ਦੀ ਮਹਿਮਾ —ਜਗਦੀਸ਼ ਸਿੰਘ --------- ੩
ਮਹਾਰਾਸ਼ਟਰ ਦੇ ਨਾਮਧਾਰੀ ਸਹਿਜਧਾਰੀ ਸਿੱਖ -------- ੪
— ਜਗਦੀਸ਼ ਸਿੰਘ
ਇਕ ਖਤ ਸੁਖ਼ਬੀਰ ਹੋਰਾਂ ਦਾ -------------------- ੭
ਇੱਥੇ ਸਭ ਕੁਝ ਸੰਯੁਕਤ ਹੈ —ਮਹਿਮਾ ਸਿੰਘ ਤੂਰ -- ੮
ਜ਼ਰਾ ਲੜ ਕੇ ਤੇ ਵੇਖੋ ! —ਅਮਰ ਭਾਰਤੀ ---- ੯
ਦਾਤੇ ਦੀ ਪਰਿਭਾਸ਼ਾ —ਕਿਰਪਾਲ ਕਜ਼ਾਕ ----- ੧੩
ਦੋ ਗ਼ਜ਼ਲਾਂ —ਚਰਨ ਸੀਚੇਵਾਲਵੀ ---- ੧੫
ਬੀਤੇ ਦੀਆਂ ਪੈੜਾਂ ਦਾ ਗਵਾਹ ਪ੍ਰੀਤਮ ਸਿੰਘ ਕਵੀ------ ੧੬
—ਸੁਵਰਨ ਸਿੰਘ ਵਿਰਕ
ਕਿਰਤ ਦੀ ਮੌਤ —ਤੇਜਵੰਤ ਮਾਨ ------ ੨੫
ਦੋ ਗ਼ਜ਼ਲਾਂ —ਸਿਰੀ ਰਾਮ 'ਅਰਸ਼' --- ੨੭
ਢੋਲ ਵੱਜ ਰਿਹਾ ਏ—ਇੰਦਰਜੀਤ ਹਸਨਪੁਰੀ ---- ੨੭
ਸਤਿਗੁਰੂ ਪ੍ਰਤਾਪ ਸਿੰਘ ਜੀ—ਸਵਰਨ ਸਿੰਘ ਸਨੇਹੀ ੨੮
ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ :
ਪੁਸਤਕ ਰੂਪ ਵਿਚ ਆਉਣ ਦੀ ਕਹਾਣੀ —ਸੰਤ ਸਿੰਘ---- ੩੧
'ਨਾਮਧਾਰੀ ਇਤਿਹਾਸ-ਸੰਖੇਪ' ਦੀ ਸੰਖੇਪ ਗੱਲ------ ੩੮
— ਜਗਦੀਸ਼ ਸਿੰਘ
ਡਾ. ਜਾਗੀਰ ਸਿੰਘ ਦੀ ਪੁਸਤਕ 'ਕਾਵਿ ਅਤੇ ਸੰਗੀਤ'
ਗੁਰਬਾਣੀ ਪਰਿਪੇਖ —ਜਗਦੀਸ਼ ਸਿੰਘ --------- ੪੧
ਖ਼ਬਰਨਾਮਾ------------------------------ ੪੪
ਪ੍ਰਤੀਕਿਰਿਆ ------------------------------ ੪੮


ਟਾਈਟਲ ਡਿਜ਼ਾਈਨ : ਸੁਖਵੰਤ ਸਿੰਘ

## ਸ਼ਰਾਬ

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥
—ਗੁਰੂ ਅਮਰਦਾਸ




Namdhari Elibrary NamdhariElibrary@gmail.com

## ਭੈਣੀ ਸਾਹਿਬ ਦਾ ਹੋਲਾ ਮਹੱਲਾ ਸਮਾਗਮ

ਹੋਲਾ ਮਹੱਲਾ ਸਮਾਗਮ ਭੈਣੀ ਸਾਹਿਬ ਇਕ ਬਹੁਤ ਵੱਡਾ ਆਯੋਜਨ ਸੀ। ਜਿਵੇਂ ਅਸੀਂ ਪਿਛਲੇ ਅੰਕ ਵਿਚ ਮੁੱਖ ਪੰਨੇ ਤੇ ਲਿਖਿਆ ਸੀ ਕਿ ਲਸਾੜਾ ਨਿਵਾਸੀ ਸ. ਰਣਜੀਤ ਸਿੰਘ ਅਤੇ ਨਗਰ ਵਾਲੇ ਸਵਰਗੀ ਸੂਬਾ ਦਸੌਂਧਾ ਸਿੰਘ ਦੇ ਪੋਤਰੇ ਸੰਤ ਬਹਾਦਰ ਸਿੰਘ ਸੀਹਰਾ (ਸਪੁੱਤਰ ਸ. ਸਰਦਾਰਾ ਸਿੰਘ) ਜੋ ਅੱਜ ਕਲ ਇੰਗਲੈਂਡ ਵਿਚ ਨਿਵਾਸ ਰੱਖਦੇ ਹਨ, ਉਹਨਾਂ ਵੱਲੋਂ ਇਸ ਹੋਲੇ ਦੀ ਸੇਵਾ ਚੌਥੀ ਵਾਰ ਕੀਤੀ ਗਈ। ਸ਼ਰਧਾ ਦਾ ਵੀ ਕੋਈ ਅੰਤ ਨਹੀਂ, ਇਹਨਾ ਸੇਵਕਾਂ ਦਾ ਕਥਨ ਹੈ ਕਿ ਅਸੀਂ ਪੰਜ ਹੋਲਿਆਂ ਦੀ ਸੇਵਾ ਮੁਕੰਮਲ ਕਰਨੀ ਹੈ। ਸਤਿਗੁਰੂ ਸਮਰਥਾ ਬਖਸ਼ੇ। ਇੰਗਲੈਂਡ ਵਿਚੋਂ ਭਾਰੀ ਗਿਣਤੀ ਵਿਚ ਸੰਗਤ ਆਈ ਸੀ। ਕਦੇ ਜ਼ਮਾਨਾ ਸੀ ਇੰਗਲੈਂਡ ਦੀ ਸੰਗਤ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਅਤੇ ਮੇਲਿਆਂ ਦੀਆਂ ਖੁਸ਼ੀਆਂ ਰੱਜ ਕੇ ਮਾਣੀਆਂ ਸਨ। ਅਸੀਂ ਵੀ ਉਦੋਂ ਕਈ ਵਾਰ ਯੂ.ਕੇ. ਜਾ ਕੇ ਇਹ ਨਜ਼ਾਰਾ ਆਪਣੀ ਅਖੀਂ ਵੇਖਿਆ ਅਤੇ ਵਰਿਆਮ ਵਿਚ ਰਿਪੋਰਟ ਕੀਤਾ ਸੀ। ਰਜ਼ਾ ਵਿਚ ਸਤਿਗੁਰੂ ਜੀ ਕਾਫੀ ਸਮੇਂ ਤੋਂ ਬਾਹਰ ਦੌਰਿਆਂ ਤੇ ਨਹੀਂ ਗਏ ਪਰ ਦਰਸ਼ਨ ਪਿਆਸੀਆਂ ਸੰਗਤਾਂ ਤਾਂ ਦਰਸਨ ਪਿਆਸ ਲਾਹੁਣੀ ਹੋਈ ਨਾ। ਸੋ ਉਹ ਭਾਰੀ ਗਿਣਤੀ ਵਿਚ ਯੂ.ਕੇ. ਕਨੇਡਾ, ਤਨਜ਼ਾਨੀਆ ਥਾਈਲੈਂਡ ਤੋਂ ਇਥੇ ਪੁੱਜ ਗਈਆਂ ਅਤੇ ਇਸ ਵਾਰ ਹੋਲੇ ਦਾ ਰੰਗ, ਢੰਗ ਹੀ ਹੋਰ ਹੋ ਗਿਆ। ਭਾਰੀ ਸਮਾਗਮ, ਹੋਲੇ ਦੇ ਦੀਵਾਨ, ਰਾਗੀ ਸਿੰਘਾਂ ਦੇ ਕੀਰਤਨ, ਨਾਮ ਸਿਮਰਨ, ਕਵੀ ਦਰਬਾਰ, ਵਖਿਆਨਾਂ ਦਾ ਸਿਲਸਲਾ ਚਾਰ ਦਿਨ ੨੫-੨੬-੨੭-੨੮ ਮਾਰਚ ਤਕ ਚਲਦਾ ਰਿਹਾ। ਕਈ ਤਕਨੀਕੀ ਕਾਰਨਾਂ ਕਰ ਕੇ ਇਸ ਮਹਾਨ ਸਮਾਗਮ ਦੀਆਂ ਤਸਵੀਰਾਂ ਸਾਡੇ ਕੋਲ ਦੋ ਅੰਕ ਛਾਪਣ ਤੋਂ ਬਾਦ ਪੁਜੀਆਂ। ਇਸ ਵਾਸਤੇ ਇਹ ਨਜ਼ਾਰੇ ਅਸੀਂ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਵੇਲੇ ਸਿਰ ਨਾ ਕਰ ਸਕੇ ਪਰ ਸਪਤਾਹਕ ਸਤਿਜੁਗ ਨੇ ਇਹ ਤਸਵੀਰਾਂ ਅਤੇ ਰਿਪੋਰਟ ਵਿਸਥਾਰ ਨਾਲ ਸਭ ਪਾਠਕਾਂ ਦੇ ਸਾਹਮਣੇ ਰੱਖ ਦਿੱਤੀ ਹੈ। ਅਤੇ ਅਸੀਂ ਦੋਹਰ ਪਾਉਣ ਤੋਂ ਸੰਕੋਚ ਕਰ ਗਏ ਹਾਂ।

ਸਤਿਗੁਰੂ ਦਰਸ਼ਨ ਕਰਨ ਦੀ ਸਿੱਕ ਨੂੰ ਸੰਗਤਾਂ ਨੇ ਰੱਜ ਰੱਜ ਕੇ ਪੂਰਿਆਂ ਕੀਤਾ। ਸੰਗਤਾਂ ਦੀ ਗਿਣਤੀ ਵੀ ਪਰੇ ਤੋਂ ਪਰਾਂ ਸੀ ਪਰ ਸ਼ਾਬਾਸ ਹੈ ਪਰਬੰਧਕਾਂ ਅਤੇ ਖਾਸ ਤੌਰ ਤੇ ਨਾਮਧਾਰੀ ਵਿਦਿਅਕ ਜੱਥੇ ਦੇ ਨੌਜਵਾਨਾਂ ਅਤੇ ਬੀਬੀਆਂ ਨੂੰ ਜਿਨ੍ਹਾਂ ਰਾਤ ਦਿਨ ਖੜੇ ਰਹਿ ਕੇ ਦੌੜ ਭੱਜ ਕਰ ਕੇ ਸੰਗਤਾਂ ਦੇ ਇਸ ਬੇ ਪਨਾਹ ਹਜੂਮ ਨੂੰ ਥਾਓਂ ਥਾਈਂ ਨਿਯੰਤਰਨ ਵਿਚ ਹੀ ਨਹੀਂ ਰੱਖਿਆ ਸਗੋਂ ਮੇਲੇ ਦੇ ਸਮੁੱਚੇ ਪਰਬੰਧ ਨੂੰ ਵੀ ਸੂਤਰ ਬੱਧ ਕਰੀ ਰੱਖਿਆ।

ਸੰਗਤਾਂ ਨੇ ਰੱਜ ਰੱਜ ਕੇ ਗੁਰੂ ਦਰਸ਼ਨਾਂ ਦੇ ਸੁਖ ਨੂੰ ਮਾਣਿਆ। ਸ਼ਾਇਦ ਇਹੋ ਕਾਰਨ ਸੀ ਕਿ ਜੱਦ ਇਹਨਾਂ ਭਾਵਾਂ ਦੀ ਤਰਜਮਾਨੀ ਕਰਦਿਆਂ ਲੋਕ ਗਾਇਕ ਹੰਸਰਾਜ ਹੰਸ ਨੇ ਅੰਤਲੇ ਦਿਨ ਤੋਂ ਪਹਿਲੀ ਸ਼ਾਮ ਨੂੰ ਇਹ ਗਾਇਆ ਕਿ

*"ਰੂਹ ਗਦ ਗਦ ਹੋ ਗਈ ਆ, ਦਾਤਿਆ ਦਰਸ਼ਨ ਕਰ ਕੇ ਤੇਰੇ"* ਤਾਂ ਉਸ ਵੇਲੇ ਸਭ ਜ਼ਬਤ ਟੁੱਟ ਗਏ। ਖੜਤਾਲਾਂ ਵਜ ਪਈਆ ਅਤੇ ਸੰਗਤਾਂ ਮਸਤਾਨੀਆਂ ਹੋ ਗਈਆਂ। ਆਖਰ ਕਿਹਾ ਵੀ ਗਿਆ ਹੈ, ਹੋਸ਼ਾਂ ਨਾਲੋਂ ਮਸਤੀ ਚੰਗੀ ਜਿਹੜੀ ਰੱਖਦੀ ਸਦਾ ਟਿਕਾਣੇ।

## ਸੰਤ ਤਰਸੇਮ ਚੰਦ ਅਗਰਵਾਲ

ਇਕ ਵਿਦੇਸ਼ ਤੋਂ ਆਏ ਸ਼ਰਧਾਵਾਨ ਸੇਵਕ ਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਕਾਰ ਭੇਟ ਕੀਤੀ। ਉਸ ਦਾ ਵਿਚੋਂ ਵਿਚ ਜ਼ਿਕਰ ਚਲਦਾ ਸੀ। ਉਸ ਸਿਖ ਨੇ ਸਾਨੂੰ ਕਿਹਾ ਕਿ ਇਸ ਗੱਲ ਦਾ ਜ਼ਿਕਰ ਨਹੀਂ ਕਰਨਾ ਪਰ ਕਈ ਕਰੋੜ ਦੀ ਇਸ ਕਾਰ ਦਾ ਜ਼ਿਕਰ ਅਖ਼ਬਾਰਾਂ ਵਿਚ ਹੋ ਗਿਆ ਹੈ। ਅਸੀਂ ਗੱਲ ਤੇ ਕਾਇਮ ਹਾਂ। ਇਸ ਮੇਲੇ ਵਿਚ ਤਨਜ਼ਾਨੀਆਂ ਤੋਂ ਵੀ ਸੰਗਤ ਆਈ ਸੀ। ਸੰਤ ਤਰਸੇਮ ਚੰਦ ਅਗਰਵਾਲ ਵੀ ਆਏ ਸਨ ਜੋ ਸਹਿਜ ਰੂਪ ਵਿਚ ਹੀ ਚੰਗੇ ਕੰਮਾਂ ਤੇ ਧਨ ਖਰਚਨ ਲਗਿਆਂ ਬਹੁਤ ਖੁਲ ਦਿੱਲੇ ਹੁੰਦੇ ਹਨ। ਉਹਨਾਂ ਨੂੰ ਆਉਂਦੇ ਅੱਸੂ ਤੇ ਮੇਲੇ ਦੀ ਸੇਵਾ ਕਰਨ ਦੀ ਆਗਿਆ ਵੀ ਮਿਲ ਗਈ ਹੈ। ਨਾ ਗੁਰੂ ਅਤੇ ਨਾ ਗੁਰੂ ਦੇ ਸ਼ਿੱਖਾਂ ਦਾ ਕੋਈ ਪਾਰਾਵਾਰ ਹੈ।



Namdhari Elibrary NamdhariElibrary@gmail.com

## ਦਿੱਲੀ ਦੀ ਮਹਿਮਾ

ਦਿੱਲੀ ਭਾਰਤ ਦੀ ਰਾਜਧਾਨੀ ਹੈ। ਭਾਰਤ ਦੇ ਰਾਸ਼ਟਰਪਤੀ ਪ੍ਰਧਾਨ ਮੰਤਰੀ ਹੋਰ ਮੰਤਰੀਆਂ ਅਤੇ ਸਭ ਸਿਆਸੀ ਪਾਰਟੀਆਂ ਦਾ ਵੀ ਕੇਂਦਰੀ ਸਥਾਨ। ਮੀਡੀਆ, ਸਪੋਰਟਸ ਅਤੇ ਹੋਰ ਬਹੁਤ ਕਾਸੇ ਦਾ ਵੀ ਕੇਂਦਰ। ਇਥੋਂ ਦੇ ਸਿਖਾਂ ਦਾ ਵੀ ਬਹੁਤ ਅਹਿਮ ਸਥਾਨ ਹੈ। ਆਪਣੀ ਹੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ। ਨਾਮਧਾਰੀ ਸਿਖ ਸਮਾਜ ਦੀ ਵੀ ਇਕ ਪ੍ਰਕਾਰ ਦਿੱਲੀ ਰਾਜਧਾਨੀ ਹੀ ਹੈ। ਇਥੋਂ ਦੀ ਨਾਮਧਾਰੀ ਸੰਗਤ ਭਾਰੀ ਗਿਣਤੀ ਵਿਚ ਵੀ ਹੈ ਅਤੇ ਸੰਗਠਤ ਵੀ। ਨਾਮਧਾਰੀ ਦਰਬਾਰ ਦੇ ਪ੍ਰਧਾਨ ਇਥੋਂ ਦੇ ਹਨ ਅਤੇ ਸਤਿਗੁਰੂ ਜੀ  ਵੀ ਬਾਹਰ ਅੰਦਰ ਜਾਂਦੇ ਆਉਂਦੇ ਅਕਸਰ ਦਿਲੀ ਵਿਚ ਕਿਆਮ ਕਰਦੇ ਹਨ। ਉਹਨਾਂ ਦਾ ਨਿੱਜੀ ਨਿਵਾਸ ਅਸਥਾਨ ਵੀ ਹੈ ਅਤੇ ਨਿਤ ਇੱਥੇ ਰੌਣਕਾਂ ਲਗਦੀਆਂ ਰਹਿੰਦੀਆਂ ਹਨ। ਹੋਲੇ ਮਹੱਲੇ, ਵਿਦਿਅਕ ਸੰਮੇਲਨ ਅਤੇ ਹੋਰ ਸਮਾਰੋਹ ਹੁੰਦੇ ਰਹਿੰਦੇ ਹਨ। ਇਥੇ ਬਹੁਤ ਸ਼ਾਨਦਾਰ ਸ਼ਹੀਦ ਬਿਸ਼ਨ ਸਿੰਘ ਯਾਦਗਾਰੀ ਸਕੂਲ ਹੈ। ਨਾਮਧਾਰੀ ਦਰਬਾਰ ਦਾ ਆਫੀਸ਼ਲ ਪਰਚਾ ਸਤਿਜੁਗ ਵੀ ਇਥੋਂ ਨਿਕਲਦਾ ਹੈ। ਇਥੋਂ ਦੇ ਨਾਮਧਾਰੀਆਂ ਦਾ ਦੇਸ਼ ਦੀਆਂ ਗਤੀਵਿਧੀਆਂ ਵਿਚ ਇਤਿਹਾਸਕ ਰੋਲ ਹੈ। ਗਲ ਕੀ ਗਲ ਬਹੁਤ ਵਿਸਥਾਰ ਵਾਲੀ ਹੈ ਅਤੇ ਆਪਣੇ ਵਿਸ਼ੇ ਉੱਤੇ ਵਖਰੇ ਵਿਸ਼ੇਸ਼ ਅੰਕ ਜਾਂ ਪੁਸਤਕ ਦੀ ਮੰਗ ਕਰਦੀ ਹੈ। ਵਰਿਆਮ ਦੇ ਸ਼ੁਰੂਆਤੀ ਦੌਰ ਵਿਚ ਸੰਪਾਦਕ ਵਰਿਆਮ ਦਾ ਦਿਲੀ ਫੇਰਾ ਤੋਰਾ ਬਹੁਤ ਰਹਿੰਦਾ ਸੀ ਅਤੇ ਵਰਿਆਮ ਨੂੰ ਜਾਰੀ ਰਖਣ ਵਿਚ ਇਥੋਂ ਦੀ ਸੰਗਤ ਸੂਬੇ ਸਾਹਿਬਾਨ ਅਤੇ ਉਦਯੋਗਪਤੀਆਂ ਦਾ ਅਹਿਮ ਹਿੱਸਾ ਸੀ।

## ਲੰਗਰ ਦੀ ਸੇਵਾ

ਹੋਲੇ ਮਹੱਲੇ ਸ੍ਰੀ ਭੈਣੀ ਸਾਹਿਬ ਤੇ ਪਿਛਲੇ ਕੁਝ ਸਮਿਆਂ ਤੋਂ ਲੰਗਰ ਦਾ ਬਹੁਤ ਜ਼ਿਕਰ ਅਤੇ ਸਿਫ਼ਤ ਸੁਣਦੇ ਆ ਰਹੇ ਹਾਂ। ਆਓ ਭਗਤ ਵਾਲਾ ਸਥਾਨ ਵੀ ਹੈ। ਇਥੇ ਵੀ ਪ੍ਰਸ਼ਾਦਾ ਪਾਣੀ ਮਿਲ ਜਾਂਦਾ ਹੈ ਅਤੇ ਅਸੀਂ ਤਾਂ ਲਾਗੇ ਦੀ ਸਹੂਲਤ ਕਾਰਨ ਇਥੇ ਹੀ ਪੇਟ ਦੀ ਤ੍ਰਿਪਤੀ ਕਰ ਆਉਂਦੇ ਰਹੇ ਹਾਂ। ਇਸ ਥਾਂ ਵੀ ਬਹੁਤ ਮੁਸਤੈਦ ਅਤੇ ਫੁਰਤੀ ਨਾਲ ਕੰਮ ਕਰਨ ਵਾਲੇ ਸੇਵਾਦਾਰ ਹਨ ਜਿਨ੍ਹਾਂ ਕਦੀ ਸ਼ਕਾਇਤ ਨਹੀਂ ਆਉਣ ਦਿਤੀ। ਪਰ ਵਡਾ ਲੰਗਰ ਭੈਣੀ ਸਾਹਿਬ ਪਿੰਡ ਵਿਚ ਹੈ ਅਤੇ ਉਸ ਦੀ ਸੋਭਾ ਦੀ ਖੁਸ਼ਬੋ ਸਾਰੀ ਦੁਨੀਆ ਵਿਚ ਹੈ। ਸ੍ਰੀ ਭੈਣੀ ਸਾਹਿਬ ਦੀ ਮੁੜ ਉਸਾਰੀ ਦੇ ਦੌਰ ਵਿਚ ਬਹੁਤ ਵਿਸ਼ਾਲ ਲੰਗਰ ਹਾਲ ਉਸਰ ਚੁਕਾ ਹੈ ਜਿਸ ਦੇ ਦਰਸ਼ਨ ਕਰਦਿਆਂ ਹੀ ਮਨ ਤ੍ਰਿਪਤ ਹੋ ਜਾਂਦਾ ਹੈ। ਦਿਲੀ ਤੋਂ ਬਹੁਤ ਸਾਰੇ ਨੌਜਵਾਨ ਅਤੇ ਹੋਰ ਸੰਗਤ ਮਾਈ ਭਾਈ ਪ੍ਰਧਾਨ ਸੰਤ  ਸਾਧਾ ਸਿੰਘ ਜੀ ਦੀ ਕਮਾਣ ਹੇਠ ਇਸ ਲੰਗਰ ਦੀ ਸੇਵਾ ਮੇਲੇ ਦੇ ਦਿਨਾਂ ਵਿਚ ਸਾਂਭਦੇ ਹਨ। ਸਤਿਗੁਰੂ ਜੀ ਨੂੰ ਸਵੇਰੇ ਸਵੇਰੇ ਦੀਵਾਨ ਵਿਚ ਨਮਸਕਾਰ ਕਰ ਕੇ ਫੇਰ ਸਾਰਾ ਦਿਨ ਚਲ ਸੋ ਚਲ ਲੰਗਰ ਬਣੌਣ ਅਤੇ ਵਰਤਾਉਣ ਦੀ ਅਨਥਕ ਸੇਵਾ ਕਰਦੇ ਹਨ। ਇਹ ਸਾਰੇ ਜਾਣਦੇ ਹਨ ਲੰਗਰ ਵਰਾਤਉਣ ਦਾ ਕੰਮ  ਬਹੁਤ ਥਕਾਵਟ ਵਾਲਾ ਹੁੰਦਾ ਹੈ। ਘੰਟਿਆ ਬੱਧੀ ਝੁਕ ਕੇ ਪਰਸ਼ਾਦਾ ਦਾਲਾ ਭਾਜਾ ਚਾਹਟਾ ਵਰਤਾਉਣਾ, ਇਹ ਲਕ ਦੂਹਰਾ ਕਰ ਦਿੰਦਾ ਹੈ ਪਰ ਦਿਲੀ ਦੀ ਸਾਧ ਸੰਗਤ ਇਹ ਦੌੜ ਦੌੜ ਕਰਦੀ ਨਾ ਅਕਦੀ ਨਾ ਥਕਦੀ ਹੈ। ਸੰਤ ਸਾਧਾ ਸਿੰਘ ਹੋਰਾਂ ਦਾ ਸੁਭਾਅ ਕਮਾਲ ਦਾ ਨਿਰਬਾਨ ਨਿਰਮਾਨ ਅਤੇ ਮਿਠਾ ਹੈ ਅਤੇ   ਸੇਵਾ ਸਭ ਨੂੰ ਨਾਲ ਲੈ ਕੇ ਬਗੈਰ ਵਿਘਨ ਦੇ ਸਤਿਗੁਰੂ ਦੀ ਕ੍ਰਿਪਾ ਨਾਲ ਕਰਦੇ ਹਨ।  ਸੇਵਾ ਸਤਿਗੁਰੂ ਜੀ ਨੂੰ ਅਰਪਿਤ ਕਰਦੇ ਹਨ ਅਤੇ ਖੁਸ਼ੀਆਂ ਦੀਆਂ ਝੋਲੀਆਂ ਭਰ ਕੇ ਲੈ ਜਾਂਦੇ ਹਨ। ਚਸ਼ਮੇ ਬਦ-ਦੂਰ।

## ਇਕ ਖਾਮੋਸ਼ ਸੇਵਕ



ਇਕ ਹੋਰ ਸੇਵਕ ਹਨ ਜੋ ਪਿਛੇ ਰਹਿ ਕੇ ਖਾਮੋਸ਼ ਸੇਵਾ ਕਰਦੇ ਹਨ ਅਤੇ ਜਤਾਉਂਦੇ ਵੀ ਨਹੀਂ। ਇਹਨਾਂ ਨੂੰ ਲੰਮੇ ਸਮੇਂ ਤੋ ਮੈਂ ਜਾਣਦਾ ਹਾਂ ਸਦਾ ਹੀ ਕਿਸੇ ਵੀ ਖੇਤਰ ਵਿਚ ਸੇਵਾ ਲਈ ਤਤਪਰ ਰਹਿੰਦੇ ਹਨ। ਇਹ ਹਨ ਸੰਤ ਮਹਿੰਦਰ ਸਿੰਘ ਬਾਲੀ ਨਗਰ। ਤੀਹ ਸਾਲਾਂ ਤੋਂ ਮੈਂ ਜਾਣਦਾ ਹਾਂ। ਇਹ ਵਰਿਆਮ ਦੇ ਪੁਰਾਣੇ ਸਹਾਇਕ ਹਨ। ਜਦੋਂ ਅਸੀਂ ਵਰਿਆਮ ਨੂੰ ਜਾਰੀ ਕਰ ਕੇ ਇਸ ਨੂੰ ਜਿਉਂਦਾ ਰਖਣ ਲਈ ਹੱਥ ਪੈਰ ਮਾਰ ਰਹੇ ਸਾਂ ਤਾਂ ਸੰਤ ਮਹਿੰਦਰ ਸਿੰਘ ਜੀ ਸਾਡੇ ਖਾਮੋਸ਼ ਸਹਾਇਕ ਸਨ। ਓਸ ਵੇਲੇ ਇਹਨਾਂ ਦੀ ਫਿਕਰਮੰਦੀ ਸੀ ਦਿਲੀ ਵਿਚ ਬੱਚਿਆਂ ਲਈ ਇਕ ਵਧੀਆ ਸਕੂਲ ਕਾਇਮ ਕਰਨਾ। ਕੰਮ ਬੜਾ ਅਸੰਭਵ ਜਾਪਦਾ ਸੀ ਪਰ ਇਹਨਾਂ ਆਪਦੇ ਸਾਥੀਆਂ ਸੰਤ ਬਲਵੰਤ



Namdhari Elibrary NamdhariElibrary@gmail.com

ਸਿੰਘ ਬਾਲੀ ਨਗਰ, ਸੰਤ ਰਮਣੀਕ ਸਿੰਘ, ਹ.ਸ. ਹੰਸਪਾਲ ਅਤੇ ਹੋਰ ਬਹੁਤ ਸਾਰੇ ਸਾਥੀਆਂ (ਜਿਨ੍ਹਾਂ ਦੇ ਨਾਮ ਨਹੀਂ ਲਿਖੇ ਜਾ ਸਕੇ - ਮੁਆਫੀ ਸਹਿਤ) ਨਾਲ ਆਖਰ ਇਹ ਮੋਰਚਾ ਫਤਹਿ ਕਰ ਲਿਆ। ਇਨਸਾਨ ਜੇ ਚੰਗਾ ਕੰਮ ਚਿਤਵ ਲਏ ਤਾਂ ਸਭ ਕੁਝ ਸੰਭਵ ਹੈ। ਅੱਜ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਹਰ ਖੇਤਰ, ਵਿਚ ਨਾਮਧਾਰੀ ਸਮਾਜ ਦਾ ਨਾਮ ਉੱਚਾ ਕਰ ਰਿਹਾ ਹੈ। ਨਿਸਚੇ ਹੀ ਮਹਿੰਦਰ ਸਿੰਘ ਬਹੁਤ ਖੁਸ਼ ਹਨ।

ਸ੍ਰੀ ਭੈਣੀ ਸਾਹਿਬ ਦੇ ਪ੍ਰਬੰਧ ਅਤੇ ਉਸਾਰੀ ਵਿਚ ਵੀ ਸੰਤ ਮਹਿੰਦਰ ਸਿੰਘ ਜੀ ਦਾ ਉੱਘਾ ਯੋਗਦਾਨ ਹੈ। ਕਈ ਕਈ ਦਿਨ ਸ੍ਰੀ ਭੈਣੀ ਸਾਹਿਬ ਆ ਕੇ ਰਹਿ ਕੇ ਸੇਵਾ ਦੀਆਂ ਕੁੰਜੀਆਂ ਸਾਂਭਦੇ ਰਹੇ ਹਨ। ਵੱਡੇ ਮੇਲਿਆਂ ਵਿਚ ਡੇਰਿਆਂ ਦੇ ਪਰਬੰਧ ਦੀ ਜ਼ੁੰਮੇਵਾਰੀ ਤੋਂ ਲੈ ਕੇ ਹਰ ਤਰ੍ਹਾਂ ਦੀ ਸੇਵਾ ਖਿੜੇ ਮੱਥੇ ਅਤੇ ਸ਼ਾਂਤ ਸਹਿਜ ਸੁਭਾਅ ਨਾਲ ਕਰਦੇ ਆ ਰਹੇ ਹਨ। ਜਿਸ ਵੇਲੇ ਨਾਮਧਾਰੀ ਬੱਚਿਆ ਨੂੰ ਸੰਗੀਤ ਸਿਖਾਉਣ ਵਾਸਤੇ ਸਤਿਗੁਰੂ ਜੀ ਦੀ ਰਜ਼ਾ ਹੋਈ ਤਾਂ ਇਹਨਾਂ ਆਪਣਾ ਸਪੁਤਰ ਪੇਸ਼ ਕੀਤਾ ਜੋ ਬਹੁਤ ਵਧੀਆ ਕੱਥਕ ਨ੍ਰਿਤਕਾਰ ਬਣਿਆ ਹੈ। ਸਤਿਗੁਰਾਂ ਦੀ ਇਛਾ ਨੂੰ ਇਹਨਾਂ ਇਲਾਹੀ ਹੁਕਮ ਕਰ ਕੇ ਮੰਨਿਆ ਹੈ। ਸਾਡੀ ਤਾਂ ਅਰਦਾਸ ਹੈ ਕਿ ਸਤਿਗੁਰੂ ਸ. ਮਹਿੰਦਰ ਸਿੰਘ ਪਰਿਵਾਰ ਨੂੰ ਸਦਾ ਖੁਸ਼ੀਆਂ ਤੇ ਪਾਤਸ਼ਾਹੀਆਂ ਦੇਣ ਵਾਲੀ ਨਜ਼ਰ ਬਣਾਈ ਰਖਣ।

ਦਿਲੀ ਬਹੁਤ ਵਿਸ਼ਾਲ ਹੈ। ਇਸ ਦਾ ਵਿਸਥਾਰ ਨਾਲ ਯਥਾ ਯੋਗ ਜ਼ਿਕਰ ਕਰਾਂਗੇ ਪਰ ਅਜੇ ਅਸੀਂ ਆਸ ਕਰਦੇ ਹਾਂ ਕਿ ਸਾਧ ਸੰਗਤ ਸਾਡੀਆਂ ਤਰੁਟੀਆਂ ਨੂੰ ਮਾਫ ਕਰੇਗੀ। ਫਿਲਹਾਲ ਸਾਡੇ ਸਿਰ ਤੇ ਦਿੱਲੀ ਕਾ ਰਿਣ ਹੈ।

## ਮਹਾਂਰਾਸ਼ਟਰ ਦੇ ਨਾਮਧਾਰੀ ਸਹਿਜਧਾਰੀ ਸਿੱਖ

ਜਦੋਂ ਮੈਨੂੰ ਪਤਾ ਲੱਗਾ ਕਿ ਮਹਾਰਾਸ਼ਟਰ ਤੋਂ ਆਇਆ ਮਰਾਠੀ ਬੱਚਿਆਂ ਦਾ ਇਕ ਜਥਾ ਭੈਣੀ ਸਾਹਿਬ ਮੇਲੇ ਦੇ ਮੁੱਖ ਪੰਡਾਲ ਵਿਚ ਕੀਰਤਨ ਕਰੇ ਗਾ ਤਾਂ ਮੇਰੀ ਜਗਿਆਸਾ ਵਧ ਗਈ। ਮਹਾਰਾਸ਼ਟਰ ਸੂਬੇ ਦੇ ਔਰੰਗਾਬਾਦ ਸ਼ਹਿਰ ਵਿਚ ਸ. ਹਰਭਜਨ ਸਿੰਘ ਜੀ ਵਲੋਂ ਕਰਵਾਏ ਗਏ ਸਮਾਗਮਾਂ ਤੇ ਕਈ ਵਾਰ ਜਾਣ ਦਾ ਮੌਕਾ ਬਣਿਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਏ ਭਾਰਤ ਪੱਧਰ ਦੇ ਸ਼ਾਸਤਰੀ ਸੰਗੀਤ ਦੇ ਸਮਾਗਮਾਂ ਵਿਚ ਦੁਰਲਭ ਸੰਗੀਤ ਦਾ ਰਸ ਮਾਣਿਆ ਹੈ। ਇਹ ਤਾਂ ਭਲੀ ਪ੍ਰਕਾਰ ਜਾਣੂ ਹਾਂ ਕਿ ਮਹਾਰਾਸ਼ਟਰ ਵਿਚ ਸੰਗੀਤ ਦਾ ਪਰਚਾਰ ਬਹੁਤ ਹੈ ਅਤੇ ਉਥੇ ਦੇ ਸੰਗੀਤਕਾਰ ਅਤੇ ਸੰਗੀਤ ਸ੍ਰੋਤੇ ਬਹੁਤ ਉੱਚ-ਪਾਏ ਦੇ ਹੁੰਦੇ ਹਨ ਅਤੇ ਉਥੋਂ ਦਾ ਸੰਗੀਤ ਪ੍ਰੇਮ ਇਕ ਭਗਤੀ ਦਾ ਦਰਜਾ ਰੱਖਦਾ ਹੈ। ਜਦੋਂ ਔਰੰਗਾਬਾਦ ਵਿਚ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਣ ਹੋਏ ਤਾਂ ਉਥੋਂ ਦੇ ਪੰਜਾਬੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਸੀ। ਕਾਰਨ ਇਹ ਸੀ ਕਿ ਸੰਗੀਤ ਜਿਹੇ ਸਾਂਸਕ੍ਰਿਤਕ/ ਸਭਿਆਚਾਰਕ ਖੇਤਰ ਵਿਚ ਉਹਨਾਂ ਪੰਜਾਬੀਆਂ ਦੀ ਝੰਡੀ ਉਚੀ ਹੁੰਦੀ ਵੇਖ ਕੇ ਬਹੁਤ ਮਾਣ ਮਹਿਸੂਸ ਕੀਤਾ ਸੀ।

ਸ. ਹਰਭਜਨ ਸਿੰਘ 'ਗੁਰਮਖ ਮਾਇਆ ਵਿਚ ਉਦਾਸੀ, ਬ੍ਰਿਤੀ ਵਾਲੇ ਮਹਾਂਪੁਰਖ ਹਨ। ਉਹਨਾਂ ਦੇ ਸੰਪਰਕ ਵਿਚ ਆਇਆ ਵਿਅਕਤੀ ਬਦੋਬਦੀ ਸਾਤਵਿਕ ਬ੍ਰਿਤੀ ਧਾਰਨ ਕਰਦਾ ਹੈ ਅਤੇ ਗੁਰੂ ਸ਼ਰਨ ਵੱਲ ਖਿੱਚਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਔਰੰਗਾਬਾਦ ਦੇ ਆਲੇ ਦੁਆਲੇ ਦੇ ਖੇਤਰ ਵਿਚ ਮਹਾਰਾਸ਼ਟਰ ਦੇ ਲੜਕੇ ਲੜਕੀਆਂ ਗੁਰਬਾਣੀ ਪਾਠ ਕਰਨ ਹਵਨ ਵਰਨੀਆਂ ਮਰਯਾਦਾ ਅਨੁਸਾਰ ਕਰਨ ਵਿਚ ਮਾਹਰ ਹੋ ਗਏ ਹਨ।

ਸ੍ਰੀ ਭੈਣੀ ਸਾਹਿਬ ਅੱਸੂ ਦੇ ਮੇਲੇ ਦੇ ਵੱਡੇ ਸਮਾਗਮ ਵਿਚ ਇਕ ਮਰਾਠੀ ਬੱਚਾ ਪੂਰਾ ਨਾਮਧਾਰੀ ਜਥੇਦਾਰ ਲੱਗ ਰਿਹਾ ਸੀ। ਸਫੈਦ ਬਸਤਰ, ਸਫੈਦ ਦਸਤਾਰ, ਗਲ ਵਿਚ ਮਾਲਾ ਅਤੇ ਕੰਨ ਉਤੇ ਹੱਥ ਰੱਖ ਕੇ ਉਹ ਪੜ੍ਹ ਰਿਹਾ ਸੀ "ਹਰੀ ਕੋ ਨਾਮ ਸਦਾ ਸੁਖਦਾਈ"। ਬਾਕੀ ਜੱਥਾ ਵੀ ਮਰਾਠੇ ਬਚੇ ਬੱਚੀਆਂ ਦਾ ਸੀ ਜੋ ਪੂਰੇ ਠਹਿਰਾਓ ਨਾਲ ਤਾਲ ਵਿਚ ਛੈਣੇ ਵਜਾ ਰਿਹਾ ਅਤੇ ਸ਼ਬਦ ਪੜ੍ਹ ਰਿਹਾ ਸੀ। ਇਹਨਾਂ ਨਾਲ ਢੋਲਕ ਕੋਈ ੩੮ ਕੁ ਸਾਲ ਦੇ ਸਜਨ ਵਜਾ ਰਹੇ ਸਨ ਜਿਨ੍ਹਾਂ ਦਾ ਨਾਮ ਤੁੱਕਾ ਦਾਸ ਕਾਟੇ ਗੁਰੂ ਜੀ ਦੱਸਿਆ ਗਿਆ। ਤੁਕਾ ਦਾਸ ਇਹਨਾਂ ਬੱਚਿਆਂ ਦੀ ਦੇਖ ਰੇਖ ਅਤੇ ਸੰਗੀਤ ਕੀਰਤਨ ਅਭਿਆਸ ਦੇ ਗੁਰੂ ਸਨ ਅਤੇ ਉਹ ਬਾਲ ਜੱਥੇ ਦੀ ਲੈਅ ਤਾਲ ਨੂੰ ਸੰਭਾਲ ਲੈਂਦੇ ਸਨ।

ਅਸੀਂ ਪੰਜਾਬ ਵਾਲੇ ਅਕਸਰ "ਹਰਿ ਕੋ ਨਾਮੁ" ਨੂੰ ਹਰ ਕੋ ਨਾਮ ਪੜ੍ਹਦੇ ਹਾਂ ਪਰ ਇਹ ਬੱਚਿਆਂ ਦਾ ਉਚਾਰਨ 'ਹਰੀ ਕੋ ਨਾਮੁ' ਵਿਸ਼ੇਸ਼ ਖਿੱਚ ਰੱਖਦਾ ਸੀ। ਭੈਣੀ ਸਾਹਿਬ ਵਾਲੇ ਜਥੇਦਾਰ ਗੁਰਦੀਪ ਸਿੰਘ ਹੋਰਾਂ ਇਹਨਾਂ ਬੱਚਿਆਂ ਨੂੰ ਦੀਵਾਨ ਦਾ ਅਭਿਆਸ ਕਰਾਇਆ ਸੀ ਅਤੇ ਹਿੰਦੁਸਤਾਨੀ ਭਾਸ਼ਾ ਵਿਚ ਇਹਨਾਂ ਵੱਲੋਂ ਕੀਤੀ ਜਾ ਰਹੀ ਵਿਆਖਿਆ ਇਹ ਦ੍ਰਿੜ ਕਰਾ ਰਹੀ


Namdhari Elibrary NamdhariElibrary@gmail.com

ਸੀ ਕਿ ਗੁਰੂ ਸਾਹਿਬ ਦਾ ਉਪਦੇਸ਼ ਕਿੰਨਾ ਸਾਂਝਾ ਹੈ। ਅਤੇ ਜਦੋਂ ਕਿਤੇ ਆਦਿ ਗੁਰੂ ਸਤਿਗੁਰੂ ਨਾਨਕ ਦੇਵ ਜੀ ਦੇਸ਼ ਵਿਦੇਸ਼ ਦੇ ਵੱਖ-ਵੱਖ ਹਿਸਿਆਂ ਵਿਚ ਜਾ ਕੇ ਬਾਣੀ ਉਚਾਰਦੇ ਗਾਉਂਦੇ ਅਤੇ ਵਿਚਾਰ ਵਟਾਂਦਰਾ ਕਰਦੇ ਹੋਣਗੇ ਤਾਂ ਉਹਨਾਂ ਦੀ ਬਾਣੀ ਅਤੇ ਬੋਲਾਂ ਦਾ ਅਸਰ ਕਿੱਥੋਂ ਕਿੱਥੋਂ ਤੱਕ ਹੁੰਦਾ ਹੋਵੇਗਾ ? ਮਰਾਠੇ ਬੱਚਿਆਂ ਦਾ ਕੀਰਤਨ ਇਸ ਗੱਲ ਦਾ ਸਬੂਤ ਸੀ ਕਿ ਜੇ ਆਪਣੇ ਵਿਰਸੇ, ਧਰਮ ਅਤੇ ਮਾਨਸ ਦੀ ਜਾਤ ਸਭ ਇਕੋ ਪਹਿਚਾਨਣ ਦੀ ਗੱਲ ਕੀਤੀ ਜਾਵੇ, ਗੱਲ ਹੀ ਨਹੀਂ, ਅਮਲ ਵਿਚ ਵੀ ਇਹ ਗੱਲ ਆਵੇ ਤਾਂ ਕੋਈ ਬੇਗਾਨਾ ਨਹੀਂ। ਆਖਰ ਗੁਰੂ ਨਾਨਕ ਜੀ ਨੇ ਸੰਵਾਦ ਦੀ ਸ਼ਕਤੀ, ਸ਼ਬਦ ਦੇ ਪ੍ਰਤਾਪ ਅਤੇ ਸੁਰ ਦੇ ਜਾਦੂ ਨਾਲ ਉਹਨਾਂ ਲੋਕਾਂ ਨੂੰ ਵੀ ਕੀਲ ਲਿਆ ਜਿਨ੍ਹਾਂ ਨੂੰ ਰਾਕਸ਼, ਜਾਦੂਗਰ ਅਤੇ ਠੱਗ ਆਦਿਕ ਉਪਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਤੱਕ ਦੇ ਵੇਲੇ ਤੱਕ ਹਿੰਦੁਸਤਾਨ ਭਰ ਵਿਚ ਫੈਲੇ ਗੁਰੂ ਜੀ ਦੇ ਪੈਰੋਕਾਰ ਸਿੱਖ ਆਖਰ ਕਿਥੇ ਮਨਫੀ ਹੋ ਗਏ ਅਤੇ ਕੇਵਲ ਪੰਜਾਬ ਵਿਚ ਹੀ ਇਹ ਸੁੰਗੜ ਗਏ। ਸਾਡੀ ਪਹੁੰਚ ਦਾ ਹੀ ਇਹ ਸਿੱਟਾ ਹੈ। ਇਕ ਫਿਕਰਮੰਦੀ ਨਾਲ ਸੋਚਣ ਦਾ ਵਿਸ਼ਾ ਹੈ। ਭੈਣੀ ਸਾਹਿਬ ਦੀਵਾਨ ਲਾਉਣ ਵਾਲੇ ਬੱਚਿਆਂ ਦੀ ਤਸਵੀਰ ਵੀ ਖਾਸ ਤੌਰ ਤੇ ਫੋਟੋਗਰਾਫਰ ਨੂੰ ਕਹਿ ਕੇ ਖਿਚਾਈ ਪਰ ਉਸ ਫੋਟੋ ਨੂੰ ਉਡੀਕਦਿਆਂ ਇਹ ਲੇਖ ਏਨਾ ਲੇਟ ਹੋਇਆ। ਇਹ ਵੀ ਪਹੁੰਚ ਦਾ ਫ਼ਰਕ ਹੈ।

ਇਹ ਜਥਾ, ਜਿਸ ਵਿਚ ਬਜ਼ੁਰਗ ਜਵਾਨ ਬੱਚੇ ਔਰਤਾਂ ਮਰਦ ਸ਼ਾਮਲ ਸਨ, ਪੰਜਾਬ ਦੇ ਵੱਖ-ਵੱਖ ਥਾਵਾਂ ਦੀ ਸੈਰ ਕਰ ਕੇ ਸ੍ਰੀ ਭੈਣੀ ਸਾਹਿਬ ਆਇਆ ਸੀ। ਉਹਨਾਂ ਨੇ ਗੱਲਬਾਤ ਵਿਚ ਦੱਸਿਆ—

"ਸਾਤ ਅਕਤੂਬਰ ਕੋ ਚਲੇ ਘਰ ਸੇ। ਅਮ੍ਰਿਤਸਰ ਸਵਰਨ ਮੰਦਰ ਦੇਖਾ, ਰੁੱਕੇ ਨਾਮਧਾਰੀ ਸ਼ਹੀਦੀ ਸਮਾਰਕ ਮੇਂ। ਜਲਿਆਂ ਵਾਲਾ ਬਾਗ ਦੇਖਾ, ਵਾਘਾ ਬਾਰਡਰ ਦੋ ਬਾਰ ਦੇਖਾ, ਗੁਰੂ ਰਾਮਦਾਸ ਜੀ ਕਾ ਪ੍ਰਕਾਸ਼ ਉਤਸਵ ਦਰਬਾਰ ਸਾਹਿਬ ਮੇਂ ਦੇਖਾ, ਆਤਸ਼ਬਾਜ਼ੀ ਦੇਖੀ, ੧੦ ਅਕਤੂਬਰ ੨੦੦੫ ਕੋ ਲੁਧਿਆਣਾ, ਭਾਖੜਾ ਡੈਮ, ਅਨੰਦਪੁਰ ਸਾਹਿਬ ਦਰਸ਼ਨ ਕੀਏ। ਰਾਤ ਕੀਰਤਪੁਰ ਸਾਹਿਬ ਮੇਂ ਰਹੇ। ਬਉਲੀ ਸਾਹਿਬ ਕਾ ਇਸ਼ਨਾਨ ਕੀਆ। ਗਿਆਰਾ ਤਾਰੀਖ ਸ਼ਾਮ ਕੋ ਸ੍ਰੀ ਭੈਣੀ ਸਾਹਿਬ ਮੇਲੇ ਮੇਂ ਪਹੁੰਚ ਗਏ। ਸਤਿਗੁਰੂ ਜੀ ਕਾ ਦਰਸ਼ਨ ਕੀਆ। ਉਨ ਕੇ, ਦਰਸ਼ਨ ਮੇ ਸਤਿਗੁਰੂ ਨਾਨਕ ਕੇ ਦਰਸ਼ਨ ਹੁਏ। ਹਮ ਧੰਨ-ਧੰਨ ਹੋ ਗਏ। ਯਹਾਂ ਸੇਵਾ ਬਹੁਤ ਕਰਤੇ ਹੈਂ। ਚੌਬੀਸ ਘੰਟੇ ਕਰਤੇ ਹੈਂ। ਲੰਗਰ ਪਾਣੀ ਨਹਾਣਾ ਸਭ ਕੁਝ ਬਹੁਤ ਹੈ।"

ਛੋਟੇ-ਛੋਟੇ ਇਹ ਭਗਤ, ਬਾਬਾ ਨਾਮਦੇਵ ਦੀ ਧਰਤੀ ਤੋਂ ਆਏ ਬਹੁਤ ਸਹਿਜ ਲੱਗ ਰਹੇ ਸਨ। ਸ. ਹਰਭਜਨ ਸਿੰਘ ਹੋਰਾਂ ਦੀ ਕੋਠੀ ਦੇ ਕਮਰਿਆਂ ਵਿਚ ਇਹਨਾਂ ਦਾ ਡੇਰਾ ਸੀ। ਸ੍ਰੀ ਭੈਣੀ ਸਾਹਿਬ ਦੇ ਜੱਪ ਪ੍ਰਯੋਗ ਦੀ ਸਮਾਪਤੀ ਦਾ ਅਰਦਾਸਾ ਹੋ ਚੁੱਕਾ ਸੀ ਅਤੇ ਏਸ ਜੱਥੇ ਨੂੰ ਮਾਲੇਰਕੋਟਲਾ ਸ਼ਹੀਦੀ ਸਮਾਰਕ ਦੀ ਯਾਤਰਾ ਕਰਾਉਣ ਲਈ ਬੱਸ ਤਿਆਰ ਖੜ੍ਹੀ ਸੀ।

ਅਸਾਂ ਕੁਝ ਗੱਲਾਂ ਬਾਤਾਂ ਕੀਤੀਆਂ। ਇਹ ਜੱਥਾ ਬਹੁਤ ਪਰਸੰਨ ਸੀ, ਕਹਿਣ ਲਗੇ ਨਾਮ ਸਿਮਰਨ, ਭਗਤੀ ਮਹਾਰਾਸ਼ਟਰ ਅਤੇ ਪੰਜਾਬ ਵਿਚ ਇਕ ਤਰ੍ਹਾਂ ਹੀ ਹੈ। ਸ਼ਿਵ ਜੀ ਦੇ ੧੨ ਜਿਉਤੀ ਲਿੰਗਾਂ ਵਿਚੋਂ ੫ ਮਹਾਰਾਸ਼ਟਰ ਵਿਚ ਹਨ ਅਤੇ ਲੱਖਾਂ ਲੋਕ ਇਹਨਾਂ ਦੇ ਦਰਸ਼ਨਾਂ ਨੂੰ ਜਾਂਦੇ ਹਨ। ਪੰਜਾਬ ਵਿਚ ਨਾਮਧਾਰੀ ਪੰਥ ਹੈ ਜੋ ਵਾਹਿਗੁਰੂ ਦਾ ਸਿਮਰਨ ਕਰਦਾ ਹੈ। ਮਹਾਰਾਸ਼ਟਰ ਵਿਚ ਨਾਮਧਾਰਕ ਪੰਥ ਹੈ ਜੋ ਰਾਮ ਕ੍ਰਿਸ਼ਨ ਹਰੀ ਦਾ ਸਿਮਰਨ ਕਰਦਾ ਹੈ।

ਇਹ ਕੋਈ ੩੨ ਸਰੀਰਾਂ ਦਾ ਜੱਥਾ ਸੀ। ਇਹਨਾਂ 'ਚੋਂ ਤੁਕਾ ਦਾਸ ਕਾਟੇ ਗੁਰੂ ਜੀ ਢੋਲਕ ਅਤੇ ਹਾਰਮੋਨੀਅਮ ਦੇ ਮਾਹਰ ਹਨ। ਉਤਮ ਰੰਗ ਨਾਥ ਸਿਰਸ਼ਠ ੫੦ ਸਾਲ ਦੇ। ੧੫ ਕੁ ਨੌਜਵਾਨ ਲੜਕੇ, ੮ ਲੜਕੀਆਂ ਅਤੇ ੯ ਬਾਈ ਲੋਕ (ਬੀਬੀਆਂ) ਸਨ। ਸ. ਹਰਭਜਨ ਸਿੰਘ ਦੇ ਨਾਮਧਾਰੀ ਫਾਰਮ ਔਰੰਗਾਬਾਦ ਦੇ ਆਲੇ ਦੁਆਲੇ ਇਹ ਰਹਿੰਦੇ ਹਨ। ਫਾਰਮ ਵਿਚ ਨਿਤਨੇਮ ਨਾਮ ਸਿਮਰਨ ਵਿਚ ਇਕੱਠੇ ਹੁੰਦੇ ਹਨ। ਕੀਰਤਨ ਕਰਦੇ ਹਨ ਸਿਖਦੇ ਹਨ। ਇਹਨਾਂ ਦੇ ਨਾਮ ਮਰਾਠਿਆਂ ਵਾਲੇ ਦੀਪਕ ਸੁਭਾਸ਼ ਕਾੜੇ, ਬਦਰੀ ਨਾਥ ਕੁੰਡੀ ਰਾਮ ਸੁਗਾਸ਼ੇ, ਸ਼ਿੰਦੇ, ਕਾਵੜੇ, ਸਿਰਸਠ, ਤਾੜੇ, ਕਾਉਖਰ, ਸੁਰਾਸੇ, ਕਵੜੇ ਆਦਿ ਗੋਤ ਇਹਨਾਂ ਦੇ ਨਾਲ ਲਗੇ ਹਨ।

ਸ. ਹਰਭਜਨ ਸਿੰਘ ਜੀ ਚੁੱਪ ਚੁਪੀਤੇ ਸਹਿਜ ਰੂਪ ਵਿਚ ਆਪਣੀ ਆਸਥਾ ਆਪਣੇ ਅਮਲ ਅਤੇ ਆਚਰਣ ਰਾਹੀਂ ਹੀ ਆਪਣੇ ਸਤਿਗੁਰੂ ਅਤੇ ਪੰਥ ਦੀ ਖੁਸ਼ਬੋ ਬਿਖੇਰ ਰਹੇ ਹਨ। ਮਹਾਂਰਾਸ਼ਟਰ ਵਿਚ ਬਹੁਤ ਲੋਕ ਆਪ ਦੀ ਕੋਸ਼ਿਸ਼ ਸਦਕਾ ਗੁਰੂ ਘਰ ਨਾਲ ਜੁੜ ਕੇ ਲੋਕ ਪ੍ਰਲੋਕ ਦੇ ਸੁਖ ਦੇ ਭਾਗੀ ਬਣ ਰਹੇ ਹਨ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54, Library Road, Azad Market, Delhi-110006

Mobile Phone : *S. Charanjit Singh 9810556398*
*S. Satvinder Singh 9811095210*



Namdhari Elibrary NamdhariElibrary@gmail.com

# ਇਕ ਖਤ ਸੁਖ਼ਬੀਰ ਹੋਰਾਂ ਦਾ

ਮੁੰਬਈ
੫-੦੫-੦੫

ਪਿਆਰੇ ਵਰਿਆਮ ਜੀ

ਬਹੁਤ ਸਾਲ ਪਹਿਲਾਂ ਤੁਸੀਂ ਏਥੇ ਘਰ ਆਏ ਸੀ ਤਾਂ ਬੜਾ ਚੰਗਾ ਲੱਗਾ ਸੀ। ਲੰਮੀਆਂ ਗੱਲਾਂ ਵੀ ਹੋਈਆਂ ਸਨ।

ਹੁਣ ਏਨੇ ਸਾਲਾਂ ਬਾਅਦ "ਖਿੱਲਰੇ ਪੱਤਰੇ" ਰਾਹੀਂ ਤੁਸੀਂ ਫੇਰ ਏਥੇ ਆਏ ਹੋ, ਤਾਂ ਖੁਸ਼ੀ ਹੋਣੀ ਸੁਭਾਵਿਕ ਸੀ। ਖਾਸ ਖੁਸ਼ੀ ਇਸ ਲਈ ਹੋਈ ਹੈ ਕਿ ਲੰਮੇ ਅਰਸੇ ਬਾਅਦ ਤੁਸੀਂ ਕਿਤਾਬ ਛਪਵਾਈ ਹੈ। ਬਹੁਤੇ ਲੇਖਕ ਤਾਂ ਲਿਖਣਾ ਸਿੱਖਣ ਤੋਂ ਪਹਿਲਾਂ ਹੀ ਕਿਤਾਬ ਛਪਵਾ ਲੈਂਦੇ ਹਨ, ਉਨ੍ਹਾਂ 'ਤੇ ਗੋਸ਼ਟੀਆਂ ਕਰਾਉਂਦੇ, ਮਹਿਫਲਾਂ ਲਾਉਂਦੇ ਤੇ ਇਨਾਮ-ਸਨਮਾਨ ਪ੍ਰਾਪਤ ਕਰਨ ਲਈ ਨੱਸ-ਭੱਜ ਵਿਚ ਰੁੱਝ ਜਾਂਦੇ ਹਨ। ਉਹਨਾਂ ਦੇ ਉਲਟ, ਤੁਸੀਂ ਬੜੇ ਸਬਰ-ਸੰਤੋਖ ਨਾਲ ਕੰਮ ਲਿਆ ਹੈ, ਜਿਸ ਦੀ ਮੇਰੇ ਦਿਲ ਵਿਚ ਕਦਰ ਹੈ।

ਤੁਹਾਡੀ ਦਰਵੇਸ਼ਾਂ ਵਾਲੀ ਸ਼ਕਲ ਵੇਖ ਕੇ ਵੀ ਚੰਗਾ ਲੱਗਾ ਹੈ, ਜੋ ਪਹਿਲਾਂ ਵਰਗੀ ਹੀ ਲਗਦੀ ਹੈ! ਦਾੜ੍ਹੀ ਚਿੱਟੀ ਹੋਣ ਨਾਲ ਬੁਢਾਪੇ ਦੀ ਥਾਂ ਬਜ਼ੁਰਗੀ ਦਾ ਅਹਿਸਾਸ ਹੁੰਦਾ ਹੈ। ਇਹ ਬਜ਼ੁਰਗੀ ਮੁਬਾਰਕ ਹੋਵੇ! ਵਰਿਆਮ ਲਗਾਤਾਰ ਭੇਜ ਰਹੇ ਹੋ। ਉਸ ਨਾਲ ਹਰ ਵਾਰ ਤੁਹਾਡੀ ਯਾਦ ਤਾਜ਼ਾ ਹੋ ਜਾਂਦੀ ਹੈ। ਮੁੰਬਈ ਵਰਗੇ ਮਹਾਂਨਗਰ ਵਿਚ ਚੀਜ਼ਾਂ ਦੀ ਚਕਾਚੌਂਧ ਤਾਂ ਬਹੁਤ ਹੈ, ਤਾਜ਼ਗੀ ਬਹੁਤ ਘੱਟ ਹੈ। ਖਾਸ ਕਰ ਅੰਨ੍ਹੀ ਨੱਸ ਭੱਜ ਵਿਚ ਫਾਥੇ ਆਮ ਆਦਮੀ ਵਿੱਚ ਤਾਂ ਤਾਜ਼ਗੀ ਨਾਂ-ਮਾਤਰ ਹੀ ਨਜ਼ਰ ਆਉਂਦੀ ਹੈ। ਤਾਜ਼ਗੀ ਦੀ ਥਾਂ ਉਸ ਦੇ ਬਾਹਰ ਵੀ ਤੇ ਅੰਦਰ ਵੀ (ਤਨ-ਮਨ ਵਿਚ) ਤਨਾਅ ਵੇਖਿਆ ਜਾ ਸਕਦਾ ਹੈ। ਉਂਝ ਤਾਂ ਛੋਟੇ ਵੱਡੇ ਸ਼ਹਿਰਾਂ ਵਿਚ ਵੀ ਆਦਮੀ ਇਸ ਤਨਾਅ ਅਤੇ ਨੱਸ-ਭੱਜ ਦਾ ਸ਼ਿਕਾਰ ਹੈ। ਇਹ ਸ਼ਹਿਰ ਫੈਲ ਰਹੇ ਹਨ, ਵੱਡੇ ਬਣ ਰਹੇ ਹਨ ਪਰ ਉਹਨਾਂ ਵਿਚ ਆਦਮੀ ਸੁੰਗੜ ਰਿਹਾ ਹੈ ਬੌਣਾ ਬਣ ਰਿਹਾ ਹੈ ਤੇ ਬੇਚਾਰਗੀ (alienation) ਦਾ ਸ਼ਿਕਾਰ ਹੈ ਇਸ ਦਾ ਜ਼ਿਕਰ ਮੇਰੇ ਨਾਵਲਾਂ-ਕਹਾਣੀਆਂ ਤੇ ਕਵਿਤਾਵਾਂ ਵਿਚ ਵੀ ਵੇਖਿਆ ਜਾ ਸਕਦਾ ਹੈ। ਆਦਮੀ ਦੀ ਇਸ ਅਧੋਗਤੀ ਦਾ ਕੀ ਕੋਈ ਹੱਲ ਹੈ ? ਸਮਾਜ ਨੇ, ਧਰਮਾਂ ਨੇ, ਰਾਜਨੀਤੀ ਨੇ ਇਸ ਅਧੋਗਤੀ ਨੂੰ ਵਧਾਇਆ ਹੀ ਹੈ, ਤਾਂ ਜੋ ਲੋਕ ਉਹਨਾਂ ਦੇ ਜਾਲ ਚੋਂ ਨਿਕਲ ਨਾ ਸਕਣ। ਤੇ ਆਦਮੀ ਨਿੱਤ ਦਿਨ ਦੀ ਜ਼ਿੰਦਗੀ ਦੇ ਖਲਜਗਣ ਵਿਚ ਫਸਿਆ ਇਸ ਬਾਰੇ ਸਚੇਤ ਨਹੀਂ ਹੈ। ਉਹ ਵਿਕਾਰਾਂ ਨਾਲ ਭਰਿਆ, ਕੂੜ ਪਸਾਰੇ ਵਿਚ ਜਿਉ ਰਿਹਾ ਹੈ। ਇਹ ਨਿਗੂਣੀ ਨਤਾਣੀ ਵਿਕਾਰ ਗ੍ਰਸਤ ਹੋਂਦ ਕੀ ਪਸ਼ੂਆਂ-ਪੰਛੀਆਂ ਵਿਚ ਵੀ ਵੇਖੀ ਜਾ ਸਕਦੀ ਹੈ ? ਨਹੀਂ, ਆਦਮੀ ਤਾਂ ਉਹਨਾਂ ਤੋਂ ਬਹੁਤ ਉਪਰ ਹੈ, ਤੇ ਰੱਬ ਤੋਂ ਕੁਝ ਥੱਲੇ ਜੋ ਉਸ ਦਾ ਆਦਰਸ਼ਿਆਇਆ ਹੋਇਆ ਰੂਪ ਹੈ। ਉਹ ਸੱਤਵੇਂ ਅਸਮਾਨ ਵਿਚ ਵੀ ਹੈ ਤੇ ਇਸ ਧਰਤੀ 'ਤੇ ਵੀ। ਉਸ ਨੂੰ ਪਾਉਣਾ ਖੁਦ ਉਸ ਵਰਗਾ ਬਣਨਾ ਹੈ। ਸੰਸਾਰ ਦੇ ਕੁਝ ਗਿਣਤੀ ਦੇ ਮਹਾਂ ਪੁਰਖਾਂ ਨੇ ਇਹ ਕਰ ਕੇ ਵਿਖਾਇਆ ਹੈ, ਜੋ ਸ਼ੁਰੂ ਵਿਚ ਆਮ ਆਦਮੀਆਂ ਵਰਗੇ ਹੀ ਸਨ। ਉਹਨਾਂ ਵਰਗੇ ਬਨਣ ਲਈ ਆਦਮੀ ਨੂੰ ਆਪਣੇ ਅਸਤਿਤਵ ਨੂੰ ਪਛਾਨਣ ਤੇ ਉਜਾਗਰ ਕਰਨ ਦੀ ਲੋੜ ਹੈ। ਤਦ ਉਹ ਨਿਤਸ਼ੇ ਦੇ ਕਹਿਣ ਅਨੁਸਾਰ, "ਸੁਪਰ ਮੈਨ" (Superman) ਬਣ ਸਕਦਾ ਹੈ – ਅਗਿਆਨ ਦਾ ਸ਼ਿਕਾਰ ਹੋਣ ਤੇ ਗਲਤ ਧਾਰਨਾਵਾਂ ਤੇ ਅੰਧ–ਵਿਸਵਾਸਾਂ ਵਿਚ ਫਸੀ ਗ੍ਰਸੀ ਹੋਂਦ ਤੋਂ ਉਤਾਂਹ ਉਠ ਕੇ ਤੇ ਆਪਣੀ ਖੁਦੀ ਬੁਲੰਦ ਕਰ ਕੇ। ਤਦ ਇਕਬਾਲ ਦੇ ਕਹਿਣ ਅਨੁਸਾਰ– ਖੁਦਾ ਬੰਦੇ ਨੂੰ ਖੁਦ ਪੁਛੇਗਾ ਕਿ ਉਸ ਦੀ ਰਜ਼ਾ ਕੀ ਹੈ ? ਆਦਮੀ ਨੂੰ ਖੁਦ ਰੱਬ ਬਣ ਕੇ ਅਸਮਾਨ ਵੱਲ ਝਾਕਣ ਤੇ ਮੰਨਣ ਦੀ ਲੋੜ ਨਹੀਂ ਹੈ। ਹਾਂ–ਉਹ ਜ਼ੁਲਮ ਜਬਰ ਦਾ ਸ਼ਿਕਾਰ ਬਣੇ ਲੋਕਾਂ ਨੂੰ ਗੁਰੂ ਨਾਨਕ ਵਾਂਗ ਇਹ ਜ਼ਰੂਰ ਕਹਿ ਸਕਦਾ ਹੈ– 'ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨਾ ਆਇਆ'। ਇਹ ਰੱਬ ਤੋਂ ਉਪਰ ਉਠਣ ਵਾਲੀ ਗੱਲ ਹੈ ਤੇ ਇਹ ਆਦਮੀ ਦੀ ਅਸਲੀ ਹੋਂਦ ਹੈ ਜੋ ਪੂਰੀ ਤਰ੍ਹਾਂ– ਸੁਚੇਤ ਹੋ ਕੇ ਸਿਰਜਣੀ ਪੈਂਦੀ ਹੈ। ਆਦਮੀ ਆਖਰਕਾਰ ਸਿਰਜਕ ਹੈ–ਹੋਰ ਬਹੁਤ ਕੁਝ ਤੋਂ ਛੁੱਟ ਖੁੱਦ ਆਪਣੀ ਹੋਂਦ ਦਾ ਵੀ ਸਿਰਜਕ। ਸਿਰਜਕ ਬਣਨਾ ਉਸ ਦੀ ਹੋਣੀ ਹੈ। ਇਹ ਹੋਣੀ ਆਪਣੇ ਹੱਥ ਵਿਚ ਲੈਣ ਦੀ ਥਾਂ ਇਸ ਦਾ ਸ਼ਿਕਾਰ ਬਣ ਕੇ ਭਟਕਣਾ ਆਦਮੀ ਦੀ ਜੂਨ ਨਹੀਂ ਹੈ।...

ਤੁਹਾਡੀ ਕਿਤਾਬ ਦੇ ਬਹਾਨੇ ਤੁਹਾਨੂੰ ਯਾਦ ਕਰਦਿਆਂ ਇਹ ਖਤ ਲਿਖਿਆ ਗਿਆ ਹੈ, ਜਿਸ ਲਈ ਧੰਨਵਾਦੀ ਹਾਂ। ਕਿਤਾਬ ਭੇਜਣ ਲਈ ਤਾਂ ਧੰਨਵਾਦੀ ਹਾਂ ਹੀ!

ਸ਼ੁਭ ਇਛਾਵਾਂ ਨਾਲ

ਤੁਹਾਡਾ
ਸੁਖਬੀਰ



Namdhari Elibrary NamdhariElibrary@gmail.com

# ਇੱਥੇ ਸਭ ਕੁਝ ਸੰਯੁਕਤ ਹੈ

—ਮਹਿਮਾ ਸਿੰਘ ਤੂਰ

ਕਿਸੇ ਦੂਸਰੇ ਨੂੰ ਆਪਣੇ ਥਾਂ ਰੱਖ ਕੇ ਜਦ ਮੈਂ ਦੇਖਦਾ ਹਾਂ ਤਾਂ ਇਸ ਗੱਲ ਦੀ ਸਮਝ ਆਉਂਦੀ ਹੈ ਕਿ ਸ੍ਰਿਸ਼ਟੀ ਦੇ ਸਭ ਤੱਤ ਇਕ ਦੂਜੇ ਨਾਲ ਸਬੰਧਿਤ ਹਨ ਤੇ ਇਕੱਲਾ ਇਕੱਲਾ ਦਿਸਣ ਦੇ ਬਾਵਜੂਦ ਹਰ ਵਿਅਕਤੀ ਵੀ ਇਕ ਦੂਜੇ ਨਾਲ ਸਬੰਧਿਤ ਹੈ ਤੇ ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਤੱਤਾਂ ਦੇ ਆਪਸ ਵਿਚ ਜੁੜਨ ਤੇ ਨਿਖੜਨ ਦੇ ਬਾਵਜੂਦ ਇਥੇ ਸਭ ਕੁਝ ਸੰਯੁਕਤ ਹੈ.....। ਹਾਂ.... ਸਯੁਕਤ ਹੋਣ ਦੇ ਬਾਵਜੂਦ ਹਰ ਪ੍ਰਤਿਭਾ ਹਰ ਸੂਝ ਸੁਤੰਤਰ ਵੀ ਹੈ ਅਤੇ ਇਸੇ ਸੁਤੰਤਰਤਾ ਲਈ ਥਾਂ-ਥਾਂ ਸੰਘਰਸ਼ ਵੀ ਹੁੰਦਾ ਰਹਿੰਦਾ ਹੈ...।

ਕਿਉਂਕਿ ਬ੍ਰਹਿਮੰਡ ਵਿਚ ਚੀਜ਼ਾਂ ਦੀ ਦੂਰੀ ਵਿਸ਼ਾਲ ਹੈ ਇਸ ਲਈ ਇਹ ਸਮਝਣ ਵਿਚ ਕੁਝ ਦਿੱਕਤ ਆਉਂਦੀ ਹੈ ਕਿ ਸਭ ਕੁਝ ਸੰਯੁਕਤ ਕਿਵੇਂ ਹੈ?

ਕਿਸੇ ਦੂਸਰੇ ਨਾਲ ਹੱਥ ਵਿਚ ਹੱਥ ਪਾ ਕੇ ਚੱਲਣਾ ਕਿੰਨਾ ਚੰਗਾ ਲਗਦਾ ਹੈ.... ਇਸ ਤਰ੍ਹਾਂ ਹੀ ਜਿਵੇਂ ਸੁਬਹ ਸੂਰਜ ਉੱਗਦਾ ਹੈ... ਪੰਛੀ ਗੀਤ ਗਾਉਣਾ ਸ਼ੁਰੂ ਕਰਦੇ ਹਨ... ਫੁੱਲ ਖਿੜਦੇ ਹਨ ਆਪਣੀ ਸੁਗੰਧੀ ਬਿਖੇਰਨ ਲਈ ਉਸ ਸਮੇਂ ਇੰਜ ਜਾਪਦਾ ਹੈ ਜਿਵੇਂ ਫੁੱਲ ਵੀ ਹੱਥ ਵਿਚ ਹੱਥ ਪਾ ਕੇ ਖਿੜ ਰਹੇ ਹੋਣ....। ਇਥੇ ਹਰ ਕੋਈ ਇਕ ਦੂਜੇ ਦੇ ਨਾਲ ਵੀ ਹੈ ਅਤੇ ਦੂਰ ਵੀ ਹੈ, ਜਿਵੇਂ ਸੂਰਜ ਦਾ ਨਿਕਲਣਾ ਅਤੇ ਫੁੱਲ ਦਾ ਖਿੜਨਾ ਸਬੰਧਿਤ ਵੀ ਹੈ ਅਤੇ ਵਿਚਕਾਰ ਬਹੁਤ ਦੂਰੀ ਵੀ ਹੈ। ਹਾਂ... ਇਸ ਦੂਰੀ ਦੇ ਬਾਵਜੂਦ ਸੂਰਜ ਨਹੀਂ ਨਿਕਲੇਗਾ ਤਾਂ ਫੁੱਲ ਵੀ ਨਹੀਂ ਖਿੜੇਗਾ.. ਇਹ ਗੱਲ ਇਹ ਸਾਬਤ ਕਰਨ ਲਈ ਕਾਫੀ ਹੈ ਕਿ ਇਥੇ ਸਭ ਕੁਝ ਸੰਯੁਕਤ ਹੈ।

ਇਸੇ ਤਰ੍ਹਾਂ ਪੂਰਨਮਾਸ਼ੀ ਦੀ ਰਾਤ ਨੂੰ ਚੰਦਰਮਾ ਅਤੇ ਸਮੁੰਦਰ ਜਿਵੇਂ ਇਕ ਦੂਜੇ ਨਾਲ ਹੱਥ ਵਿਚ ਹੱਥ ਪਾ ਕੇ ਪ੍ਰਭਾਵਤ ਹੁੰਦੇ ਹਨ ਅਤੇ ਹੋਰ ਜੀਵਾਂ ਨੂੰ ਵੀ ਪ੍ਰਭਾਵਿਤ ਕਰਦੇ ਹਨ...। ਧਰਤੀ ਵਾਂਗ ਹੀ ਹਰ ਜੀਵ ਦੇ ਅੰਦਰ ਵੀ ਸੱਤਰ-ਅੱਸੀ ਪ੍ਰਤੀਸ਼ਤ ਜਲ ਹੈ ਅਤੇ ਸਮੁੰਦਰ ਰੂਪੀ ਜਲ ਵਾਂਗ ਹੀ ਉਹ ਜਲ ਵੀ ਚੰਦਰਮਾ ਤੋਂ ਪ੍ਰਭਾਵਿਤ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਜਨਮ ਪੂਰਨਮਾਸ਼ੀ ਦੀ ਰਾਤ ਨੂੰ ਹੋਇਆ। ਇੰਜ ਹੀ ਮਹਾਤਮਾ ਬੁੱਧ ਦਾ ਜਨਮ ਵੀ ਪੂਰਨਮਾਸ਼ੀ ਦੀ ਰਾਤ ਨੂੰ ਹੋਇਆ ਅਤੇ ਉਨ੍ਹਾਂ ਨੂੰ ਬੁੱਧਤਵ ਵੀ ਪੂਰਨਮਾਸ਼ੀ ਦੀ ਰਾਤ ਨੂੰ ਪ੍ਰਾਪਤ ਹੋਇਆ ਤੇ ਉਨ੍ਹਾਂ ਦੀ ਮ੍ਰਿਤੂ ਵੀ ਪੂਰਨਮਾਸ਼ੀ ਦੀ ਰਾਤ ਨੂੰ ਹੋਈ।

ਹੁਣ ਮਨੋਵਿਗਿਆਨੀ ਖੋਜ ਕਰ ਰਹੇ ਹਨ ਕਿ ਪੂਰਨਮਾਸ਼ੀ ਦੀ ਰਾਤ ਇਨਸਾਨਾਂ ਨੂੰ ਕਿਉਂ ਐਨਾ ਪ੍ਰਭਾਵਤ ਕਰਦੀ ਹੈ। ਪੂਰਨਮਾਸ਼ੀ ਦੀ ਰਾਤ ਨੂੰ ਕਵੀ ਹੋਰ ਕਵੀ ਹੋ ਜਾਂਦੇ ਹਨ ਤੇ ਪਾਗਲ ਹੋਰ ਪਾਗਲ ਹੋ ਜਾਂਦੇ ਹਨ। ਇਸ ਦਾ ਮਤਲਬ ਇਹੋ ਹੈ ਕਿ ਮਨੋਭਾਵਾਂ ਤੇ ਸਭ ਦੇ ਪ੍ਰਭਾਵ ਪੈਂਦਾ ਹੈ। ਸੋ ਇਥੇ ਸਭ ਕੁਝ ਸੰਯੁਕਤ ਹੈ।

ਖੁਦ ਮੈਂ ਆਪ ਹਰ ਚਾਂਦਨੀ ਰਾਤ ਨੂੰ ਟੱਪੇ ਗਾਉਂਦਾ ਹਾਂ, ਲੋਕ-ਗੀਤ ਗਾਉਂਦਾ ਹਾਂ ਅਤੇ ਇਹ ਵੀ ਇਕ ਖਾਸ ਗੱਲ ਹੈ ਕਿ ਮੇਰਾ ਜਨਮ ਵੀ ਰੱਖੜ-ਪੁੰਨਿਆ ਨੂੰ ਹੋਇਆ ਸੀ...। ਜਾਣੀ ਰੱਖੜੀ ਦਾ ਤਿਉਹਾਰ ਪੂਰਨਮਾਸ਼ੀ ਨੂੰ ਆਉਂਦਾ ਹੈ ਉਹ ਮੇਰਾ ਜਨਮ ਦਿਨ ਹੈ, ਇਹ ਮੇਰੀ ਮਾਂ ਦਾ ਕਥਨ ਹੈ...। ਅਤੇ ਮੈਂ ਇਕ ਕਵੀ ਹਾਂ... ਗੁਰੂ ਨਾਨਕ ਦਾ ਸਿੱਖ ਅਤੇ ਮਹਾਤਮਾ ਬੁੱਧ ਵਿਚ ਬਹੁਤ ਹੀ ਦਿਲਚਸਪੀ ਲੈਣ ਵਾਲਾ.....।

ਇਕ ਹੋਰ ਗੱਲ ਇਹ ਨਿਬੰਧ ਵੀ ਮੈਂ ਪੂਰਨਮਾਸ਼ੀ ਦੀ ਰਾਤ ਨੂੰ ਲਿਖ ਰਿਹਾ ਹਾਂ।

—ਹਲਵਾਰਾ, ਲੁਧਿਆਣਾ—141107



Namdhari Elibrary NamdhariElibrary@gmail.com

# ਜ਼ਰਾ ਲੜ ਕੇ ਤੇ ਵੇਖੋ !

*—ਅਮਰ ਭਾਰਤੀ (ਸਵ.)*

ਲੜਾਈ ਮੇਰਾ ਸ਼ੌਕ ਨਹੀਂ ਤੇ ਨਾ ਹੀ ਮੇਰਾ ਧੰਦਾ ਏ। ਤਾਂ ਵੀ ਮੈਂ ਵੇਖਿਆ ਕਿ ਜੇ ਕਦੇ ਕਦਾਈਂ ਲੜਿਆ ਨਾ ਜਾਵੇ ਤਾਂ ਜ਼ਿੰਦਗੀ ਬੇਸਵਾਦ ਜਿਹੀ ਲੱਗਣ ਲੱਗ ਪੈਂਦੀ ਏ। ਲੜਾਈ ਇਕ ਤਰ੍ਹਾਂ ਨਾਲ ਸਾਡੀ ਹਉਮੈ ਦਾ ਹੀ ਤਾਂ ਪ੍ਰਗਟਾਵਾ ਹੈ! ਜੇ ਆਦਮੀ ਹਰ ਵੇਲੇ ਆਪਣੇ ਆਪ ਨੂੰ ਨਾ-ਚੀਜ਼ ਹੀ ਸਮਝਦਾ ਰਹੇ ਤਾਂ ਤੇ ਫਿਰ ਕੋਈ ਚੀਜ਼ ਜਾਂ ਕੁਝ ਖ਼ਾਸ ਬਣਨ ਦੀ ਚਾਹ ਹੀ ਖ਼ਤਮ ਹੋ ਜਾਵੇ। ਅਤੇ ਇਹ ਚਾਹ ਖ਼ਤਮ ਹੋਈ ਕਿ ਦੁਨੀਆਂ ਦੀ ਸਾਰੀ ਤਰੱਕੀ ਰੁਕ ਗਈ। ਇਸ ਲਈ ਕਿਸੇ ਨਾ ਕਿਸੇ ਤਰ੍ਹਾਂ ਦੀ ਥੋੜ੍ਹੀ ਜਾਂ ਬਹੁਤੀ ਹਉਮੈ ਤਾਂ ਹੋਣੀ ਹੀ ਚਾਹੀਦੀ ਏ—ਤੇ ਹਉਮੈ ਦੇ ਪ੍ਰਗਟਾਵੇ ਦਾ ਰੂਪ ਹੀ ਲੜਾਈ ਹੈ।

ਫਿਰ ਜੇ ਇਹ ਲੜਾਈ ਰੱਬ ਨਾਲ ਜਾਂ ਸਤਿਗੁਰੂ ਨਾਲ ਕੀਤੀ ਜਾਵੇ ਤਦ ਤਾਂ ਇਸ ਦਾ ਸਵਾਦ ਹੀ ਕੁਝ ਵੱਖਰਾ ਹੁੰਦਾ ਏ।

ਇਹ ਗੱਲ ਵੀ ਨਹੀਂ ਕਿ ਸਤਿਗੁਰੂ ਕਦੇ ਲੜਦਾ ਹੀ ਨਹੀਂ, ਪਰ ਹਾਂ, ਇਹ ਜ਼ਰੂਰ ਏ ਕਿ ਉਹ ਘੱਟ ਲੜਦਾ ਏ। ਆਖ਼ਰ ਹੈ ਤਾਂ ਸਤਿਗੁਰੂ ਨਾਨਕ ਵਾਂਗ ਪੰਜ ਤੱਤ ਦਾ ਪੁਤਲਾ ਹੀ।

ਜੁਗ ਜਮਹੂਰੀਅਤ (ਡੈਮੋਕ੍ਰੇਸੀ) ਦਾ ਹੈ ਇਸ ਲਈ ਮੈਂ ਪਾਤਸ਼ਾਹੀਆਂ ਦੇ ਹੱਕ ਵਿਚ ਨਹੀਂ ਹਾਂ। ਇਹੋ ਕਾਰਨ ਏ ਕਿ ਪਾਤਸ਼ਾਹੀ ਸੱਚੀ ਹੋਵੇ ਜਾਂ ਝੂਠੀ, ਮੇਰਾ ਉਸ ਨੂੰ ਮੰਨਣ ਤੇ ਜੀਅ ਨਹੀਂ ਕਰਦਾ। ਸਤਿਗੁਰੂ ਜੀ ਨੂੰ ਵੀ ਮੈਂ 'ਸੱਚੇ ਪਾਤਸ਼ਾਹ' ਕਹਿਣ ਜਾਂ ਮੰਨਣੋਂ ਝਿਜਕਦਾ ਹਾਂ। ਹੋਰ ਬਥੇਰੇ ਲੋਕ ਨੇ ਜਿਹੜੇ ਬਿਨਾਂ ਝਿਜਕ ਸੱਚੇ ਪਾਤਸ਼ਾਹ ਆਖਦੇ ਵੀ ਨੇ ਤੇ ਮੰਨਦੇ ਵੀ ਨੇ, ਤੇ ਜੇ ਇਕ ਅੱਧ ਮੇਰੇ ਜਿਹਾ ਨਾ ਵੀ ਆਖੇ ਮੰਨੇ, ਤਾਂ ਫ਼ਰਕ ਕੀ ਪੈਂਦਾ ਏ ਉਹਨਾਂ ਨੂੰ।

ਅੱਜ ਕਲ ਬਰਾਬਰੀ ਦੀ ਸੋਚ ਨੇ ਮਨੁੱਖੀ ਮਨ ਨੂੰ ਮੱਲ ਲਿਆ ਏ। ਕੋਈ ਕਮਿਊਨਿਸਟ ਹੋਵੇ ਜਾਂ ਜਮਹੂਰੀਅਤ ਪਸੰਦ—ਗ਼ਰੀਬ ਨੂੰ ਹੁਣ ਨਾਪਸੰਦਗੀ ਨਾਲ ਹੀ ਵੇਖਿਆ ਜਾਂਦਾ ਏ। ਇਸ ਲਈ ਗ਼ਰੀਬੀ ਮਨ ਦੀ ਹੋਵੇ ਜਾਂ ਤਨ ਦੀ—ਉਹ ਮੈਨੂੰ ਪਸੰਦ ਨਹੀਂ। ਇਹ ਵੱਖਰੀ ਗੱਲ ਏ ਕਿ ਅਸੀਂ ਬਹੁਤ ਗ਼ਰੀਬ ਹਾਂ ਅਤੇ ਬਹੁਤ ਥੋੜ੍ਹੇ ਆਦਮੀ ਅਮੀਰ ਨੇ—ਪਰ ਇਹ ਤਾਂ ਮਜਬੂਰੀ ਕਾਰਨ ਏ ਲੜਾਈ ਗ਼ਰੀਬ ਅਮੀਰ ਦਾ ਫ਼ਰਕ ਹਟਾਉਣ ਲਈ ਲਗਾਤਾਰ ਚੱਲ ਰਹੀ ਏ। ਸੋ ਮੈਂ ਸਤਿਗੁਰੂ ਨੂੰ 'ਗ਼ਰੀਬ ਨਿਵਾਜ਼' ਵੀ ਨਹੀਂ ਮੰਨਦਾ।

ਅਤੇ ਅੰਤਰਜਾਮੀਂ ?

ਤੁਸੀਂ ਆਖੋ ਗੇ ਕਿ ਇਹ ਤਾਂ ਹਰ ਗੱਲੋਂ ਹੀ ਇਨਕਾਰੀ ਏ। ਉਂਝ ਸੱਚ ਪੁੱਛੋ ਤਾਂ ਅੰਤਰਜਾਮਤਾ ਤੋਂ ਇਨਕਾਰੀ ਹੋਣਾ ਤੇ ਅੱਜ ਕੱਲ ਹੋਰ ਵੀ ਸੌਖਾ ਏ। ਇਸ ਨਾਲ ਸਤਿਗੁਰੂ ਨੂੰ ਕੁਝ ਸਹੂਲਤ ਹੀ ਦੇਣ ਵਾਲੀ ਗੱਲ ਏ। ਬੇਸ਼ੱਕ ਸੋਚ ਕੇ ਵੇਖ ਲਓ।

ਉਂਜ ਤੁਸੀਂ ਹੀ ਦੱਸੋ ਕਿ ਜੇ 'ਅੰਤਰਜਾਮੀ' ਵੀ ਮੰਨੀ ਜਾਵਾਂ, 'ਗ਼ਰੀਬ ਨਿਵਾਜ਼' ਵੀ ਅਤੇ 'ਸੱਚਾ ਪਾਤਸ਼ਾਹ' ਵੀ—ਤਾਂ ਫਿਰ ਸਤਿਗੁਰੂ ਦਾ ਮੇਰੇ ਨਾਲ ਰਿਸ਼ਤਾ ਹੀ ਕੀ ਰਹਿ ਗਿਆ ? ਮਾਲਿਕ ਦਾ ਗ਼ੁਲਾਮ ਨਾਲ, ਅਮੀਰ ਦਾ ਗ਼ਰੀਬ ਨਾਲ ਤੇ ਮੇਰੇ ਅੰਦਰ ਦੀਆਂ ਜਾਨਣ ਵਾਲੇ ਦਾ ਮੇਰੇ ਆਪਣੇ ਬਾਰੇ ਆਪ ਕੁਝ ਵੀ ਨਾ ਜਾਨਣ ਵਾਲੇ ਨਾਲ ਉਹਦਾ ਕੀ ਰਿਸ਼ਤਾ ਹੋ ਸਕਦਾ ਏ ? ਜ਼ਾਹਰ ਹੈ ਕਿ ਅੰਦਰ ਦਾ ਕੋਈ ਰਿਸ਼ਤਾ ਨਹੀਂ ਹੋ ਸਕਦਾ। ਪਰ ਮੈਂ ਤੇ ਅੰਦਰ ਦੇ ਰਿਸ਼ਤੇ ਤੋਂ ਬਗ਼ੈਰ ਕਿਸੇ ਨਾਲ ਵੀ ਕੋਈ ਰਿਸ਼ਤਾ ਨਹੀਂ ਰੱਖ ਸਕਦਾ। ਗੱਲਾਂ ਬਹੁਤ ਨੇ ਇਸ ਰਿਸ਼ਤੇ ਦੀਆਂ, ਪਰ ਮੈਂ ਏਥੇ ਸਿਰਫ਼ ਇਕ ਹੀ ਬਿਆਨ ਕਰਾਂਗਾ—

ਇਕ ਦਿਨ ਭੈਣੀ ਸਾਹਿਬ ਵਿਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੁਣ ਰਿਹਾ ਸਾਂ ਕਿ ਧੁਰ ਅੰਦਰ ਨੂੰ ਛੂੰਹਦੀ ਇਕ ਧੁਣ ਗੂੰਜੀ। ਗਾ ਰਹੇ ਸਨ ਸਤਿਗੁਰੂ ਜਗਜੀਤ ਸਿੰਘ ਜੀ ਹੀ—

"ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ।
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ।
ਤਿਉ ਸਤਿਗੁਰੁ ਗੁਰ ਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ।
ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ।
ਧੰਨੁ ਧੰਨੁ ਗੁਰੂ ਗੁਰੁ ਸਤਿਗੁਰ ਪਾਧਾ
ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ॥੧॥ ਰਹਾਉ॥
ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ।
ਉਹ ਰਾਖੈ ਚੀਤੁ ਪੀਛੈ ਬਿਚਿ ਬਚਰੇ
ਨਿਤ ਹਿਰਦੈ ਸਾਰਿ ਸਮਾਲੀ
ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ
ਗੁਰ ਸਿਖ ਰਖੈ ਜੀਅ ਨਾਲੀ"

'ਗੱਲ ਹੋਈ ਨਾ ਰਿਸ਼ਤੇ ਦੀ!!' ਇਹਨਾਂ ਤੁਕਾਂ ਦੇ ਅੱਗੇ



Namdhari Elibrary NamdhariElibrary@gmail.com

ਪਿੱਛੇ ਕੀ ਏ ? ਮੈਨੂੰ ਇਹ ਧਿਆਨ ਨਹੀਂ ਰਿਹਾ–ਸਗੋਂ ਧਿਆਨ ਗਿਆ ਉਸ ਘਟਨਾ ਵੱਲ ਜਿਹੜੀ ਕੁਝ ਕੁ ਦਿਨ ਹੀ ਪਹਿਲਾਂ ਘਟੀ ਸੀ।

ਉਹਨਾਂ ਦਿਨਾਂ ਵਿਚ ਮੈਂ ਕੁੱਲੂ ਮਨਾਲੀ ਦੀ ਸੈਰ ਨੂੰ ਗਿਆ ਸਾਂ। ਘੁੰਮਦਾ ਘੁੰਮਾਂਦਾ ਵਾਪਸੀ ਵੇਲੇ ਇਕ ਦਿਨ ਅੰਦਰੇਟੇ ਵਿੱਚ ਸ੍ਰ. ਸੋਭਾ ਸਿੰਘ ਜੀ ਆਰਟਿਸਟ ਨੂੰ ਮਿਲਨ ਚਲਾ ਗਿਆ। ਸੋਭਾ ਸਿੰਘ ਜੀ ਨੇ ਏਨੇ ਪ੍ਰੇਮ ਨਾਲ ਤੇ ਏਨੀ ਜ਼ੋਰਦਾਰ ਪ੍ਰੇਰਨਾ ਦਿੱਤੀ ਕਿ ਮੈਂ ਉਹਨਾਂ ਦੀ ਇੱਛਾ ਅਨੁਸਾਰ ਅੰਦਰੇਟੇ ਵਿੱਚ ਹੀ ਹੋਮਿਓਪੈਥਿਕ ਡਿਸਪੈਂਸਰੀ ਖੋਲ੍ਹ ਕੇ ਬਹਿ ਗਿਆ।

ਵਿਚ ਵਿਚ ਚਾਰ ਚੁਫੇਰੇ ਦਾ ਇਲਾਕਾ ਵੇਖਣ ਲਈ ਨਿਕਲ ਜਾਂਦਾ। ਇਕ ਦਿਨ ਫਿਰਦਾ ਤੁਰਦਾ ਗੱਡੀ ਚੜ੍ਹ ਕੇ ਨਗਰੋਟਾ ਜਾ ਪਹੁੰਚਾ। ਓਥੇ ਇਕ ਨਾਮਧਾਰੀ ਸੱਜਣ ਹਰਬੰਸ ਸਿੰਘ ਦੀ ਦੁਕਾਨ ਵੇਖੀ ਤੇ ਉਹਨਾਂ ਨਾਲ ਗੱਲੀਂ ਜੁੱਟ ਪਿਆ। ਉਹਨਾਂ ਕੋਲੋਂ ਪਤਾ ਲੱਗਾ ਕਿ ਸਤਿਗੁਰੂ ਜੀ ਕਲ੍ਹ ਹੀ ਉਥੋਂ ਦੀ ਲੰਘ ਕੇ ਉੱਪਰ 'ਮੰਡੀ' ਨੂੰ ਗਏ ਨੇ ਤੇ ਹਫਤੇ ਕੁ ਤੱਕ ਮੁੜ ਆਉਣ ਗੇ। ਤੇ ਮੁੜਦਿਆਂ ਹੋਇਆਂ ਕੁਝ ਸਮਾਂ ਨਗਰੋਟੇ ਵੀ ਠਹਿਰਨ ਗੇ।

ਸੁਣ ਕੇ ਮੇਰੇ ਜੀਅ ਨੂੰ ਜਿਵੇਂ ਘੇਰ ਜਿਹੀ ਪਈ। 'ਕਿੰਨਾ ਹੀ ਚਿਰ ਹੋ ਗਿਐ ਮਿਲਿਆਂ ਨੂੰ !' ਬੜਾ ਜੀਅ ਕੀਤਾ ਕਿ ਕਿਸੇ ਤਰ੍ਹਾਂ ਹੁਣੇ ਹੀ ਜਾ ਮਿਲਾਂ। ਪਰ ਹਰ ਵੇਲੇ ਤੇ ਜੀਅ ਦੀ ਕਰਨੀ ਸੌਖੀ ਨਹੀਂ ਹੁੰਦੀ! ਚਿੱਠੀ ਪਾ ਦਿੱਤੀ ਮੰਡੀ। ਲਿਖਿਆ, "ਕਿਰਪਾ ਕਰ ਕੇ ਮੁੜਦੀ ਡਾਕੇ ਅੰਦਰੇਟੇ ਪਤਾ ਭਿਜਵਾਓ ਕਿ ਕਿਸ ਦਿਨ ਨਗਰੋਟੇ ਆ ਰਹੇ ਓ। ਮੈਂ ਏਥੇ ਹੀ ਦਰਸ਼ਨ ਕਰਾਂ ਗਾ। ਜੀ ਬੜਾ ਕਰਦੈ....।"

ਅੰਦਰੇਟੇ ਜਾ ਕੇ ਜਵਾਬ ਉਡੀਕਣ ਲੱਗਾ। ਜਵਾਬ ਕੋਈ ਆਏ ਹੀ ਨਾ। ਫਿਰ ਇਕ ਦਿਨ ਆਪ ਹੀ ਨਗਰੋਟੇ ਚਲਾ ਗਿਆ। ਪੁੱਛਿਆ–"ਕੋਈ ਪਤਾ ਆਇਐ–ਕਦੋਂ ਆ ਰਹੇ ਨੇ ਸਤਿਗੁਰੂ ਜੀ!"

"ਪਰਸੋਂ।"

ਅੰਦਰੇਟੇ ਜਾ ਕੇ ਫਿਰ ਚਿੱਠੀ ਉਡੀਕਣ ਲੱਗਾ। ਮੈਨੂੰ ਆਪਣੀ ਚਿੱਠੀ ਦੀ ਉਡੀਕ ਸੀ ਭਾਵੇਂ ਪਤਾ ਲੱਗ ਹੀ ਗਿਆ ਸੀ ਕਿ ਪਰਸੋਂ ਆ ਰਹੇ ਨੇ। ਮਨ ਵਿਚ ਆਵੇ ਉਹਨਾਂ ਨੇ ਚਿੱਠੀ ਦਾ ਜਵਾਬ ਕਿਉਂ ਨਹੀਂ ਦਿੱਤਾ ? ਤਾਂ ਫਿਰ ਮੈਂ ਹੀ ਕਿਉਂ ਜਾਵਾਂ ਨਗਰੋਟੇ ! ਚਿੱਠੀ ਦਾ ਜਵਾਬ ਤੇ ਉਹਨਾਂ ਨੂੰ ਦੇਣਾ ਹੀ ਚਾਹੀਦਾ ਸੀ। ਚਲੋ ਨਹੀਂ ਦਿੱਤਾ ਤਾਂ ਨਾ ਸਹੀ–ਜੇ ਉਹਨਾਂ ਦਾ ਜੀਅ ਨਹੀਂ ਕਰਦਾ ਮਿਲਨ ਨੂੰ ਤਾਂ ਫਿਰ ਮੇਰਾ ਵੀ ਨਹੀਂ ਕਰਦਾ। ਮੈਂ ਹੀ ਕਿਉਂ ਭੱਜਾ ਫਿਰਦਾ ਵਾਂ! ਨਹੀਂ, ਹੁਣ ਮੈਂ ਵੀ ਨਹੀਂ ਜਾਣਾ ਮਿਲਨ ਲਈ! ਨਗਰੋਟੇ ਮੈਂ ਨਹੀਂ ਜਾਵਾਂਗਾ!'

ਤੇ ਫਿਰ ਉਹ ਦਿਨ ਵੀ ਆ ਗਿਆ–ਜਿਸ ਦਿਨ ਉਹਨਾਂ ਨੇ ਆਉਣਾ ਸੀ ਤੇ ਮੈਂ.....। ਦੁਚਿਤੀ ਵਿੱਚ ਹੀ ਅੰਤ ਨੂੰ ਇਹ ਸੋਚ ਕੇ ਟੁਰ ਪਿਆ ਕਿ ਚਲੋ ਰਸਤੇ ਵਿੱਚ ਸੋਚਾਂਗੇ ਕਿ ਨਗਰੋਟੇ ਜਾਣਾ ਏ ਕਿ ਨਹੀਂ। ਨਗਰੋਟੇ ਤੋਂ ਉਰਲੇ ਸਟੇਸ਼ਨ ਪਰੌਰ ਦੀ ਟਿਕਟ ਲੈ ਲਈ! ਪਰੌਰ ਬਿਆਸ ਵਾਲਿਆਂ ਦਾ ਰਾਧਾ ਸਵਾਮੀ ਆਸ਼ਰਮ ਹੈ। ਉਥੇ ਜਾ ਕੇ ਪ੍ਰਸ਼ਾਦ ਛਕਿਆ। ਫਿਰ ਸੜਕੇ ਸੜਕ ਹੋ ਟੁਰਿਆ ਨਗਰੋਟੇ ਨੂੰ। ਪਰ ਕੁਝ ਕੁ ਫਰਲਾਂਗ ਹੀ ਬਾਕੀ ਸੀ ਕਿ ਮੁੜ ਪਿਆ। 'ਨਹੀਂ ਜਾਣਾ! ਉਹਨਾਂ ਨੇ ਪਰਵਾਹ ਹੀ ਨਹੀਂ ਕੀਤੀ, ਚਿੱਠੀ ਦਾ ਜਵਾਬ ਕਿਉਂ ਨਹੀਂ ਦਿੱਤਾ।' ਪਰੌਰ ਦੇ ਬਰਾਬਰ ਇਕ ਮੋੜ ਤੇ ਖਲੋ ਰਿਹਾ। 'ਏਥੋਂ ਦੀ ਹੀ ਤਾਂ ਲੰਘਣਾ ਨੇ। ਪਤਾ ਲੱਗ ਜਾਏਗਾ। ਚੁੱਪ ਕਰ ਕੇ ਵੇਖ ਲਾਂਗਾ–ਆਪਣੀ ਗੱਲ ਵੀ ਰਹਿ ਜਾਏਗੀ ਤੇ ਦਰਸ਼ਨ ਵੀ ਹੋ ਜਾਣਗੇ।' ਮੀਂਹ ਆਇਆ ਜ਼ੋਰਾਂ ਦਾ ਪਰ ਉਹ ਨਾ ਆਏ। ਭਿੱਜ ਭਿੱਜ ਕੇ ਦੰਦੋੜਿਕੇ ਵੱਜਣ ਲੱਗੇ ਅਤੇ ਫਿਰ ਮਨ ਨੇ ਕਿਹਾ–'ਕਿਉਂ ਖਲੋਤਾ ਏਂ ?'

ਅਤੇ ਮੈਂ ਮੁੜ ਆਸ਼ਰਮ ਜਾ ਪੁੱਜਾ। ਰਾਤ ਕੱਟੀ ਅਤੇ ਸਵੇਰੇ ਅੰਦਰੇਟੇ ਨੂੰ ਪਰਤ ਗਿਆ। ਅੰਦਰੇਟੇ ਜਾਂਦਿਆਂ ਹੀ ਚਿੱਠੀ ਮਿਲੀ। ਗੁਰਦੇਵ* ਨੇ ਲਿਖਿਆ ਸੀ–'ਸਤਿਗੁਰੂ ਜੀ......ਤਰੀਖ ਨੂੰ ਨਗਰੋਟੇ ਆ ਰਹੇ ਨੇ। 'ਤੁਸਾਂ ਜ਼ਰੂਰ ਆਉਣਾ!'

ਮੇਰੇ ਕਾਲਜੇ ਨੂੰ ਜਿਵੇਂ ਰੁੱਗ ਜਿਹਾ ਭਰਿਆ ਗਿਆ। 'ਮੈਂ ਇਹ ਕੀ ਕੀਤਾ। ਏਨਾ ਨੇੜਿਉਂ ਹੋ ਕੇ ਮੁੜ ਆਇਆਂ! ਇਹ ਕੀ ਮੁਕਾਬਲਾ ਹੋਇਆ। ਇਹ ਤਾਂ ਸੁਧਾ ਹੰਕਾਰ ਏ।'

ਪਰ ਵਕਤ ਲੰਘ ਗਿਆ ਸੀ, ਸੋ ਚੁੱਪ ਕਰ ਕੇ ਬਹਿ ਗਿਆ।

ਦੋ ਤਿੰਨ ਦਿਨ ਅੰਤਾਂ ਦਾ ਮੀਂਹ ਵਸਿਆ। ਰਸਤੇ ਬੰਦ ਹੋ ਗਏ। ਰੋਜ਼ਾਨਾ ਪਾਲਮਪੁਰ ਵੱਲੋਂ ਆਉਣ ਵਾਲੀ ਬੱਸ ਵੀ ਨਹੀਂ ਸੀ ਆ ਰਹੀ। ਆਪਣੀ ਡਿਸਪੈਂਸਰੀ ਵਿਚ ਜਿਹੜੀ ਕਿ ਪਿੰਡ ਦੇ ਅੰਤਿਮ ਸਿਰੇ ਸੀ–ਚੁੱਪਚਾਪ ਬੈਠਾ ਸਾਂ–ਕਿ ਅਚਾਨਕ ਹਾਰਨ ਦੀ ਆਵਾਜ਼ ਆਈ। ਸੋਚਿਆ 'ਸ੍ਰ. ਸੋਭਾ ਸਿੰਘ ਜੀ ਨੂੰ ਮਿਲਨ ਕੋਈ ਫ਼ੌਜੀ ਅਫ਼ਸਰ ਆਇਆ ਹੋਵੇਗਾ।' ਥੋੜ੍ਹੇ ਚਿਰ ਵਿੱਚ ਹੀ ਸੋਭਾ ਸਿੰਘ ਜੀ ਦਾ ਸੇਵਕ

---

* ਸਤਿਗੁਰੂ ਜਗਜੀਤ ਸਿੰਘ ਜੀ ਦੇ ਤਦਵਕਤੀ ਨਿੱਜੀ ਸਕੱਤਰ– ਸ. ਗੁਰਦੇਵ ਸਿੰਘ



Namdhari Elibrary NamdhariElibrary@gmail.com

ਆ ਗਿਆ। ਮੈਂ ਹੀ ਪੁੱਛਿਆ—ਅੱਜ ਕੌਣ ਆ ਗਿਐ ਏਨੇ ਮੀਂਹ ਵਿਚ।"

"ਤੁਹਾਨੂੰ ਬੁਲਾਇਆ।"

"ਮੈਨੂੰ! ਕੋਈ ਮੇਰਾ.....ਕੌਣ ਏ?"

"ਚਿੱਟੇ ਚਿੱਟੇ ਕੱਪੜਿਆਂ ਵਾਲੇ ਨੇ।

ਦਿਲ ਇਕ ਦਮ ਧੜਕ ਉਠਿਆ !

"ਪੱਗਾਂ ?"

"ਚਿੱਟੀਆਂ ਗੋਲ ਗੋਲ।"

ਪਿੰਡ ਦੇ ਸ਼ੁਰੂ ਵਿਚ ਪਹਿਲੀ ਕੋਠੀ ਹੀ ਸਰਦਾਰ ਸੋਭਾ ਸਿੰਘ ਜੀ ਦੀ ਸੀ। ਲਗਭਗ ਦੌੜ ਕੇ ਹੀ ਗਿਆ ਸੀ। ਸੋਭਾ ਸਿੰਘ ਜੀ ਦੇ ਸਟੂਡੀਓ ਵਿੱਚ ਵਿਛੇ ਚਿੱਟੇ ਦੀਵਾਨ ਉੱਪਰ ਸਤਿਗੁਰੂ ਜੀ ਬੈਠੇ ਸਨ। ਮੱਥਾ ਟੇਕ ਕੇ ਹੌਲੀ ਜਿਹਾ ਕਿਹਾ—"ਐਤਕਾਂ ਮੈਂ ਵੀ ਸੋਚ ਲਿਆ ਸੀ ਕਿ ਜੇ ਉਹ ਗੱਲ ਏ ਤਾਂ ਆਣ ਕੇ ਈ ਮਿਲੋ ਗੇ।"

"ਫਿਰ ਮੈਂ ਤੇ ਆ ਗਿਆ ਵਾਂ।"

"ਪਰ ਤੁਸੀਂ ਉਸ ਦਿਨ ਨਗਰੋਟੇ ਨਹੀਂ ਸੀ ਆਏ ?"

"ਗਏ ਸਾਂ, ਤੁਹਾਨੂੰ ਬੜਾ ਉਡੀਕਿਆ। ਸਟੇਸ਼ਨ ਤੇ ਵੀ ਗਏ ਸਾਂ ਗੱਡੀ ਵੇਖਣ, ਪਰ ਤੁਸੀਂ ਤੇ ਆਏ ਹੀ ਨਾ। ਏਧਰ ਹੀ ਆ ਜਾਂਦੇ ਪਰ ਦਿੱਲੀ ਵਿਚ ਵੀ ਕੋਈ ਉਡੀਕ ਰਿਹਾ ਸੀ। ਸੰਤ ਗੰਡਾ ਸਿੰਘ ਜੀ ਬਹੁਤ ਬੀਮਾਰ ਸਨ। ਬਸ ਉਹਨਾਂ ਨੂੰ ਵੇਖ ਈ ਮੁੜ ਆਏ ਆਂ ਦੁਬਾਰਾ। ਕਾਰ ਤੇ ਆਉਣੀ ਨਹੀਂ ਸੀ ਏਨੇ ਪਾਣੀ ਵਿਚ। ਰਸਤੇ 'ਚੋਂ ਕਿਸੇ ਦੀ ਜੀਪ ਮੰਗ ਕੇ ਲਿਆਏ ਆਂ।"

ਮੇਰੇ ਉੱਤੇ ਤੇ ਜਿਵੇਂ ਸੌ ਘੜੇ ਪਾਣੀ ਪੈ ਗਿਆ ਹੋਵੇ। ਆਖਦਾ ਵੀ ਕੀ ?

ਫਿਰ ਕਹਿਣ ਲੱਗੇ—"ਹੁਣ ਮੈਂ ਕੁਝ ਆਖਾਂ ?"

"ਫੁਰਮਾਓ।"

"ਆਪਣਾ ਬੋਰੀਆ ਬਿਸਤਰਾ ਬੰਨ੍ਹੋ ਤੇ ਜੀਪ ਵਿਚ ਰੱਖੋ।"

"ਸੋਭਾ ਸਿੰਘ ਜੀ ਨੇ ਝੱਟ ਕਿਹਾ ਕਿ ਨਾ ਜੀ, ਇੰਜ ਨਾ ਆਖੋ, ਮੈਂ ਤੇ ਬੜੀ ਮੁਸ਼ਕਿਲ ਨਾਲ....।"

"ਤਾਂ ਤੁਸੀਂ ਵੀ ਚਲੋ, ਉਥੇ ਈ ਤੁਹਾਨੂੰ ਵੀ ਕੁਟੀਆ ਪਾ ਦਿਆਂਗੇ, ਬਾਗ਼ ਬਗੀਚਾ ਵੀ ਲਾ ਦਿਆਂਗੇ।"

"ਬੜੀ ਮੇਹਰਬਾਨੀ, ਤੁਸੀਂ ਮੇਰੇ ਉੱਪਰ ਤਾਂ ਏਥੇ ਈ ਕਿਰਪਾ ਕਰੋ। ਇਹਨਾਂ ਨੂੰ ਹੀ ਲੈ ਜਾਓ।"

ਮੈਂ ਉਦੋਂ ਹੀ ਸੋਚਿਆ—ਮੁੜ ਕੇ ਕਦੇ ਇਮਤਿਹਾਨ ਵਿਚ ਨਹੀਂ ਪਾਵਾਂਗਾ। ਇਹ ਤੇ ਸਮਰੱਥ ਨੇ ਝੱਲ ਜਾਣਗੇ, ਪਰ ਮੈਂ ਤੇ ਇਹੋ ਜਿਹੇ ਇਮਤਿਹਾਨ ਵਿਚ ਪੈਣ ਦੀ ਤਾਕਤ ਨਹੀਂ ਰੱਖਦਾ। ਫਿਰ ਇਹ ਤਾਂ ਹੁਦਾਰ ਬਿਲਕੁਲ ਹੀ ਨਹੀਂ ਕਰਦੇ ਜਾਪਦੇ, ਨਾਲ ਹੀ ਨਾਲ ਹਿਸਾਬ ਬਰਾਬਰ।

ਉਦੋਂ ਹੀ ਆਉਣਾ ਪਿਆ ਸੀ ਅੰਦਰੇਟਾ ਛੱਡ ਕੇ। ਪਹਿਲਾਂ ਭੈਣੀ ਸਾਹਿਬ ਆਇਆ ਸਾਂ। ਅੱਸੂ ਦੇ ਪ੍ਰਯੋਗ ਮੇਲੇ ਦਾ ਆਰੰਭ ਹੋ ਰਿਹਾ ਸੀ। ਉਸੇ ਦੌਰਾਨ ਹੀ ਇਕ ਦਿਨ ਅੰਮ੍ਰਿਤ ਵੇਲੇ ਉਹ ਮਮਤਾ ਭਰੀ ਧੁਣ ਸੁਣੀ ਸੀ—

"ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ।"

ਅਤੇ ਮੈਂ ਫਿਰ ਸੋਚ ਲਿਆ ਕਿ 'ਮੈਨੂੰ ਤੇ ਇਹੋ ਰਿਸ਼ਤਾ ਹੀ ਵਾਰਾ ਖਾਂਦਾ ਏ—ਇਹੋ ਈ ਮੈਨੂੰ ਮਨਜ਼ੂਰ ਏ। ਸਵਾਦ ਤੇ ਆਉਂਦਾ ਏ ਨਾ ਦੁੜਕੀ ਦਾ—'

"ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ।
ਉਹ ਰਾਖੈ ਚੀਤੁ ਪੀਛੈ ਬਿਚਿ ਬਚਰੇ
ਨਿਤ ਹਿਰਦੈ ਸਾਰਿ ਸਮਾਲੀ।
ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ
ਗੁਰ ਸਿਖ ਰਖੈ ਜੀਅ ਨਾਲੀ......।"

## ਧਰਮ

ਪਰਲੋਕ ਵਿਚ ਮਾਂ, ਬਾਪ, ਇਸਤਰੀ ਅਤੇ ਭਾਈਚਾਰਾ ਸਹਾਇਤਾ ਲਈ ਨਹੀਂ ਹੁੰਦੇ, ਸਿਰਫ ਧਰਮ ਹੀ ਸਹਾਇਤਾ ਕਰਦਾ ਹੈ। *—ਮਨੂ ਸਿਮ੍ਰਿਤੀ*

ਧਰਮ ਅਜਿਹੀ ਵਸਤੂ ਨਹੀਂ ਹੈ ਕਿ ਦਵਾਈ ਦੀ ਗੋਲੀ ਵਾਂਗ ਨਿਗਲ ਲਈ ਜਾਵੇ। ਇਸ ਲਈ ਲਗਾਤਾਰ ਅਤੇ ਬਹੁਤ ਅਭਿਆਸ ਦੀ ਲੋੜ ਹੈ। ਹੌਲੀ ਹੌਲੀ ਅਤੇ ਲਗਾਤਾਰ ਅਭਿਆਸ ਨਾਲ ਮਨ ਕਾਬੂ ਵਿਚ ਲਿਆਂਦਾ ਜਾ ਸਕਦਾ ਹੈ।

...ਧਰਮ ਉਹ ਚੀਜ਼ ਹੈ ਜਿਸ ਨਾਲ ਪਸ਼ੂ ਮਨੁੱਖ ਤਕ ਅਤੇ ਮਨੁੱਖ ਪ੍ਰਮਾਤਮਾ ਤਕ ਉੱਠ ਸਕਦਾ ਹੈ।

*—ਸਵਾਮੀ ਵਿਵੇਕਾਨੰਦ*

ਧਰਮ ਦਾ ਅਰਥ ਕਿਸੇ ਵਿਸ਼ੇਸ਼ ਪ੍ਰਕਾਰ ਦਾ ਵਿਸ਼ਵਾਸ ਜਾਂ ਮਤ ਨਹੀਂ ਜਿਵੇਂ ਹਿੰਦੂ ਧਰਮ ਜਾਂ ਮੁਸਲਿਮ ਧਰਮ, ਇਹ ਵਿਸ਼ਵ ਦੇ ਨਿਯਮਤ ਨੈਤਿਕ ਸ਼ਾਸਨ ਵਿਚ ਵਿਸ਼ਵਾਸ ਹੈ। *—ਮਹਾਤਮਾ ਗਾਂਧੀ*

ਜਿਸ ਧਰਮ ਵਿਚ ਦਯਾ ਭਾਵ ਨਹੀਂ ਉਸਨੂੰ ਛੱਡ ਦੇਣਾ ਚਾਹੀਦਾ ਹੈ। *—ਚਾਣਕਯ*


Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

# Superior Quality

## SINGLE BARREL

&

## DOUBLE BARREL

B.L.–12 Bore

# GUNS

# MODERN GUN WORKS

OPP. : INDUSTRIAL ESATE,

JAMMU CANTT.





Namdhari Elibrary NamdhariElibrary@gmail.com

# ਦਾਤੇ ਦੀ ਪਰਿਭਾਸ਼ਾ

*—ਕਿਰਪਾਲ ਕਜ਼ਾਕ*

ਇਕ ਦਿਨ ਡਾ. ਜੋਧ ਸਿੰਘ* ਗੁਰੂ ਗੋਬਿੰਦ ਭਵਨ ਦੇ ਬਾਹਰ ਮਿਲੇ ਤਾਂ ਬੜੇ ਖ਼ੁਸ਼; ਪਤਾ ਲੱਗਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਨ੍ਹਾਂ ਨੂੰ ਭੈਣੀ ਸਾਹਿਬ ਆਉਣ ਦਾ ਸੱਦਾ ਦੇ ਕੇ ਨਿਵਾਜਿਆ ਹੈ।

"ਡਾ. ਸਾਹਿਬ ਭਾਗਾਂ ਵਾਲੇ ਹੋ, ਹਜ਼ੂਰ ਨੇ ਤੁਹਾਡੇ ਵੱਲ ਦ੍ਰਿਸ਼ਟੀ ਘੁਮਾਈ ਹੈ, ਉਨ੍ਹਾਂ ਦੀ ਮਿਹਰ ਤਾਂ ਕੁਲਾਂ ਤਾਰ ਸਕਦੀ ਹੈ।"

ਪਰ ਸਾਡੇ ਨੇੜੇ ਜੋ ਤੀਜਾ ਵਿਅਕਤੀ ਖੜ੍ਹਾ ਸੀ, ਉਸ ਮੇਰੀ ਸ਼ਰਧਾ ਤੋਂ ਔਖ ਮਹਿਸੂਸ ਕੀਤੀ ਅਤੇ ਕਿਹਾ।

"ਇਸ ਵਿਚ ਏਨਾਂ ਉਤੇਜਿਤ ਹੋਣ ਦੀ ਕੀ ਲੋੜ ਹੈ? ਡਾ. ਸਾਹਿਬ ਨੂੰ ਤਾਂ ਸੱਦੇ ਆਉਂਦੇ ਹੀ ਰਹਿੰਦੇ ਹਨ।"

ਇਸ ਤੋਂ ਪਹਿਲਾਂ ਕਿ ਮੈਂ ਕੁਛ ਕਹਿੰਦਾ, ਅਸੀਂ ਕਾਫ਼ੀ ਹਾਊਸ ਜਾ ਬੈਠੇ।

"ਨਹੀਂ ਮਿੱਤਰ !" ਡਾ. ਜੋਧ ਸਿੰਘ ਨੇ ਲੰਮਾ ਸਾਹ ਲੈਂਦੇ ਕਿਹਾ।

'ਮੇਰੇ ਲਈ ਇਹ ਸੱਦਾ ਸਾਧਾਰਨ ਨਹੀਂ ਹੈ, ਕਿਉਂ ਕਿ ਸਭ ਤੋਂ ਵੱਧ ਖ਼ੁਸ਼ੀ ਮੇਰੀ ਪਤਨੀ ਨੂੰ ਹੋਈ, ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਵੀ ਕਦੇ ਲਖਨਊ ਜਾਂਦੇ ਸਨ ਤਾਂ ਉਹਨਾਂ ਦੇ ਘਰ ਹੀ ਠਹਿਰਦੇ ਸਨ। ਹੁਣ ਮਸਾਂ ਸਬੱਬ ਬਣਿਆ ਹੈ।

ਮੈਂ ਭੈਣੀ ਸਾਹਿਬ ਰਹਿੰਦੇ ਕਹਾਣੀਕਾਰ ਸੁਖਜੀਤ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਜਾਉ ਗੇ ਤਾਂ ਮੇਰੀ ਫਤਿਹ ਕਹਿ ਦੇਣੀ। ਕਹਿਣ ਲੱਗੇ, ਤੂੰ ਵੀ ਚੱਲ।

ਮੈਂ ਇਕੋ ਸਮੇਂ ਖ਼ੁਸ਼ ਵੀ ਹੋਇਆ ਅਤੇ ਉਦਾਸ ਵੀ; ਖ਼ੁਸ਼ ਇਸ ਲਈ ਕਿ ਹਜ਼ੂਰ ਮਹਾਰਾਜ ਦੇ ਦਰਸ਼ਨ ਕਰ ਸਕਾਂਗਾ; ਉਦਾਸ ਇਸ ਲਈ ਕਿ ਪ੍ਰਬੰਧਕ ਬੁਰਾ ਮਨਾਉਣਗੇ। ਪਰ ਸਤਗੁਰਾਂ ਦੇ ਦਰਸ਼ਨਾਂ ਬਦਲੇ ਮੈਂ ਬੁਰਾ ਮਨਾਉਣਾ ਵੀ ਸਵੀਕਾਰ ਕਰ ਲਿਆ।

ਮਿੱਥੇ ਸਮੇਂ ਡਾ. ਸਾਹਿਬ ਦੇ ਘਰ ਪੁੱਜਾ ਤਾਂ ਹੈਰਾਨ ਰਹਿ ਗਿਆ। ਭੈਣੀ ਸਾਹਿਬ ਤੋਂ ਉਚੇਚੀ ਕਾਰ ਭੇਜੀ ਗਈ ਸੀ ਅਤੇ ਸਤਿਗੁਰਾਂ ਨੇ ਕਹਿ ਭੇਜਿਆ ਸੀ ਕਿ ਸਫ਼ਰ ਵਿਚ ਔਖ ਝੱਲਣ ਦੀ ਲੋੜ ਨਹੀਂ। ਦੁੱਧ ਚਿੱਟੇ ਵਸਤਰਾਂ ਵਿੱਚ ਇਕ ਦਰਸ਼ਨੀ ਸੇਵਾਦਾਰ ਵਰਾਂਡੇ ਵਿੱਚ ਤਿਆਰ ਬਰ-ਤਿਆਰ ਬੈਠਾ ਸੀ।

ਡਾ. ਜੋਧ ਸਿੰਘ, ਉਨ੍ਹਾਂ ਦੀ ਪਤਨੀ ਤੇ ਦਾਸ, ਜਦੋਂ ਭੈਣੀ ਸਾਹਿਬ ਦੀ ਪਵਿੱਤਰ ਧਰਤੀ 'ਤੇ ਪੁੱਜੇ ਤਾਂ ਮਨ ਕਿਸੇ ਅਗੰਮੀ ਖ਼ੁਸ਼ੀ ਨਾਲ ਭਰ ਗਿਆ। ਦੂਰ ਦੂਰ ਤੱਕ ਚਿੱਟੇ ਵਸਤਰਾਂ ਨਾਲ ਭੁੰਇ ਕੱਜੀ ਗਈ ਦਿਸਦੀ ਸੀ। ਜਿਵੇਂ ਪਾਕੀਜ਼ਗੀ ਧੁੱਪ ਵਾਂਗ ਵਿਛ ਗਈ ਹੋਵੇ। ਜਦੋਂ ਅਸੀਂ ਦੂਰ ਦੂਰ ਤੱਕ ਆਧੁਨਿਕ ਢੰਗ ਨਾਲ ਬੀਜੀ ਹੋਈ ਅਤੇ ਵਿਉਂਤੀ ਹੋਈ ਖੇਤੀ ਦੇਖੀ ਤਾਂ ਜਾਪਿਆ ਅਸੀਂ ਕਿਸੇ ਦੂਜੇ ਮੁਲਕ ਦੀ ਜੂਹ ਵਿੱਚ ਆ ਗਏ ਹਾਂ।

ਕਾਰ ਤੇਜ਼ੀ ਨਾਲ ਡੇਰੇ ਦੇ ਪ੍ਰਬੰਧਕੀ ਵਿਸ਼ਰਾਮ ਘਰ ਦੇ ਬਾਹਰ ਰੁਕੀ ਤਾਂ ਅਸੀਂ ਧਰਤੀ ਨੂੰ ਨਮਸਕਾਰ ਕਰ ਕੇ ਧੂੜੀ ਮੱਥੇ ਨੂੰ ਲਾਈ। ਸਾਨੂੰ ਦੱਸਿਆ ਗਿਆ ਕਿ ਸੰਗਤ ਬਾਹਰ ਲਾਨ, ਦੀਵਾਨ ਹਾਲ, ਜਾਂ ਸਿਮਰਨ ਹਾਲ ਵਿੱਚ ਬੈਠੀ ਹੈ। ਗਰਮੀ ਕਾਰਨ ਬਹੁਤ ਸਾਰੀ ਸੰਗਤ ਸਰੋਵਰ ਵਿੱਚ ਇਸ਼ਨਾਨ ਕਰ ਰਹੀ ਸੀ। ਪਤਾ ਨਹੀਂ ਕਿਉਂ, ਹਰ ਥਾਂ ਇਕ ਪਾਕੀਜ਼ਗੀ ਅਤੇ ਨੂਰੀ ਤਲਿਸਮ ਦਾ ਪ੍ਰਭਾਵ ਪੈਂਦਾ ਸੀ।

ਅੰਦਰ ਗਏ ਤਾਂ ਹੈਰਤ ਗੁੰਮ ਹੋ ਗਈ। ਫ਼ਰਸ਼ 'ਤੇ ਵਿਛੇ ਮਖ਼ਮਲੀ ਕਾਲੀਨ 'ਤੇ ਪੰਜਾਬੀ ਦੇ ਨਾਮਵਰ ਸ਼ਾਇਰ ਬੈਠੇ ਸਨ— ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਅਮਰਜੀਤ ਗਰੇਵਾਲ, ਇੰਦਰਜੀਤ ਹਸਨਪੁਰੀ, ਗੁਰਭਜਨ ਗਿੱਲ, ਸ. ਨ. ਸੇਵਕ, ਸੁਖਚੈਨ, ਤੇ ਹੋਰ ਕਈ। ਸਭਨਾਂ ਦੇ ਅੱਗੇ ਫਲਾਂ ਦੀਆਂ ਤਸ਼ਤਰੀਆਂ ਪਈਆਂ ਸਨ। ਜਿਸ ਮੁਹੱਬਤ, ਪਿਆਰ, ਸਤਿਕਾਰ ਨਾਲ ਬਿਠਾਇਆ ਅਤੇ ਨਿਵਾਜਿਆ ਜਾ ਰਿਹਾ ਸੀ, ਪ੍ਰਾਹੁਣਾਚਾਰੀ ਦੀ ਸਿਖ਼ਰ ਸੀ।

ਇਕਾਇਕ ਮੈਨੂੰ ਅਮਰ ਭਾਰਤੀ ਜੀ ਦੇ ਬੋਲ ਯਾਦ ਆਏ। ਇਕ ਵੇਰ ਅੰਮ੍ਰਿਤਾ ਪ੍ਰੀਤਮ ਦੇ ਘਰ ਮਿਲੇ ਤਾਂ ਮੇਰੀ ਗ਼ੁਰਬਤ ਨਾਲ ਖੁਰੀ ਟੁੱਟੀ ਹਾਲਤ ਨੂੰ ਦੇਖਦਿਆਂ ਉਹਨਾਂ ਕਿਹਾ :

"ਕਿਰਪਾਲ ਪਿਆਰੇ, ਚੁੱਪ ਕਰ ਕੇ ਭੈਣੀ ਸਾਹਿਬ, ਸਤਗੁਰਾਂ ਦੇ ਚਰਨਾਂ 'ਚ ਚਲਿਆ ਜਾਹ! ਇਸ ਜਨਮ ਦੀ ਤਾਂ ਕੀ, ਅਗਲੇ ਜਨਮਾਂ ਦੀ ਵੀ ਗ਼ਰੀਬੀ ਕੱਟੀ ਜਾਊ।"

"...ਪਰ ਨਿਰੋਲ ਅਧਿਆਤਮਿਕਤਾ ਵਿੱਚ ਮੇਰੇ ਜਿਹੇ ਲੇਖਕ ਦਾ ਕੀ ਕੰਮ ?"

ਫਿਰ ਉਹਨਾਂ ਮੈਨੂੰ ਪਿਆਰ ਨਾਲ ਬਗਲ ਵਿੱਚ ਘੁਟਦਿਆਂ ਕਿਹਾ ਸੀ :

"ਕਮਲਿਆ! ਇਹੋ ਤਾਂ ਤੈਨੂੰ ਇਲਮ ਨਹੀਂ, ਭੈਣੀ ਸਾਹਿਬ ਹੀ ਤਾਂ ਆਰਟਿਸਟਾਂ ਅਤੇ ਕਲਾਕਾਰਾਂ ਦੀ

---

* ਐਡੀਟਰ ਇਨ ਚੀਫ਼, ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਪੰਜਾਬੀ ਯੂਨੀਵਰਸਿਟੀ, ਪਟਿਆਲਾ।



Namdhari Elibrary NamdhariElibrary@gmail.com

ਬਿਹਤਰੀਨ ਪਨਾਹਗਾਹ ਹੈ।"

ਉਦੋਂ ਮੈਂ ਗੱਲ ਅਣਸੁਣੀ ਕਰ ਛੱਡੀ ਸੀ। ਪਰ ਨਾਮਵਰ ਸ਼ਾਇਰਾਂ ਦੀ ਸੰਗਤ ਵਿੱਚ ਬੈਠੇ ਨਾਮਧਾਰੀ ਵਿਦਵਾਨਾਂ ਨੂੰ ਜਿਸ ਪੁਰ-ਖਲੂਸ ਢੰਗ ਨਾਲ ਗੱਲਬਾਤ ਕਰਦੇ ਦੇਖਿਆ ਤਾਂ ਕਈ ਵਰ੍ਹੇ ਪਹਿਲਾਂ ਦੀ ਇਕ ਹੋਰ ਘਟਨਾ ਚੇਤੇ ਆਈ—

ਅਜੀਤ ਅਖ਼ਬਾਰ ਦੇ ਸੰਪਾਦਕ, ਡਾ. ਸਾਧੂ ਸਿੰਘ ਹਮਦਰਦ ਅਜੀਤ ਭਵਨ ਵਿੱਚ ਅਕਸਰ ਅਦਬੀ ਮਹਿਫ਼ਲਾਂ ਦਾ ਆਯੋਜਨ ਕਰਿਆ ਕਰਦੇ ਸਨ। ਕੇਰਾਂ ਮੈਂ ਉਹਨਾਂ ਦੇ ਸੱਦੇ'ਤੇ ਕਹਾਣੀ ਪੜ੍ਹਨ ਗਿਆ। ਕਹਾਣੀ 'ਤੇ ਹੋਈ ਬਹਿਸ ਦੌਰਾਨ ਇਕ ਨਾਮਧਾਰੀ ਲਿਬਾਸ ਵਿਚ ਉੱਚੇ ਲੰਮੇ ਅਤੇ ਪ੍ਰਤਿਭਾਸ਼ਾਲੀ ਵਿਦਵਾਨ ਬੜੀ ਦਲੇਰੀ ਨਾਲ ਬੋਲੇ, ਜਿਸ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ।

ਗੋਸ਼ਟੀ ਖ਼ਤਮ ਹੋਈ ਤਾਂ ਹਮਦਰਦ ਸਾਹਿਬ ਨੇ ਕਹਾਣੀ ਦੀ ਤਾਰੀਫ਼ ਕੀਤੀ ਅਤੇ ਕੁਝ ਮਾਇਆ ਦੇ ਕੇ ਕਹਿਣ ਲੱਗੇ, "ਮੈਂ ਤੇਰੀ ਕਹਾਣੀ 'ਤੇ ਬਹੁਤ ਖ਼ੁਸ਼ ਹਾਂ, ਦਸ ਤੈਨੂੰ ਇਨਾਮ ਕੀ ਦਿਆਂ ?"

"ਅਸ਼ੀਰਵਾਦ ਦੇ ਦਿਓ, ਬੱਸ ਮੇਰੇ ਲਈ ਇਹੋ ਕਾਫ਼ੀ ਹੈ।"

"...ਬਈ ਅਸ਼ੀਰਵਾਦ ਲੈਣੈ ਤਾਂ ਕਵੀ ਜੀ ਤੋਂ ਲੈ। ਉਹਨਾਂ ਸਾਮ੍ਹਣੇ ਮੈਂ ਕੀ ਚੀਜ਼ ਹਾਂ।"

ਤੇ ਉਹਨਾਂ ਨੇੜੇ ਖਲੋਤੇ ਉਸ ਨਾਮਧਾਰੀ ਸੱਜਣ ਵੱਲ ਇਸ਼ਾਰਾ ਕੀਤਾ ਜੋ ਕਹਾਣੀਆਂ 'ਤੇ ਬੋਲੇ ਸਨ। ਮੈਂ ਨਿਮਰਤਾ ਵਜੋਂ ਉਹਨਾਂ ਦੇ ਪੈਰਾਂ ਵੱਲ ਝੁਕਿਆ। ਪਰ ਉਹਨਾਂ ਘੁੱਟ ਕੇ ਵੱਖੀ ਨਾਲ ਲਾ ਲਿਆ। ਪਤਾ ਲੱਗਾ ਉਹ ਪ੍ਰੀਤਮ ਸਿੰਘ ਕਵੀ ਜੀ ਸਨ। ਨੇੜੇ ਖਲੋਤੇ ਜਸਵੰਤ ਵਿਰਦੀ ਹੋਰਾਂ ਨੇ ਵੀ ਇਹ ਗੱਲਬਾਤ ਸੁਣੀ ਸੀ। ਕਹਿਣ ਲੱਗੇ :

"ਹਮਦਰਦ ਸਾਹਿਬ ! ਕੀ ਖ਼ਾਸ ਗੱਲ ਹੈ ਕਵੀ ਜੀ ਵਿਚ ?"

ਤਦ ਹਮਦਰਦ ਸਾਹਿਬ ਨੇ ਗੰਭੀਰ ਹੁੰਦੇ ਕਿਹਾ :

"ਸਿਰਫ਼ ਖ਼ਾਸ ? ਵਿਰਦੀ ਸਾਹਿਬ, ਕਵੀ ਜੀ ਤੇ ਸਤਗੁਰਾਂ ਦੀ ਬਖ਼ਸ਼ਿਸ਼ ਹੈ ਤੇ ਮੈਂ ਇਕ ਸਧਾਰਨ ਅਦਨਾ ਜਿਹਾ ਬੰਦਾ ਹਾਂ।"

ਉਸ ਵਕਤ ਭੈਣੀ ਸਾਹਿਬ ਦੀ ਧਰਤੀ ਤੇ ਬੈਠਿਆਂ ਹਮਦਰਦ ਸਾਹਿਬ ਦੀ ਡੂੰਘੀ ਰਮਜ਼ ਬਾਰੇ ਅਹਿਸਾਸ ਹੋਇਆ। ਇਹ ਸਲੀਕਾ, ਇਹ ਨਿਮਰਤਾ, ਤੇ ਮੇਰੇ ਜਹੇ ਮਾਮੂਲੀ ਇਨਸਾਨ ਨੂੰ ਵੀ ਨਿਵਾਜਣ ਦੀ ਵਡਿਆਈ, ਬਿਨਾਂ ਮਹਾਂਪੁਰਸ਼ਾਂ ਦੀ ਬਖ਼ਸ਼ਿਸ਼ ਦੇ ਸੰਭਵ ਹੀ ਨਹੀਂ ਹੈ।

ਹੁਕਮ ਹੋਇਆ ਕਿ ਹਜ਼ੂਰ ਦੇ ਦਰਸ਼ਨਾਂ ਤੋਂ ਪਹਿਲਾਂ ਡੇਰੇ ਦੀਆਂ ਇਕ ਦੋ ਥਾਵਾਂ ਵੇਖ ਲਈਆਂ ਜਾਣ। ਮੇਰੇ ਸਮੇਤ ਬਹੁਤ ਸਾਰਿਆਂ ਨੇ ਸ਼ਾਇਦ ਪਹਿਲੀ ਵੇਰ ਆਧੁਨਿਕ ਢੰਗ ਨਾਲ ਨਿਰਮਤ ਕਿਸੇ ਅਜਿਹੇ ਸਰੋਵਰ ਦੇ ਦਰਸ਼ਨ ਕੀਤੇ ਹੋਣ ਜੋ ਜ਼ਮੀਨ ਤੋਂ ਲਗਪਗ ੩੦ ਫੁਟ ਡੂੰਘਾ ਸੀ ਅਤੇ ਜਿਸਦੇ ਮੱਧ ਵਿਚੋਂ ਬਾਉਲੀ ਫੁਟਦੀ ਸੀ। ਬਾਉਲੀ ਦਾ ਜਲ ਸਰੋਵਰ ਦੇ ਵੱਡੇ ਤਲ ਵਿਚ ਫੈਲਿਆ ਹੋਇਆ ਸੀ। ਚੁਫੇਰੇ ਪਉੜੀਆਂ, ਵਰਾਂਡੇ, ਫਸੀਲਾਂ ਅਤੇ ਜੰਗਲੇ ਸਨ। ਇਕ ਬੀਬੀਆਂ ਦੇ ਇਸ਼ਨਾਨ ਲਈ ਪੌਣਾ ਬਣਾਇਆ ਗਿਆ ਸੀ। ਜਲ ਇਤਨਾ ਸਾਫ਼ ਨੀਲਾ ਅਤੇ ਕੁੰਗੂ ਵਾਂਗ ਨਿਤਰਿਆ ਹੋਇਆ ਸੀ ਕਿ ਸਰੋਵਰ ਦਾ ਤਲ ਸਾਫ਼ ਨਜ਼ਰ ਆਉਂਦਾ ਸੀ ਅਤੇ ਇਹ ਨਿਰਮਲਤਾ ਕੇਵਲ ਜਲ ਤੱਕ ਹੀ ਸੀਮਤ ਨਹੀਂ ਸੀ ਸਮੁਚੀ ਫ਼ਿਜ਼ਾ ਵਿਚ ਫ਼ੈਲੀ ਹੋਈ ਸੀ।

ਇਕ ਪ੍ਰਾਚੀਨ ਦਿੱਖ ਵਾਲੀ ਚੁਖੰਡੀ ਵੀ ਵਿਖਾਈ ਗਈ ਜਿਸ ਵਿਚ ਸਮੇਂ ਸਮੇਂ ਵਿਸ਼ਵ ਸ਼ਾਂਤੀ ਲਈ ਪ੍ਰਾਰਥਨਾਵਾਂ ਅਤੇ ਪੂਜਾ ਪਾਠ ਕੀਤਾ ਜਾਂਦਾ ਸੀ। ਇਕ ਹੋਰ ਉੱਚੇ ਥੜ੍ਹੇ ਵਾਲੀ ਅਜਿਹੀ ਪਵਿਤਰ ਥਾਂ ਵਿਖਾਈ ਗਈ, ਜਿਥੇ ਹਰ ਸਮੇਂ ਹਰ ਪਲ ਪਾਠ ਹੁੰਦਾ ਰਹਿੰਦਾ ਸੀ। ਇਸ ਪਾਠ ਦੀ ਮਰਯਾਦਾ ਵਿਚ ਪਾਠੀਆਂ ਲਈ ਰੌਲ 'ਤੇ ਬੈਠਣ ਸਮੇਂ ਕੇਸੀ ਇਸ਼ਨਾਨ ਕਰਨਾ ਜ਼ਰੂਰੀ ਸੀ, ਇਨ੍ਹਾਂ ਪਾਠੀਆਂ ਨੇ ਭੋਜਨ ਵੀ ਆਪ ਹੀ ਤਿਆਰ ਕਰਨਾ ਹੁੰਦਾ ਹੈ। ਮੇਰੇ ਇਹ ਪੁੱਛਣ 'ਤੇ ਇਕ ਇੰਜ ਸਖ਼ਤੀ ਨਾਲ ਮਰਯਾਦਾ ਦਾ ਪਾਲਨ ਕਰਨ ਵਾਲੇ ਪਾਠੀ ਮਿਲ ਜਾਂਦੇ ਹਨ ? ਤਾਂ ਦੱਸਿਆ ਗਿਆ ਕਿ ਅਗਲੇ ਕਈ ਵਰ੍ਹਿਆਂ ਦੇ ਮਿਥੇ ਪ੍ਰੋਗਰਾਮ ਅਨੁਸਾਰ, ਪਾਠੀ ਪਹਿਲਾਂ ਹੀ ਨਿਸ਼ਚਿਤ ਹਨ। ਕਈ ਪ੍ਰੇਮੀਆਂ ਨੂੰ ਤਾਂ ਵਾਰੀ ਦੀ ਉਡੀਕ ਹੈ। ਅਸੀਂ ਦੇਖਿਆ, ਪਾਠੀ ਖੂਹੀ ਦੇ ਜਲ ਨਾਲ ਇਸ਼ਨਾਨ ਕਰ ਰਹੇ ਸਨ ਅਤੇ ਭੌਣੀਆਂ ਉਤੇ ਬਾਰੀਕ ਸੰਗਲੀਆਂ ਦੀਆਂ ਲੱਜਾਂ ਨਾਲ ਖੜਕਦੇ ਡੋਲ, ਕੋਈ ਵਿਸਮਾਦੀ ਸੰਗੀਤ ਪੈਦਾ ਕਰ ਰਹੇ ਸਨ।

ਲੰਗਰ ਛਕ ਕੇ ਦੀਵਾਨ ਹਾਲ ਵਿਚ ਆਏ ਤਾਂ ਅੰਦਰ ਦਾ ਨਜ਼ਾਰਾ ਸਾਡੇ ਲਈ ਅਦਭੁਤ ਸੀ। ਅਤਿ ਆਧੁਨਿਕ ਦੀਵਾਨ ਹਾਲ ਦਾ ਨਿਰਮਾਣ ਬੜੇ ਸੁਚੱਜੇ ਢੰਗ ਨਾਲ ਕੀਤਾ ਗਿਆ ਸੀ। ਰੌਸ਼ਨੀ, ਹਵਾ ਅਤੇ ਆਵਾਜ਼ ਦਾ ਯੋਗ ਪ੍ਰਬੰਧ ਕੀਤਾ ਗਿਆ ਸੀ। ਹਜ਼ੂਰ ਸੰਗਤ ਦੇ ਦਰਸ਼ਨਾਂ ਲਈ ਉੱਚੇ ਥੜ੍ਹੇ 'ਤੇ ਬਿਰਾਜਮਾਨ ਸਨ ਅਤੇ ਨਾਮਧਾਰੀ ਰਾਗੀਆਂ ਦਾ ਜਥਾ ਪੱਕੇ ਰਾਗਾਂ ਵਿਚ ਸ਼ਬਦ ਕੀਰਤਨ ਕਰ ਰਿਹਾ ਸੀ। ਚਰਨ ਸਪਰਸ਼ ਕਰਕੇ ਸੰਗਤ ਵਿਚ ਬੈਠਣ ਲੱਗੇ ਤਾਂ ਹੁਕਮ ਹੋਇਆ ਕਿ ਹਜ਼ੂਰ ਪਰਸ਼ਾਦਾ ਛਕਣ ਜਾਣ ਵਾਲੇ ਹਨ, ਇਸ ਲਈ ਪ੍ਰਬੰਧਕਾਂ ਵੱਲੋਂ ਆਏ ਲੇਖਕਾਂ ਲਈ



Namdhari Elibrary NamdhariElibrary@gmail.com

ਹਜ਼ੂਰ ਦੇ ਨਜ਼ਦੀਕ ਬੈਠਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

ਇਉਂ ਸਾਨੂੰ ਸਤਿਗੁਰਾਂ ਦੇ ਬਿਲਕੁਲ ਨਜ਼ਦੀਕ ਬੈਠਣ ਦਾ ਅਵਸਰ ਮਿਲਿਆ। ਉਹਨਾਂ ਸਭ ਦਾ ਪ੍ਰੀਚੈ ਲਿਆ ਅਤੇ ਦਇਆ ਦੀ ਦ੍ਰਿਸ਼ਟੀ ਘੁਮਾ ਕੇ ਮੇਹਰ ਦੀ ਬਖਸ਼ਿਸ਼ ਕੀਤੀ। ਉਹਨਾਂ ਖੁਸ਼ੀ ਜ਼ਾਹਿਰ ਕੀਤੀ ਕਿ ਡਾ. ਜੋਧ ਸਿੰਘ ਨੇ ਪਹਿਲਾਂ ਹਿੰਦੀ ਅਤੇ ਫਿਰ ਅੰਗਰੇਜ਼ੀ ਵਿਚ ਦਸਮ ਗ੍ਰੰਥ ਦਾ ਅਨੁਵਾਦ ਕੀਤਾ ਸੀ। ਫਿਰ ਉਹਨਾਂ ਨਾਮਧਾਰੀ ਸੰਪ੍ਰਦਾਇ ਦੀ ਵਿਲੱਖਣਤਾ, ਹੱਕ-ਹਲਾਲ ਦੀ ਕਮਾਈ, ਨਿਤਨੇਮ ਨਾਲ ਭਜਨ ਸਿਮਰਨ, ਗਊ ਗਰੀਬ ਦੀ ਰੱਖਿਆ, ਵਿਸ਼ਵ ਸ਼ਾਂਤੀ ਲਈ ਪਿਆਰ ਭਾਵਨਾ, ਵਕਤ ਦੇ ਮੌਜੂਦਾ ਗੁਰੂ ਦੀ ਲੋੜ ਅਤੇ ਸੁੱਚ ਨੂੰ ਪ੍ਰਮਾਰਥ ਦਾ ਮੁਢਲਾ ਨੇਮ ਕਿਹਾ।

ਦੁਬਾਰਾ ਫਿਰ ਦਿਵਾਨ ਹਾਲ ਵਿਚ ਆਏ ਤਾਂ ਹਾਲ ਸੰਗਤਾਂ ਦੇ ਇਕੱਠ ਨਾਲ ਭਰਿਆ ਪਿਆ ਸੀ। ਪ੍ਰਬੰਧਕਾਂ ਵਲੋਂ ਐਲਾਨ ਕੀਤਾ ਗਿਆ ਕਿ ਵਿਸਾਖੀ ਦੇ ਇਸ ਵਿਸ਼ੇਸ਼ ਅਵਸਰ 'ਤੇ ਕਵੀ ਦਰਬਾਰ ਅਤੇ ਲੇਖਕਾਂ ਦਾ ਸਨਮਾਨ ਕੀਤਾ ਜਾਣਾ ਸੀ।

ਇਸ ਤੋਂ ਬਾਦ ਜੋ ਕਰਿਸ਼ਮਾ ਵਾਪਰਿਆ, ਉਸਨੂੰ ਬਿਆਨ ਕਰਨ ਦੀ ਮੇਰੇ ਵਿਚ ਯੋਗਤਾ ਨਹੀਂ ਹੈ।

ਹਰ ਲੇਖਕ ਦਾ ਸਨਮਾਨ ਕੀਤਾ ਗਿਆ, ਕਿਉਂਕਿ ਇਨਾਮੀ ਲੇਖਕਾਂ ਵਿਚ ਮੇਰਾ ਨਾਂ ਨਹੀਂ ਸੀ ਇਸ ਲਈ ਮੈਂ ਇਹ ਨਜ਼ਾਰਾ ਮਸਤ ਹੋਇਆ ਦੇਖ ਰਿਹਾ ਸਾਂ ਅਤੇ ਸਤਿਗੁਰਾਂ ਦੇ ਬਿਲਕੁਲ ਨੇੜੇ ਬੈਠਾ ਸਾਂ।

ਅਚਾਨਕ ਸਤਿਗੁਰ ਮੇਰੇ ਵੱਲ ਵੇਖ ਕੇ ਮੁਸਕਾਏ ਅਤੇ ਪਿਛੇ ਬੈਠੇ ਪ੍ਰਬੰਧਕਾਂ ਵੱਲ ਝੁੱਕੇ; ਇਕ ਸੱਜਣ ਕਾਹਲੀ ਨਾਲ ਮੇਰੇ ਕੋਲ ਆਇਆ।

"ਸੱਚੇ ਪਾਤਸ਼ਾਹ ਫਰਮਾਉਂਦੇ ਨੇ ਕਿ ਤੁਹਾਨੂੰ ਕੀ ਦੇਈਏ ?"

"ਆਸ਼ੀਰਵਾਦ ਦਿਵਾ ਦਿਉ, ਹੋਰ ਕੁਝ ਨਹੀਂ"

ਮੈਂ ਹੱਥ ਜੋੜੇ ਅਗਲੇ ਹੀ ਪਲ ਦਾਸ ਦਾ ਨਾਂ ਅਨਾਉਂਸ ਹੋਇਆ। ਜਿਉਂ ਹੀ ਮੈਂ ਉਹਨਾਂ ਦੇ ਚਰਨਾਂ 'ਤੇ ਮੱਥਾ ਧਰਿਆ ਲੱਗਾ ਜੀਵਨ ਸਫਲਾ ਹੋ ਗਿਆ ਹੈ।.....

ਪਰ ਉਸੇ ਹੀ ਕਾਰ ਵਿਚ ਵਾਪਿਸ ਪਰਤਦਿਆਂ ਜਦੋਂ ਮੈਂ ਆਪਣੀ ਝੋਲੀ ਵੇਖੀ ਤਾਂ ਦੁੱਧ ਚਿੱਟੇ ਰੁਮਾਲ ਵਿਚ ਸਿਮਰਨਾ ਅਤੇ ਵੱਡੇ ਨੋਟਾਂ ਦਾ ਪੈਕਟ ਸੀ। ਮੈਂ ਸੋਚ ਰਿਹਾ ਸਾਂ... ਕੀ ਇਸ ਸੰਸਾਰ 'ਤੇ ਹੋਰ ਵੀ ਕੋਈ ਅਜਿਹੀ ਥਾਂ ਸੀ ਜਿਥੇ ਅਣਸੱਦੇ ਮਾਮੂਲੀ ਲੋਕਾਂ 'ਤੇ ਇਉਂ ਸਨਮਾਨ ਬਖਸ਼ਿਸ਼ ਹੁੰਦੀ ਸੀ ?

# ਦੋ ਗ਼ਜ਼ਲਾਂ

*—ਚਰਨ ਸੀਚੇਵਾਲਵੀ*

ਸੜ ਗਏ ਗੇਂਦੇ ਤੇ ਗੁਲਾਬ ਮਰਦਾਨਿਆਂ!
ਛੇੜ ਕੋਈ ਗੀਤਾਂ ਦੀ ਰਬਾਬ ਮਰਦਾਨਿਆਂ।

ਗੂੰਜਦਾ ਸੀ ਗੀਤ ਜਿੱਥੇ ਤੇਰੀ ਓ ਰਬਾਬ ਨਾਲ!
ਦਿਸਦਾ ਨਹੀਂ ਕਿਤੇ ਉਹ ਪੰਜਾਬ ਮਰਦਾਨਿਆਂ।

ਸਾੜੇ ਜਿਨ੍ਹਾਂ ਘੁਗੀਆਂ ਦੇ ਬੋਟ ਅਤੇ ਆਲ੍ਹਣੇ!
ਮਿਲੇ ਅਜ ਉਨ੍ਹਾਂ ਨੂੰ ਖਿਤਾਬ ਮਰਦਾਨਿਆਂ।

ਬੀਜ ਕੇ ਬੰਦੂਕਾਂ ਤੇ ਬਾਰੂਦ ਸਾਡੇ ਖੇਤਾਂ ਵਿਚ,
ਲੈਂਦੇ ਨੇ ਉਹ ਅਮਨਾਂ ਦੇ ਖਾਬ ਮਰਦਾਨਿਆਂ।

ਅੰਮ੍ਰਿਤ ਵੇਲਾ ਹੋਇਆ ਕਿੱਥੇ ਇਸ਼ਨਨ ਕਰਾਂ,
ਵੱਗਦੀ ਹੈ ਲਹੂ ਦੀ ਝਨਾਬ ਮਰਦਾਨਿਆਂ।

ਤਾਰਿਆਂ ਤੋਂ ਪੁੱਛਦਾ ਹਾਂ ਹੋਰ ਕਿੰਨੇ ਸਾਹ ਲੈਣੇ,
ਰਾਤੀਂ ਏਹੋ ਲਾਉਂਦਾ ਹਾਂ ਹਿਸਾਬ ਮਰਦਾਨਿਆਂ।

ਪੜ੍ਹਨੀਆਂ 'ਚਰਨ ਦੀਆਂ ਕੂਕਾਂ ਕਰਲਾਟਾਂ ਪੜ੍ਹ,
ਪੜ੍ਹ ਲਉ ਖੁੱਲੀ ਇਹ ਕਿਤਾਬ ਮਰਦਾਨਿਆਂ।

***

ਦੂਰ ਦੂਰ ਤੱਕ ਦਿਲ 'ਚ ਫੈਲੇ ਦਹਿਸ਼ਤ ਦੇ ਪਰਛਾਵੇਂ,
ਤੈਨੂੰ ਸ਼ਾਇਰ ਮੈਂ ਆਖਾਂ ਜੇ ਇਹ ਦਹਿਸ਼ਤਵਾਦ ਮਿਟਾਵੇਂ।

ਸੋਚ ਰਿਹਾ ਹਾਂ ਏਹੋ ਮੇਰੇ ਚੇਤੇ ਨੂੰ ਕੀ ਹੋਇਆ,
ਖ਼ਤ ਜਿਨ੍ਹਾਂ ਨੂੰ ਲਿਖਣਾ ਹੈ ਉਹ ਲੱਭਦੇ ਨਹੀਂ ਸਰਨਾਵੇਂ।

ਕਿਹੜੀ ਬੱਸ 'ਚੋਂ ਲਾਹ ਕੇ ਬਾਬਾ ! ਤੈਨੂੰ ਗੋਲੀ ਮਾਰੀ,
ਕਿਹੜਾ ਏਥੇ ਸਰਵਣ ਤੇਰਾ ਜਿਸਨੂੰ ਪਿਆ ਬੁਲਾਵੇਂ।

ਇਹ ਵੀ ਏਥੇ ਲਿਖ ਦੇਵਾਂ ਕਿ ਸਾਹ ਮੇਰਾ ਹੈ ਘੁੱਟਦਾ,
ਹੈਥੋਂ ਮੈਨੂੰ ਜੇਕਰ ਮੇਰਾ ਕਾਗ਼ਜ਼ ਕਲਮ ਫੜਾਵੇਂ।

'ਚਰਨ' ਕਿਸੇ ਦੇ ਕਹੇ-ਕਹਾਏ ਕੱਟ ਦਿੱਤੇ ਰੁੱਖ ਸਾਰੇ,
ਅੱਗ ਵਰ੍ਹੀ ਤਾਂ ਕੱਲ ਨੂੰ ਕਿਸਦੀ ਬੈਠੇਂਗਾ ਤੂੰ ਛਾਵੇਂ।

੪੨੮, ਗੁਰੂਨਾਨਕਪੁਰਾ (ਵੈਸਟ)
ਡਾਕ: ਚੋਗਿਟੀ ਜਲੰਧਰ — 144009



Namdhari Elibrary NamdhariElibrary@gmail.com

# 'ਬੀਤੇ ਦੀਆਂ ਪੈੜਾਂ' ਦਾ ਗਵਾਹ—ਪ੍ਰੀਤਮ ਸਿੰਘ ਕਵੀ

*—ਸੁਵਰਨ ਸਿੰਘ ਵਿਰਕ*

ਇਹ ਇਕ ਅਚੰਭੇ ਵਾਲੀ ਗੱਲ ਹੈ ਕਿ ਪ੍ਰੀਤਮ ਸਿੰਘ ਕਵੀ ਨਾਂ ਦੇ ਸੱਜਣ ਨੇ ਪੰਜਾਬੀ ਵਾਰਤਕ ਵਿਚ ਜਿਸ ਤਰ੍ਹਾਂ ਆਪਣੀਆਂ ਪੈੜ੍ਹਾਂ ਛੱਡੀਆਂ ਹਨ, ਉਹ ਵੀਹਵੀਂ ਸਦੀ ਦੇ ਕੁਝ ਗਿਣੇ ਚੁਣੇ ਵਾਰਤਕਕਾਰਾਂ ਵਿਚ ਆਪਣਾ ਸਥਾਨ ਸੁਨਿਸ਼ਚਿਤ ਕਰਵਾ ਚੁੱਕਾ ਹੈ। ਵੀਹਵੀਂ ਸਦੀ ਵਿਚ ਹੀ ਆਧੁਨਿਕ ਪੰਜਾਬੀ ਵਾਰਤਕ ਦਾ ਮੂੰਹ ਮੱਥਾ ਨਿੱਖਰਦਾ ਹੈ ਕਿਉਂਕਿ ਇਸੇ ਸਦੀ ਵਿਚ ਹੀ ਪੰਜਾਬੀ ਭਾਈਚਾਰਾ ਗਿਆਨ-ਵਿਗਿਆਨ, ਖੋਜਾਂ-ਕਾਢਾਂ ਅਤੇ ਨਵੀਆਂ ਲੱਭਤਾਂ ਦੇ ਰੂ ਬ ਰੂ ਹੁੰਦਾ ਹੈ ਜਿਹੜੀਆਂ ਆਧੁਨਿਕ ਵਾਰਤਕ ਦੀਆਂ ਪੂਰਵ ਵਰਤੀ ਲੋੜਾਂ ਸਨ। ਦੇਸ਼ ਵਿਚ ਪੰਜਾਬ ਵਿਚ ਅਤੇ ਵਿਸ਼ਵ ਸਤਰ ਤੇ ਵਾਪਰਨ ਵਾਲੀਆਂ ਸਮਾਜੀ ਸਿਆਸੀ ਤੇ ਆਰਥਿਕ ਘਟਨਾਵਾਂ ਨੇ ਵੀ ਮੁਕਾਬਲਤਨ ਸ਼ਾਂਤ ਪੰਜਾਬੀ ਜਨ ਜੀਵਨ ਵਿਚ ਵੀ ਇਕ ਹਿਲ ਜੁਲ ਪੈਦਾ ਕਰ ਦਿੱਤੀ ਸੀ। ਇਹਨਾਂ ਵਿਚਾਰ ਤਰੰਗਾਂ ਨੂੰ ਪਕੜਣ ਵਾਸਤੇ ਕਲਮਾਂ ਦੀ ਨੋਕ ਤੇ ਨੱਚਣ ਵਾਲੇ ਅੱਖਰਾਂ ਨੇ ਘੋੜੂ ਪਉਣਾ ਸ਼ੁਰੂ ਕਰ ਦਿਤਾ ਸੀ। ਅਤੀਤ ਵੱਲ ਵਾਪਸੀ ਦੇ ਨਾਹਰੇ ਹੇਠ ਸਮਕਾਲੀ ਸਮੱਸਿਆਵਾਂ ਨਾਲ ਦਸਤ ਪੰਜਾ ਨਹੀਂ ਲਿਆ ਜਾ ਸਕਦਾ ਸੀ। ਬਸਤੀਵਾਦੀ ਲੁੱਟ ਖੁਸੱਟ ਦੇ ਵਿਰੁੱਧ ਸਾਰੇ ਮਹਾਂਦੀਪਾਂ ਵਿਚੋਂ ਅਜ਼ਾਦੀ ਦੀਆਂ ਰੁਮਕਦੀਆਂ ਪੌਣਾਂ ਨੇ ਪੰਜਾਬੀ ਦਿਲ ਦਿਮਾਗ ਨੂੰ ਵੀ ਤਰੋ ਤਾਜ਼ਾ ਕਰ ਦਿਤਾ ਸੀ। ਕੁਝ ਮੰਤਰ ਜਾਂ ਟੋਟਕੇ ਸੂਤਰ ਬੱਧ ਕਰਨ ਵਿਚ, ਮਿਲਦੇ ਤੁਕਾਂਤ ਵਾਲੀ ਕਵਿਤਾ ਸਹਾਈ ਹੋ ਸਕਦੀ ਸੀ, ਪਰ ਜ਼ਿੰਦਗੀ ਦੇ ਵਿਸ਼ਾਲ ਜਗਤ ਵਿਚ ਉਤਰ ਕੇ ਵਾਰਤਕ ਦੀ ਹੀ ਬਾਂਹ ਫੜਨੀ ਪੈਣੀ ਸੀ। ੧੯੧੭ ਦੀ ਮਹਾਨ ਅਕਤੂਬਰ ਸਮਾਜਵਾਦੀ ਕ੍ਰਾਂਤੀ ਦਾ ਅਸਰ ਭਾਰਤ ਅਤੇ ਵਿਸ਼ੇਸ਼ ਕਰ ਪੰਜਾਬ ਦੇ ਸੁਤੰਤਰਤਾ ਸੰਗਰਾਮ ਤੇ ਵੀ ਇਸ ਕਦਰ ਪਿਆ ਕਿ ਜਨ ਲਾਮਬੰਦੀ ਵਿਚ ਵੀ ਵਾਧਾ ਹੋਇਆ ਅਤੇ ਆਜ਼ਾਦੀ ਲਈ ਚੱਲਣ ਵਾਲੀਆਂ ਲਹਿਰਾਂ ਦੀ ਗਿਣਤੀ ਵੀ ਵਧ ਗਈ ਅਤੇ ਇਕ ਲਹਿਰ ਦੂਸਰੀ ਲਹਿਰ ਨੂੰ ਜਨਮ ਦੇਣ ਜਾਂ ਪ੍ਰਚੰਡ ਕਰਨ ਦਾ ਕਾਰਨ ਵੀ ਬਣਦੀ ਰਹੀ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ੧੮੫੭ ਈ. ਦੀ ਵੈਸਾਖੀ ਨੂੰ ਸ਼ੁਰੂ ਕੀਤੀ ਗਈ ਕੂਕਾ-ਲਹਿਰ, ਦਮਨ ਚੱਕਰ ਵਿਚੋਂ ਗੁਜ਼ਰਦੀ ਹੋਈ, ਜੋ ਅੰਗਰੇਜ਼ ਸਰਕਾਰ ਉਸ ਵਿਰੁੱਧ ਬੇਫਿਕਰ ਹੋ ਕੇ ਚਲਾ ਰਹੀ ਸੀ, ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਕੌਮੀ ਮੁਕਤੀ ਅੰਦੋਲਨ ਦੀ, ਚੌਗਿਰਦੇ ਨਾਲ ਵਡੇਰੀ ਸਾਂਝ ਪਾਉਣ ਲਈ ੧੯੨੦ ਈ. ਵਿਚ ਨਾਮਧਾਰੀ ਦਰਬਾਰ ਦੇ ਮੁੱਖ ਬੁਲਾਰੇ ਦੇ ਤੌਰ ਤੇ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਵਿਚ ਹਫਤਾਵਾਰ ਅਖਬਾਰ ਸਤਿਜੁਗ ਸ਼ੁਰੂ ਕਰਵਾ ਦਿਤਾ। ਜ਼ਾਹਿਰ ਹੈ ਕਿ ਇਸ ਅਖਬਾਰ ਲਈ ਲਿਖਣ ਤੇ ਇਸਨੂੰ ਸੰਪਾਦਿਤ ਕਰਨ ਵਾਲੇ ਸੱਜਣ ਵੀ ਨਾਮਧਾਰੀ ਭਾਈਚਾਰੇ ਵਿਚੋਂ ਹੀ ਆਉਣੇ ਸਨ, ਇਕ ਦੋ ਅਪਵਾਦਾਂ ਨੂੰ ਛੱਡ ਕੇ। ਆਪਣੇ ਕੁਰਬਾਨੀਆਂ ਭਰੇ ਅਤੀਤ ਪ੍ਰਤੀ ਮਾਣ ਅਤੇ ਸਮਤਾ ਮੂਲਕ ਭਾਈਚਾਰੇ ਦੀ ਸਥਾਪਨਾ ਦੀ ਭਵਿੱਖਮਈ ਆਸ ਲੈ ਕੇ, ਸਤਿਜੁਗ ਆਪਣੇ ਵਰਤਮਾਨ ਦੇ ਸਨਮੁੱਖ ਹੋਇਆ। ਕੌਮ ਪ੍ਰਸਤੀ ਅਤੇ ਦੇਸ਼ ਭਗਤੀ ਦੇ ਇਸ ਸਾਗਰ ਮੰਥਨ ਵਿਚੋਂ ਜੋ ਹੀਰੇ ਮੋਤੀ ਹੱਥ ਆਏ ਪ੍ਰੀਤਮ ਸਿੰਘ ਕਵੀ ਉਹਨਾਂ ਵਿਚੋਂ ਇਕ ਸੀ। ਸ਼ਬਦਾਂ ਨਾਲ ਅਠਖੇਲੀਆਂ ਕਰਨ ਵਾਲੇ ਮਸਤਾਨਾ ਲੇਖਕ, ਸੰਤ ਇੰਦਰ ਸਿੰਘ ਚੱਕਰਵਰਤੀ ਤੋਂ ਬਾਅਦ, ਪਾਠਕਾਂ ਦੇ ਚੇਤਿਆਂ ਵਿਚ ਸਦਾ ਵੱਸਣ ਵਾਲਾ, ਸਤਿਜੁਗ ਦਾ ਦੂਜਾ ਸੰਪਾਦਕ, ਪ੍ਰੀਤਮ ਸਿੰਘ ਕਵੀ ਹੋ ਨਿੱਬੜਿਆ।

ਪ੍ਰੀਤਮ ਸਿੰਘ ਕਵੀ ਦਾ ਜਨਮ ੧੯੧੦ ਈ. ਵਿਚ ਪਿਤਾ ਸੰਤ ਫੂਲਾ ਸਿੰਘ ਅਤੇ ਮਾਤਾ ਦਿਆਲ ਕੌਰ ਦੇ ਕਿਸਾਨ ਪਰਿਵਾਰ ਵਿਚ, ਪੱਛਮੀ ਪੰਜਾਬ ਦੇ ਜ਼ਿਲ੍ਹਾ ਲਾਹੌਰ ਦੇ ਪਿੰਡ ਡੱਫਰਕੇ ਵਿਖੇ ਹੋਇਆ। ਇਹ ਪਿੰਡ ਸ਼ੇਰ ਸਿੰਘ ਅਤੇ ਚੇਤ ਸਿੰਘ ਦੋ ਮਸਤ ਕੂਕੇ ਭਰਾਵਾਂ ਸਦਕਾ, ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਵਿਚ ਵਾਹਵਾ ਚਰਚਿਤ ਰਿਹਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਇਕ ਪਰਚਾਰ ਦੌਰੇ ਸਮੇਂ ਜਦੋਂ ਇਸ ਪਿੰਡ ਵਿਚ ਭਾਈ ਸ਼ੇਰ ਸਿੰਘ ਦੇ ਘਰ ਚਰਨ ਪਾਏ ਸਨ ਤਾਂ ਉਸ ਨੇ ਹਜ਼ੂਰ ਦੇ ਬੈਠਣ ਵਾਲੀ ਜਗ੍ਹਾ ਨੂੰ ਸਦੀਵੀ ਯਾਦ ਬਨਾਉਣ ਲਈ, ਆਪਣੇ ਵਿਹੜੇ ਦੇ ਉਸ ਹਿਸੇ ਵਿਚ ਸੰਤ ਖਾਲਸੇ ਦਾ ਸਫੈਦ ਸਤਿਜੁਗੀ ਨਿਸ਼ਾਨ ਝੁਲਾ ਦਿਤਾ ਸੀ। ਕਵੀ ਜੀ ਦਾ ਬਚਪਨ ਇਸੇ ਨਗਰ ਵਿਚ ਬਤੀਤ ਹੋਇਆ। ਮਾਤਾ ਪਿਤਾ ਦੋਵੇਂ ਗੁਰੂ ਸੇਵੀ ਸਨ ਉਹ ਉਹਨਾਂ ਨੂੰ ਨਾਮਧਾਰੀ ਸੰਗਤ ਦੁਆਰਾ ਮਨਾਏ ਜਾਣ ਵਾਲੇ ਹੋਲੇ ਮੇਲਿਆਂ ਵਿਚ ਪਰਿਵਾਰ ਦੇ ਬਾਕੀ ਜੀਆਂ ਸਮੇਤ ਲੈ ਜਾਂਦੇ। ਫਿਰ ਉਨੀ ਸੌ ਤੀਹਵਿਆਂ ਦੇ ਅਰੰਭ ਵਿਚ, ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਚ ਇਕ ਨਾਮਧਾਰੀ ਵਿਦਿਆਲਾ ਖੋਹਲ ਦਿੱਤਾ ਗਿਆ ਜਿੱਥੇ ਆਪ ਦੇ ਦੋਵੇਂ ਸਾਹਿਬਜ਼ਾਦੇ (ਵਰਤਮਾਨ ਸਤਿਗੁਰੂ) ਜਗਜੀਤ ਸਿੰਘ (ਤਦੋਂਕੇ ਬਿਅੰਤ ਜੀ) ਅਤੇ (ਮਹਾਰਾਜ) ਬੀਰ ਸਿੰਘ (ਤਦੋਂਕੇ ਬੱਲੋਂ ਜੀ) ਵੀ ਹੋਰਨਾਂ ਬੱਚਿਆਂ ਨਾਲ ਹਿੰਦੀ, ਪੰਜਾਬੀ, ਅੰਗਰੇਜ਼ੀ ਅਤੇ ਸੰਸਕ੍ਰਿਤ ਦੀ ਵਿਦਿਆ ਗ੍ਰਹਿਣ ਕਰਦੇ।



Namdhari Elibrary NamdhariElibrary@gmail.com

ਪ੍ਰੀਤਮ ਸਿੰਘ ਕਵੀ ਵੀ ਇਸ ਵਿਦਿਆਲੇ ਦੇ ਬਾਰਾਂ ਸਾਲਾ ਕੋਰਸ ਵਿਚ ਆ ਦਾਖਲ ਹੋਇਆ ਜਿੱਥੇ ਉਸਦੇ ਦੋ ਹੋਰ ਸਹਿਪਾਠੀ ਪ੍ਰੀਤਮ ਸਿੰਘ ਪੰਛੀ ਅਤੇ ਰਜਿੰਦਰ ਸਿੰਘ ਗੁਰੂਸਰ, ਉਸ ਜਿਉਂ ਭਾਵੀ ਪੰਜਾਬੀ ਲੇਖਕ ਬਣਨ ਦੇ ਚਿੰਨ੍ਹ ਪ੍ਰਗਟ ਕਰ ਰਹੇ ਸਨ। ਇਸ ਵਿਦਿਆਲੇ ਵਿਚ ਰਹਿੰਦਿਆਂ ਹੀ ਇਹਨਾਂ ਸੱਜਣਾਂ ਨੇ ਪੰਜਾਬੀ ਦਾ ਇਕ ਹੱਥਲਿਖਤ ਪਰਚਾ "ਪਿਆਰਾ" ਕੱਢਣਾ ਸ਼ੁਰੂ ਕੀਤਾ ਕਿਉਂਕਿ ਮਨੁੱਖੀ ਸੁਭਾਅ ਦੇ ਗਹਿਰੇ ਪਾਰਖੂ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਇਹਨਾਂ ਬੱਚਿਆਂ ਦੀ ਛੁਪੀ ਲੇਖਕੀ ਪ੍ਰਤਿਭਾ ਨੂੰ ਤਾੜ ਕੇ, ਇਹਨਾਂ ਨੂੰ ਲਿਖਣ ਸਮੱਗਰੀ ਮਹੁਈਆ ਕਰਵਾ ਦਿਤੀ ਸੀ।

ਸ੍ਰੀ ਭੈਣੀ ਸਾਹਿਬ ਵਿਦਿਆਲੇ ਦੇ ਵਿਦਿਆਰਥੀ ਅੱਖਰ ਗਿਆਨ ਦੇ ਨਾਲ ਨਾਲ ਤਕਨੀਕੀ ਗੁਣ ਵੀ ਸਿਖਦੇ ਸਨ। ਖੱਡੀਆਂ ਤੇ ਕੱਪੜਾ ਬੁਨਣ ਤੋਂ ਇਲਾਵਾ ਹੋਰ ਦਸਤਕਾਰੀਆਂ ਵੀ ਸਿਖਾਈਆਂ ਜਾਂਦੀਆਂ ਸਨ। "ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈੱਸ ਵੀ ਭੈਣੀ ਸਾਹਿਬ ਵਿਚੋਂ ਛਪਣ ਵਾਲੇ ਪਰਚੇ ਸਤਿਜੁਗ ਲਈ ਅੱਖਰ ਜੋੜਨ ਦਾ ਕੰਮ, ਕੰਪੋਜ਼ਟਰੀ ਕਰਦੇ ਕਰਦੇ, ਪਰੂਫ ਪੜ੍ਹਦੇ ਪੜ੍ਹਦੇ ਇਹ ਵਿਦਿਆਰਥੀ ਇਸ ਪਰਚੇ ਲਈ ਲਿਖਣ ਵੀ ਲੱਗ ਪਏ। ੧੯੯੮ ਬਿਕ੍ਰਮੀ ਮੁਤਾਬਿਕ ੧੯੪੧ ਈ. ਦੇ ਸਤਿਜੁਗ ਦੇ ਸੰਤ ਅੰਕ ਵਿਚ ਸਾਨੂੰ "ਸ਼ੇਰ ਸਿੰਘ ਡੱਫਰਕਾ" ਅਤੇ "ਗੁਰੂ ਕੀਆਂ ਕਾਰਾਂ" ਨਾਮੀ ਦੋ ਲੇਖ ਪ੍ਰੀਤਮ ਸਿੰਘ ਕਵੀ ਦੇ ਨਾਂ ਹੇਠ ਛਪੇ ਹੋਏ ਮਿਲਦੇ ਹਨ। ਲੇਖ ਗੁਰੂ ਕੀਆਂ ਕਾਰਾਂ ਵਿਚ ਲਾਹੌਰ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਉਹਨਾਂ ਨਾਮਧਾਰੀ ਮਸਤਾਨਿਆਂ, ਸੰਤ ਗੰਡਾ ਸਿੰਘ ਇੱਬਣ ਵਾਲਾ, ਵਸਾਵਾ ਸਿੰਘ ਜੀਆ ਬੱਗਾ ਅਤੇ ਜੈਮਲ ਸਿੰਘ ਮਾਂਗਾ ਦੇ ਪ੍ਰਸੰਗ ਬਿਆਨ ਕੀਤੇ ਗਏ ਹਨ ਜਿਹਨਾਂ ਵਿਚ ੧੯੭੨ ਈ. ਤੋਂ ਬਾਅਦ ਕਿਸੇ ਨਾਂ ਕਿਸੇ ਰੂਪ ਵਿਚ ਗੁਰੂ ਕੀ ਕਾਰ ਪ੍ਰਗਟ ਹੁੰਦੀ ਸੀ। ਇਹਨਾਂ ਮਸਤਾਂ ਵਿਚ ਸਤਿਗੁਰੂ ਰਾਮ ਸਿੰਘ ਤੇ ਕਿੰਨੀ ਅਗਾਧ ਸ਼ਰਧਾ ਸੀ ਉਸ ਦਾ ਝਲਕਾਰਾ ਬਾਬਾ ਜੈਮਲ ਸਿੰਘ ਦੇ ਲੇਖਕ ਨੂੰ ਸੰਬੋਧਿਤ ਕੀਤੇ ਇਹਨਾਂ ਸ਼ਬਦਾਂ ਤੋਂ ਮਿਲਦਾ ਹੈ:

"ਕਾਕਾ, ਇਹ ਸਭ ਕੁਝ, ਜੋ ਕੁਝ ਹੋ ਰਿਹਾ ਹੈ, ਸਤਿਗੁਰੂ ਰਾਮ ਸਿੰਘ ਕਰ ਰਿਹਾ ਹੈ, ਜੋ ਕੁਝ ਹੋ ਚੁੱਕਾ ਹੈ, ਸਤਿਗੁਰੂ ਰਾਮ ਸਿੰਘ ਕੀਤਾ ਸੀ ਤੇ ਅੱਗੇ ਭੀ ਜੋ ਕੁਝ ਹੋਵੇਗਾ ਸਤਿਗੁਰੂ ਰਾਮ ਸਿੰਘ ਕਰੇਗਾ। ਜਿੱਥੇ ਸਾਡੇ ਇਹ ਬਚਨ ਲਿਖੇਂਗਾ ਉੱਥੇ ਇਹ ਜ਼ਰੂਰ ਹੀ ਲਿਖੀਂ ਕਿ ਸਤਿਗੁਰੂ ਰਾਮ ਸਿੰਘ ਤੋਂ ਬਿਨਾਂ ਦੁਨੀਆ ਉਤੇ ਕੋਈ ਚੀਜ਼ ਨਹੀਂ।"[1] ਆਪਣੇ ਇਸ਼ਟ ਦੀ ਜ਼ਾਤ ਵਿਚੋਂ ਸਮੁੱਚੀ ਲੋਕਾਈ ਤੇ ਖੁਦਾਈ ਦੇ ਦਰਸ਼ਨ ਕਰਨੇ ਕੋਈ ਕੂਕਿਆਂ ਤੋਂ ਸਿੱਖੇ। ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਜੀਵਨ ਦਰਸ਼ਨ ਵਿਚ ਅਤੁਟ ਭਰੋਸਾ ਪ੍ਰੀਤਮ ਸਿੰਘ ਕਵੀ ਦੇ ਜੀਵਨ ਦਰਸ਼ਨ ਦੀ ਬੁਨਿਆਦ ਹੋ ਨਿੱਬੜਦੀ ਹੈ। ਵਿਸ਼ੇਸ਼ ਕਰ ਕੇ ਕੂਕਾ ਲਹਿਰ ਦਾ ਬਸਤੀਵਾਦ ਅਤੇ ਸਾਮੰਤ ਵਾਦ ਵਿਰੋਧੀ ਅਤੇ ਹਰ ਤਰ੍ਹਾਂ ਦੇ ਜ਼ੋਰ ਜ਼ੁਲਮ, ਲੁੱਟ ਖਸੁੱਟ, ਊਚ ਨੀਚ ਵਿਰੁਧ, ਮਨੁੱਖੀ ਪੈਂਤੜੇ ਤੋਂ ਬੰਧਨ ਮੁਕਤ ਹੋਣ ਦੀ ਅਕਾਂਖਿਆ ਤੇ ਹੀ ਕੂਕਾ ਜੀਵਨ ਮੁੱਲ ਵਿਧਾਨ ਕੇਂਦਰਿਤ ਸੀ। ਇਸੇ ਲਈ ਜਦੋਂ ਗਦਰ ਪਾਰਟੀ ਵਾਲੇ ਬਾਬੇ ਸੋਵੀਅਤ ਸੰਘ ਵਿਚੋਂ ਮਾਰਕਸਵਾਦ ਲੈਨਿਨਵਾਦ ਦੀ ਸਿਖਿਆ ਲੈ ਕੇ ਦੇਸ਼ ਪਰਤੇ ਅਤੇ ਇਧਰ ਆ ਕੇ ਕਿਰਤੀ ਕਿਸਾਨਾਂ ਨੂੰ ਇਕ ਜੁੱਟ ਕਰਨ ਲੱਗੇ ਤਾਂ ਕੂਕੇ ਮਸਤਾਨਿਆਂ ਅਤੇ ਨਾਮਧਾਰੀ ਚਿੰਤਕਾਂ ਨੂੰ ਇਸ ਸਾਰੀ ਕਾਰਵਾਈ ਵਿਚੋਂ, ਸਤਿਗੁਰੂ ਰਾਮ ਸਿੰਘ ਜੀ ਦੇ ਮਨੋਰਥਾਂ ਦੀ ਪੂਰਤੀ ਹੁੰਦੀ ਨਜ਼ਰ ਆਉਣ ਲੱਗੀ। ਸ੍. ਗੁਰਬਖਸ਼ ਸਿੰਘ ਹੋਰਾਂ ਦੀ ਪ੍ਰੀਤ ਲੜੀ, ਰਾਹੁਲ ਸੰਕ੍ਰਿਤਿਆਨ ਅਤੇ ਹੋਰ ਅੱਗੇ ਵਧੂ ਲੇਖਕਾਂ ਦੀਆਂ ਕਿਰਤਾਂ ਨਵਯੁਵਕ ਪ੍ਰੀਤਮ ਸਿੰਘ ਕਵੀ ਵਿਚ ਭੈਣੀ ਸਾਹਿਬ ਕਿਆਮ ਦੇ ਦੌਰਾਨ ਹੀ ਤਰੱਕੀ ਪਸੰਦ ਵਿਚਾਰਾਂ ਦੀ ਜਾਗ ਲਾ ਦਿਤੀ ਸੀ। ਦੂਜੇ ਵਿਸ਼ਵ ਯੁੱਧ ਦੇ ਮਗਰਲੇ ਅੱਧ ਦਾ ਸਮਾਂ ਕੌਮੀ ਜੀਵਨ ਵਿਚ ਵੀ ਬੜਾ ਹੋਣੀਆਂ ਭਰਪੂਰ ਸਮਾਂ ਸੀ। ਮੰਦਵਾੜੇ ਦੀ ਲਗਾਤਾਰ ਮਾਰ ਝੱਲਣ ਵਾਲੀ ਪੰਜਾਬ ਦੀ ਕਿਸਾਨੀ ਵੀ ਸੀ.ਪੀ. ਆਈ. ਦੇ ਪ੍ਰਭਾਵ ਹੇਠਲੀ ਕਿਸਾਨ ਸਭਾ ਵਿਚ ਸੰਗਠਿਤ ਹੋ ਰਹੀ ਸੀ। ਕਵੀ ਜੀ ਦੇ ਗ੍ਰਹਿ ਜ਼ਿਲ੍ਹਾ ਲਾਹੌਰ ਵਿਚ ਕਿਸਾਨ ਸਭਾ ਏਨੀ ਤਾਕਤਵਰ ਹੋ ਚੁੱਕੀ ਸੀ ਕਿ ਉਸ ਨੇ ਨਾਮਧਾਰੀ ਪ੍ਰਭਾਵ ਵਾਲੇ ਇਕ ਹੋਰ ਪਿੰਡ ਜੀਆ ਬੱਗਾ ਵਿਖੇ, ਵੰਡ ਤੋਂ ਕੁਝ ਵਰ੍ਹੇ ਪਹਿਲਾਂ ਪੰਜਾਬ ਕਿਸਾਨ ਸਭਾ ਦਾ ਸਾਲਾਨਾ ਸਮਾਗਮ ਧੂਮ ਧਾਮ ਨਾਲ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਸੀ। ਸੰਨ ੧੯੩੦ ਈ. ਤੋਂ ੧੯੪੨ ਈ. ਤੱਕ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਦੀ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਕਵੀ ਜੀ ਆਪਣੇ ਪਿੰਡ ਡੱਫਰਕੇ ਆ ਗਏ ਅਤੇ ਇਹੋ ਸਮਾਂ ਉਨ੍ਹਾਂ ਦਾ ਭਾਰਤੀ ਕਮਿਊਨਿਸਟ ਪਾਰਟੀ ਦੀ ਐਕਟਿਵ ਮੈਂਬਰੀ ਗ੍ਰਹਿਣ ਕਰਨ ਦਾ ਸਮਾਂ ਹੈ। ਵੈਸੇ ਨਾਮਧਾਰੀ ਪੰਥ ਵਿਚ ਹੁੰਦਿਆਂ ਵੀ ਉਹਨਾਂ ਆਪਣੇ ਹਮਖ਼ਿਆਲੀ ਸੱਜਣਾਂ ਮਿਤਰਾਂ ਨਾਲ ਰਲ ਕੇ ਕੁਝ ਨਵਾਂ ਨਰੋਆ ਕਰਨ ਦਾ ਸੰਕਲਪ ਚਿਤਵਿਆ ਸੀ, ਜੋ ਵੇਲੇ ਦੀਆਂ ਹਕੀਕਤਾਂ ਨਾਲ ਮੇਲ ਖਾਂਦਾ ਨਾਂ ਹੋਣ ਕਾਰਨ ਅੱਧ ਵਾਟੇ ਦਮ ਤੋੜ ਗਿਆ। ਅਸੀਂ ਆਪਣੀ ਗੱਲ ਸਪਸ਼ਟ ਕਰਨ ਲਈ, ਆਪਣੇ ਤੋਂ ਕੁਝ ਵਡੇਰੀ ਉਮਰ ਵਾਲੇ ਮਿਤਰ ਐਸ. ਐਸ. ਮਨ੍ਹਧੀਰ ਹੋਰਾਂ ਦੀ ਲਿਖਤ ਦਾ ਸਹਾਰਾ ਲਵਾਂਗੇ ਜੋ ਉਹਨਾਂ ਨੇ ਆਪਣੇ ਸਵਰਗੀ ਪਿਤਾ ਅਤੇ 'ਸਤਿਜੁੱਗ' ਤੇ ਰੋਜ਼ਾਨਾ "ਨਵਾਂ ਹਿੰਦੁਸਤਾਨ" ਦੇ ਰਹਿ ਚੁੱਕੇ ਸੰਪਾਦਕ ਸੰਤ ਮੰਗਲ ਸਿੰਘ ਜੀ 'ਲਾਇਲਪੁਰੀ' ਦੀਆਂ ਯਾਦਾਂ ਅੰਕਿਤ ਕਰਦਿਆਂ ਲਿਖਿਆ ਹੈ:



Namdhari Elibrary NamdhariElibrary@gmail.com

"ਇਕ ਹੋਰ ਹੀਲਾ, ਇਕ ਹੋਰ ਹੱਲਾ - ਨਾਮਧਾਰੀ ਸਮਾਜ ਦੇ ਉਤਸ਼ਾਹੀ ਬੁੱਧਵਾਨਾਂ ਵਲ ਪਹੁੰਚ ਕੀਤੀ ਗਈ, ਭਾਵੇਂ ਰਲ ਕੇ ਬੈਠੇ ਵਿਚਾਰਾਂ ਕੀਤੀਆਂ ਤੇ "ਨਾਮਧਾਰੀ ਪ੍ਰੋਗਰੈਸਿਵ ਪਾਰਟੀ" ਹੋਂਦ ਵਿਚ ਆ ਗਈ। ਲਾਇਲਪੁਰੀ ਜੀ ਦੇ ਸਾਥੀ ਬਣੇ ਪ੍ਰੀਤਮ ਸਿੰਘ ਕਵੀ, ਗੰਗਾ ਸਿੰਘ ਵਾਲੇ ਦੇ ਮੁਖਤਾਰ ਸਿੰਘ, ਲਾਹੌਰ ਤੋਂ ਬੂਟਾ ਸਿੰਘ ਐਮ. ਏ. ਜੋ ਬਾਅਦ ਵਿਚ ਚੋਟੀ ਦੇ ਕਹਾਣੀਕਾਰ ਵਜੋਂ ਜਾਣੇ ਗਏ, ਗੁਜਰਾਂਵਾਲੇ ਤੋਂ ਗਿਆਨੀ ਸੰਤੋਖ ਸਿੰਘ, ਸੇਵਾ ਸਿੰਘ ਸਚਦੇਵਾ ਤੇ ਗਿਆਨੀ ਹਰਬੰਸ ਸਿੰਘ ਜੋ ਅੱਜ ਕੱਲ੍ਹ ਥਾਈਲੈਂਡ ਵਿਚ ਹਨ, ਨਿਰੰਜਨ ਸਿੰਘ ਜਯੋਤੀ, ਸ਼ੇਖੂਪੁਰੇ ਤੋਂ ਬੁੱਧ ਸਿੰਘ ਲੋਹੇ ਵਾਲਿਆਂ ਦੇ ਸਪੁੱਤਰ ਸ੍ਰ. ਦਰਸ਼ਨ ਸਿੰਘ ਜੀ, ਸ੍ਰ. ਹਰਨਾਮ ਸਿੰਘ ਚਾਹਲ ਪੱਧਰੀ, ਸੰਤ ਸਿੰਘ ਕਾਮੋਕੇ, ਗੁਰਬਖਸ਼ ਸਿੰਘ ਬਰੇਲੀ, ਹਰਬੰਸ ਸਿੰਘ ਪ੍ਰਵਾਨਾ ਆਦਿ। ਸੋਚਣ ਸਮਝਣ ਵਾਲੇ ਬਹੁਤ ਨਾਮਧਾਰੀ ਸਿੱਖਾਂ ਦਾ ਸਾਥ ਲਾਇਲਪੁਰੀ ਜੀ ਨੂੰ ਮਿਲ ਗਿਆ। ਲੱਗਦਾ ਸੀ ਕਿ ਨਾਮਧਾਰੀ ਬੁੱਧ ਵਾਨਾਂ ਵਿਚ ਕੁਝ ਇਹੋ ਜਿਹਾ ਕਰ ਗੁਜ਼ਰਨ ਦੀ ਚਾਹ ਹੈ- ਜਿਸ ਨਾਲ ਨਾਮਧਾਰੀ ਸਮਾਜ ਦੀ ਪਛਾਣ ਦੂਰ ਨੇੜੇ ਦੇਸ ਪਰਦੇਸ ਤਕ ਹੋਣੀ ਚਾਹੀਦੀ ਹੈ।

ਪਰ ਕੁਝ ਮਹੀਨਿਆਂ ਦੀ ਕਸਰਤ ਤੇ ਫਿਰ ਹੁਕਮ ਦੀ ਕਾਰ। ਸਮਰੱਥ ਸਤਿਗੁਰੂ ਦੇ ਹੁਕਮ ਕਾਰਨ ਇਹ ਸੰਸਥਾ ਵੀ ਬੰਦ ਹੋ ਗਈ।"[3]

ਆਪਣੇ ਲੇਖਨੀ ਕਾਰਜ ਦੇ ਕਵੀ ਜੀ ਨੇ ਤਿੰਨ ਨਿਸ਼ਾਨੇ ਮਿਥੇ ਸਨ। ਨਾਮਧਾਰੀ ਸਮਾਜ ਦੇ ਵਰਤਮਾਨ ਸਤਿਗੁਰੂ ਜੀ ਦੀਆਂ ਜੀਵਨ ਕਥਾਵਾਂ ਦੀ ਹਕੀਕਤ ਬਿਆਨੀ ਤਾਂ ਕਿ ਬਾਅਦ ਵਿਚ ਕੂੜ ਕਹਾਣੀਆਂ ਨਾ ਬਣਾਈਆਂ ਜਾਣ। ਵਰਤਮਾਨ ਸਤਿਗੁਰੂ ਜੀ ਦੇ ਜੀਵਨ ਸਮਾਚਾਰ ਜੋ ਆਉਣ ਵਾਲੇ ਸਤਿਗੁਰੂ ਸਾਹਿਬਾਨ ਲਈ ਪ੍ਰੇਰਣਾ ਸਰੋਤ ਹੋਣ। ਆਪਣੇ ਜੀਵਨ ਨੂੰ ਗੁਰੂ ਅਨੁਰੂਪ ਢਾਲਣ ਵਾਲਿਆਂ ਨੂੰ ਗਾਹਣ ਵਿਚ ਗੱਡੇ ਕਾਨੇ ਮਿਲ ਜਾਣ। ਇਉਂ ਕਵੀ ਜੀ ਚਾਹੁੰਦੇ ਸਨ ਕਿ ਇਕ ਲੇਖਕ ਹਮੇਸ਼ਾ ਹੀ ਸਤਿਗੁਰੂ ਜੀ ਦੇ ਹਜ਼ੂਰੀ ਵਿਚ ਰਹਿ ਕੇ ਇਸ ਕਾਰਜ ਨੂੰ ਸਰੰਜਾਮ ਦੇਵੇ। ਕਵੀ ਜੀ ਦੇ ਆਪਣੇ ਸ਼ਬਦਾਂ ਵਿਚ—

"ਪਰ ਇਹ ਗੱਲ ਬਣੀ ਨਾ। ਮੈਂ ਖੁਦ ਸਤਿਗੁਰੂ ਜੀ ਤੋਂ ਦੂਰ ਚਲਾ ਗਿਆ। ਮੇਰਾ ਜਨ-ਸੇਵਾ ਦਾ ਸ਼ੌਕ ਤੇ ਬੁੱਧੀਮਾਨਤਾ ਮੈਨੂੰ ਕਮਿਊਨਿਸਟ ਪਾਰਟੀ ਆਫ ਇੰਡੀਆ ਵਿਚ ਲੈ ਗਏ। ਇਸ ਜਾਣ ਵਿਚ ਵੀ ਮੈਨੂੰ ਆਪਣੇ ਘਰੋਂ ਅਰਥਾਤ ਨਾਮਧਾਰੀਆਂ ਵਿਚੋਂ ਪ੍ਰੇਰਨਾ ਮਿਲੀ। ਇਹ ਤੁਕਾਂ

'ਰਾਮ ਸਿੰਘ ਉਚ ਨੀਚ ਡਰੈ।
ਅਵਨੀ ਏਕ ਰਸੋਈ ਕਰੈ।
ਉਠੈ ਰਾਮ ਸਿੰਘ ਦੂਲੋ।
ਪੁਟਦੇ ਸਭ ਰਾਜਨ ਕੋ ਮੂਲੋ।"[4]

'ਮੈਂ ਜੀਵਨ ਵਿਚ ਵਾਪਰਨ ਵਾਲੀਆਂ ਸਮਝਦਾ ਸਾਂ ਤੇ ਕਮਿਊਨਿਸਟ ਪਾਰਟੀ ਮੈਨੂੰ ਇਨ੍ਹਾਂ ਵਿਚਾਰਾਂ ਨੂੰ ਪਰਣਾਈ ਜਾਪੀ। ੧੯੪੫ ਤੋਂ ੧੯੫੭ ਅਤੇ ੧੯੬੬ ਤੋਂ ੧੯੭੭ ਤੱਕ ਮੈਂ ਪੂਰੀ ਇਮਾਨਦਾਰੀ, ਸੰਜੀਦਗੀ ਅਤੇ ਉਤਸ਼ਾਹੀ ਹਿੰਮਤ ਨਾਲ ਪਾਰਟੀ ਵਿਚ ਕੰਮ ਕੀਤਾ। ਸਾਧਾਰਨ ਪੱਧਰ ਤੋਂ ਲੈ ਕੇ ਹੈੱਡ ਕੁਆਰਟਰ ਤੱਕ ਦੀਆਂ ਜ਼ਿੰਮੇਵਾਰੀਆਂ ਨਿਬਾਹੀਆਂ। ਜ਼ਿੰਮੇ ਲੱਗੇ ਪਾਰਟੀ ਕੋਟਿਆਂ ਨੂੰ ਡਿਊਢਾ-ਦੁੱਗਣਾ ਤੱਕ ਪੂਰਾ ਕੀਤਾ। ਅੰਤਿਮ ਸੇਵਾ ਪਾਰਟੀ ਦੇ ਪ੍ਰੈੱਸ "ਦੀ ਅਵਾਮੀ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਸੋਸਾਇਟੀ ਲਿਮਟਿਡ, ਜਲੰਧਰ" (ਅਵਾਮੀ ਪ੍ਰੈੱਸ) ਵਿਚ ਮੈਨੇਜਰ ਦੇ ਤੌਰ 'ਤੇ ਕੀਤੀ। ਉਸ ਨੂੰ ਬੇਵਿਸਵਾਸੀ ਦੇ ਮਾਹੌਲ ਵਿਚੋਂ ਕੱਢ ਕੇ ਵਿਸ਼ਵਾਸ ਯੋਗਤਾ ਪ੍ਰਦਾਨ ਕੀਤੀ।

'ਪਰ ਇਸ ਸਾਰੇ ਸਮੇਂ ਵਿਚ ਮੇਰਾ ਨਾਮਧਾਰੀਆਂ ਨਾਲੋਂ ਮੋਹ ਨਹੀਂ ਟੁੱਟ ਸਕਿਆ। ਸਗੋਂ ਮੇਰੇ ਸਾਰੇ ਪ੍ਰੈੱਸ ਨਾਲ ਕੰਮਾਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਅਬੋਲ ਸਹਾਇਕ ਰਹੇ। ਕੋਈ ਸੰਦੇਹ ਨਹੀਂ ਕਿ ਜੇ ਮੈਨੂੰ ਸਮੇਂ ਸਮੇਂ ਸਤਿਗੁਰੂ ਜੀ ਵਾਲੇ ਪਾਸਿਓਂ ਆਰਥਿਕ ਸਹਾਇਤਾ ਨਾ ਮਿਲੀ ਹੁੰਦੀ ਤਾਂ ਪ੍ਰੈੱਸ ਨੂੰ ਭਰਪੂਰਤਾ ਨਾ ਪ੍ਰਦਾਨ ਕਰ ਸਕਦਾ।"[5]

੧੯੫੭ ਤੋਂ ੧੯੬੬ ਈ. ਤੱਕ ਜਦੋਂ ਕਵੀ ਜੀ ਦਾ ਪਰਿਵਾਰ ਤਾਂ ਪਾਕਿਸਤਾਨ ਬਣਨ ਬਾਅਦ ਪਹਿਲਾਂ ਮਲੋਟ ਤਹਿਸੀਲ ਵਿਚ ਪੰਜਾਵੇ ਅਤੇ ਫਿਰ ਨਵੀਂ ਦਿੱਲੀ ਜਾ ਟਿਕਿਆ, ਉਹ ਲਗਾਤਾਰ ਨੌਂ ਵਰ੍ਹੇ ਸ੍ਰੀ ਜੀਵਨ ਨਗਰ ਵਿਖੇ ਰਹਿ ਕੇ ਨਾਮਧਾਰੀ ਸਪਤਾਹਿਕ ਪਰਚੇ ਸਤਿਜੁਗ ਦੀ ਸੰਪਾਦਨਾ ਕਰਦੇ ਰਹੇ। ਇਹ ਸਮਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਅਤੇ ਯੁਵਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ ਨਸ਼ੀਨੀ ਪ੍ਰਾਰੰਭਿਕ ਔਕੜਾਂ 'ਤੇ ਕਾਬੂ ਪਾਉਣ ਅਤੇ ਉਨ੍ਹਾਂ ਦੀ ਰੂਹਾਨੀ ਸੱਤਾ ਦੀ ਸਥਾਪਤੀ ਵੱਲ ਵਧ ਰਹੇ ਕਦਮਾਂ ਦਾ ਸਮਾਂ ਸੀ। ਇਸ ਸਮੇਂ ਵਿਚ ਹੀ ਪ੍ਰੀਤਮ ਸਿੰਘ ਕਵੀ, ਜਿਸ ਨੂੰ ਰਾਜ, ਸਮਾਜ ਅਤੇ ਆਲੇ ਦੁਆਲੇ ਵੱਲੋਂ ਪੇਸ਼ ਕੀਤੀ ਵਿਕਟ ਪ੍ਰਸਥਿਤੀ ਦੇ ਸਬੰਧ ਵਿਚ ਹਰ ਹਫ਼ਤੇ ਆਪਣੇ ਅਖਬਾਰ ਵਿਚ ਸੰਪਾਦਕੀ ਲਿਖਣੀ ਪੈਂਦੀ ਸੀ, ਉਸ ਦੀ ਵਾਰਤਕ ਰਚਨਾ ਅਤੇ ਸ਼ੈਲੀ ਵਿਚ ਨਿਵੇਕਲੇ ਗੁਣ ਭਰਨ ਦੇ ਸਮਰੱਥ ਹੋਇਆ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਉਸ ਦੀ ਰਚਨਾ, ਸੰਤ ਇੰਦਰ ਸਿੰਘ ਚੱਕਰਵਰਤੀ ਦੇ ਚਮਤਕਾਰੀ ਪ੍ਰਭਾ ਮੰਡਲ ਤੋਂ ਬਾਹਰ ਨਿਕਲ ਕੇ, ਪਰਮ ਮਨੁੱਖ ਦੀ ਖੋਜ ਕਰਨ ਵਾਲੇ ਅਤੇ ਸਾਵੀਂ ਪੱਧਰੀ ਜ਼ਿੰਦਗੀ ਦੀ ਤੋਰ ਸਮਝਾਉਣ ਵਾਲੇ ਸ. ਗੁਰਬਖਸ਼ ਸਿੰਘ 'ਪ੍ਰੀਤ ਲੜੀ' ਦਾ ਅਸਰ ਕਬੂਲਣ ਲੱਗ ਪਈ ਸੀ। ਪ੍ਰੀਤਮ ਸਿੰਘ ਕਵੀ ਦੀ ਨਾ ਸਿਰਫ ਰਚਨਾ ਬਲਕਿ ਉਸ



Namdhari Elibrary NamdhariElibrary@gmail.com

ਦੀ ਸਮੁੱਚੀ ਰਹਿਣੀ ਬਹਿਣੀ ਤੇ ਜੀਵਨ ਜਾਚ ਉਤੇ ਪ੍ਰੀਤ ਲੜੀ ਦਾ ਪ੍ਰਭਾਵ ਪਰਤੱਖ ਨਜ਼ਰ ਆਉਂਦਾ ਸੀ। ਬਸਤਰਾਂ ਦਾ ਪਹਿਰਾਵਾ, ਬਣਨ ਫੱਬਣ, ਬੋਲਚਾਲ, ਸਲੀਕਾ ਅਤੇ ਆਪਣੇ ਆਪ ਨੂੰ ਇਕ ਲੈਅ ਇਕ ਮਟਕ ਨਾਲ ਪੇਸ਼ ਕਰਨ ਦੀ ਅਦਾਕਾਰੀ ਗੁਰਬਖਸ਼ ਸਿੰਘ ਦੁਆਰਾ ਸੁਝਾਈ ਸੰਸਕ੍ਰਿਤੀ ਦਾ ਹੀ ਇਕ ਪਰਤੌ ਸੀ। ਉਂਞ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਆਪਣੇ ਸਿੱਖਾਂ ਦੀ ਅੰਦਰੂਨੀ ਦਿੱਖ ਦੇ ਨਾਲ-ਨਾਲ ਬਾਹਰੀ ਦਿੱਖ ਵੀ ਖਿੱਚਵੀਂ ਤੇ ਟੁੰਬਣੀ ਹੋਣ ਦੇ ਪਰਚਾਰਕ ਸਨ। ਸ਼ਾਇਦ ਇਹੋ ਕਾਰਨ ਸੀ ਕਿ ਉਸ ਦੇ ਵਿਗਿਆਨਕ ਵਿਚਾਰਾਂ ਨਾਲ ਪੂਰਨ ਸਮਰੂਪਤਾ ਨਾ ਹੁੰਦਿਆਂ ਵੀ ਸ੍ਰੀ ਸਤਿਗੁਰੂ ਜੀ ਗੁਰਬਖਸ਼ ਸਿੰਘ ਹੋਰਾਂ ਦੇ ਵੱਡੇ ਕਦਰਦਾਨ ਸਨ ਅਤੇ ਗੁਰੂ ਪਰਿਵਾਰ ਦੀ 'ਪ੍ਰੀਤਲੜੀ ਪਰਿਵਾਰ" ਨਾਲ ਇਹ ਨੇੜਤਾ ਤੇ ਨਿੱਘ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਬਰਕਰਾਰ ਰੱਖਿਆ ਹੈ।

ਨਾਮਧਾਰੀ ਜਗਤ ਨਾਲ 'ਮੇਰੀ ਮੁੜ-ਮਿਲਣੀ' ਕਵੀ ਜੀ ਨੇ ਇਕ ਲੇਖ ਲਿਖਿਆ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਹੀ ਸੀ ਪਰ ੨੦੧੬ ਬਿਕ੍ਰਮੀ ਦੇ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਅੰਕ ਵਿਚ ਅਕੀਦਤ ਵਜੋਂ ਛਾਪਿਆ ਗਿਆ। ਇਸ ਵਿਚ ਉਹ ੧੫ ਵਰ੍ਹੇ ਬਾਅਦ 'ਨਵੇਂ ਭੈਣੀ ਸਾਹਿਬ' ਜੀਵਨ ਨਗਰ ਆ ਕੇ ਨਾਮਧਾਰੀ ਸੰਗਤ, ਸਤਿਗੁਰੂ ਪਰਤਾਪ ਸਿੰਘ ਜੀ ਅਤੇ ਉਨ੍ਹਾਂ ਦਿਆਂ ਦੋਹਾਂ ਸਾਹਿਬਜ਼ਾਦਿਆਂ ਦੇ ਦਰਸ਼ਨ ਕਰਦੇ ਹਨ ਅਤੇ ਫਿਰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਤਿਜੁਗ ਦੀ ਸੰਪਾਦਕੀ ਦੀ ਸੇਵਾ ਸੰਭਾਲ ਲੈਂਦੇ ਹਨ। ਜਜ਼ਬੇ, ਵਲਵਲੇ, ਵਿਸਵਿਸੇ, ਮਿਲਣ ਵਿਛੜਨ ਦੀਆਂ ਕਸਕਾਂ,ਆਪਣੀਆਂ ਨਜ਼ਰਾਂ ਵਿਚ ਸਮਤੋਲ ਰਹਿਣਾ, ਆਪਣੇ ਸੰਸਕਾਰਾਂ ਦੀ ਮਿੱਟੀ ਦੀ ਮਹਿਕ ਦੇ ਦਰਸ਼ਨ ਕਵੀ ਜੀ ਦੀ ਇਸ ਕਾਲਜੀਵੀ ਰਚਨਾ ਵਿਚੋਂ ਹੁੰਦੇ ਹਨ। ਕਵੀ ਜੀ ਆਪਣੇ ਅਵਚੇਤਨ ਵਿਚ ਨਿਹਾਰਦੇ ਹਨ ਕਿ ਇਨ੍ਹਾਂ ੧੫ ਕੁ ਸਾਲਾਂ ਵਿਚ ਜਦੋਂ ਦੇ ਉਨ੍ਹਾਂ ਦੇ ਦਰਸ਼ਨ ਨਹੀਂ ਹੋਏ, ਸਤਿਗੁਰੂ ਪ੍ਰਤਾਪ ਸਿੰਘ ਜੀ ਕਿੰਨੇ ਕੁ ਬਿਰਧ ਹੋ ਗਏ ਹੋਣਗੇ। ਫਗਵਾੜੇ ਸੰਤ ਪ੍ਰੀਤਮ ਸਿੰਘ ਪੱਦੀ ਵਾਲਿਆਂ ਦੀ ਵਰਕਸ਼ਾਪ ਵਿਚ ਸਤਿਗੁਰੂ ਜੀ ਦੀ ਇਕ ਫੋਟੋ ਤੱਕਣ ਬਾਅਦ ਉਸ ਵਿਚਲੇ ਨੇਤਰਾਂ ਨੇ ਲੋਹੜੇ ਦੀ ਧੂਹ ਪਾਈ ਤੇ ਕਵੀ ਜੀ ਮਰਨ ਤੋਂ ਪਹਿਲਾਂ ਇਕ ਵਾਰ ਆਪਣੇ ਪਿਆਰੇ ਨੂੰ ਮਿਲਣ ਲਈ ਬਿਹਬਲ ਰਹਿਣ ਲੱਗੇ। ਤੇ ਜਦੋਂ ਉਹ ਸਾਈਕਲ ਤੇ ਪੰਜਾਵਿਉਂ ਕਰੀਵਾਲੇ ਨੂੰ ਆਪਣੇ ਮਿੱਤਰਾਂ ਪਾਸ ਜਾਂਦਿਆਂ, ਰਾਹ ਵਿਚ ਪੈਂਦੇ ਜੀਵਨ ਨਗਰ ਪਹੁੰਚ ਕੇ, ਬਾਬਲ ਦੀਆਂ ਗਲੀਆਂ ਦਾ ਅਨੰਦ ਮਾਣਦੇ ਹਨ ਤਾਂ ਹਜ਼ੂਰੀ ਸੇਵਕ ਭਾਈ ਰਤਨ ਸਿੰਘ ਜੀ, ਕੁਝ ਜੱਕੋ ਤੱਕ ਜਿਹੇ ਵਿਚ ਰੁਕ ਰੁਕ ਕੇ ਕਹਿੰਦੇ ਹਨ, "ਮੈਂ ਪੁੱਛਣਾਂ ਚਾਹੁੰਦਾ ਸਾਂ, ਕਵੀ, ਤੈਨੂੰ ਕਦੇ ਸੰਤ ਫੂਲਾ ਸਿੰਘ ਜੀ ਤੇ ਬੇਬੇ ਦਿਆਲ ਕੌਰ (ਮੇਰੇ ਮਾਤਾ ਪਿਤਾ) ਯਾਦ ਆਏ ਹਨ, ਪਰ ਆਪ ਹੀ ਪੰਜ ਮਿੰਟ ਬਾਦ ਉੱਤਰ ਆ ਗਿਆ, ਏਹ ਮੁੜ ਪਰਤਣਾ ਕਾਹਦਾ ਹੈ, ਉਸ ਯਾਦ ਸਦਕਾ ਹੀ ਹੈ ਨਾ।[5]

ਇਸੇ ਅੰਕ ਵਿਚ ਕਵੀ ਜੀ ਨੇ ਦਿਵੰਗਤ ਸਤਿਗੁਰੂ ਜੀ ਦਾ 'ਨਿੱਤ ਕਰਮ', ਸੰਤ ਰਤਨ ਸਿੰਘ ਜੀ ਦੀ ਯਾਦਦਾਸ਼ਤ ਦੇ ਆਧਾਰ 'ਤੇ ਲਿਖ ਕੇ ਆਉਣ ਵਾਲੇ ਇਤਹਾਸਕਾਰਾਂ ਦਾ ਕੰਮ ਸੁਖਾਲਾ ਕਰ ਦਿੱਤਾਹੈ। ਇਕ ਜ਼ਾਬਤਾ ਬੱਧ ਜੀਵਨ ਜਾਚ ਵਾਲਾ ਵਿਅਕਤੀ ਹੀ ਵਡੇਰੀਆਂ ਜ਼ਿੰਮੇਵਾਰੀਆਂ ਨਿਭਾਹ ਸਕਣ ਦੇ ਸਮਰੱਥ ਹੋ ਸਕਦਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੇ ਅੰਤਿਮ ਪਾਠ ਭੋਗਾਂ ਅਤੇ ਨਵੇਂ ਸਤਿਗੁਰੂ ਜੀ ਦੀ ਗੱਦੀ ਨਸ਼ੀਨੀ ਨਾਲ ਸਬੰਧਿਤ ਸਤਿਜੁਗ ਦਾ ਸ਼ਰਧਾਂਜਲੀ ਅੰਕ-੨੦੧੬ ਬਿਕ੍ਰਮੀ ਵੀ ਯਾਦਗਾਰੀ ਹੋ ਨਿਬੜਿਆ ਹੈ ਜਿਸ ਵਿਚ ਕਵੀ ਜੀ ਦੁਆਰਾ ਪ੍ਰਸਤੁੱਤ ਰੀਪੋਰਤਾਜ, ਸਰਲ, ਠੋਸ, ਸਪੱਸ਼ਟ, ਜਜ਼ਬਿਆਂ ਗੁੰਧੀ ਤੇ ਰਸਮਈ ਸ਼ੈਲੀ ਵਿਚ ਲਿਖੀ ਗਈ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਨਾਮਧਾਰੀ ਸੰਗਤ ਅਤੇ ਹੋਰ ਪ੍ਰਾਣੀ ਮਾਤਰ ਦਾ ਜੋ ਅਥਾਹ ਪ੍ਰੇਮ ਅਗਾਧ ਸ਼ਰਧਾ ਸੀ ਉਹ ਕਿਸੇ ਇਕ ਅੰਕ ਦੇ ਘੇਰੇ ਵਿਚ ਨਹੀਂ ਸੀ ਆ ਸਕਦਾ। ਸੰਮਤ ੨੦੨੦ ਬਿਕ੍ਰਮੀ ਵਿਚ ਵੀ ਸਤਿਜੁਗ ਦਾ 'ਅਟਲ ਪ੍ਰਤਾਪੀ ਅੰਕ' ਜੀਵਨ ਨਗਰ ਤੋਂ ਹੀ ਕੱਢਿਆ ਗਿਆ। ਇਸ ਵਿਚ ਕਵੀ ਜੀ ਨੇ ਮੁੱਖ ਲੇਖ ਵਜੋਂ "ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਵਿਵਹਾਰਕ ਪੱਖ" ਪਾਠਕਾਂ ਸਾਹਮਣੇ ਪੇਸ਼ ਕੀਤਾ। ਕਵੀ ਜੀ ਦੀ ਵਿਆਖਿਆ ਕਿੰਨੀ ਗਹਿਰੀ ਤੇ ਸਟੀਕ ਹੈ, ਨਮੂਨਾ ਵੇਖੋ!

"ਸਤਿਗੁਰੂ ਜੀ ਨੇ ਧਰਮ-ਕਰਮ ਨੂੰ ਏਨਾ ਆਡੰਬਰ ਹੀਨ ਰੱਖਿਆ ਹੈ ਕਿ ਇਹ ਬੜੀ ਸਾਦਗੀ ਨਾਲ ਸਾਰੇ ਮਨੁੱਖੀ ਜੀਵਨ ਤੇ ਆਪਣਾ ਪ੍ਰਭਾਵ ਪਾ ਸਕੇ, ਪਰ ਜ਼ਿੰਦਗੀ ਦੀ ਜਦੋ ਜਹਿਦ ਵਿਚ ਇਹ ਰੋਕ ਨਾ ਬਣੇ।ਇਸੇ ਕਾਰਨ ਆਪ ਜੀ ਨੇ ਧਰਮ ਕਰਮ ਦਾ ਸਮਾਂ ਸੂਰਜ ਦੇ ਚੜ੍ਹਾ ਤੋਂ ਪਹਿਲਾਂ ਅਤੇ ਛੁਪਾ ਤੋਂ ਪਿੱਛੋਂ ਰੱਖਿਆ। ਜੀਵਨ ਸੰਗਰਾਮ ਵਿਚ ਜੂਝਦੇ ਆਮ ਲੋਕਾਂ ਨੂੰ ਥੋੜੇ ਤੋਂ ਥੋੜਾ ਸਮਾਂ ਇਕਾਂਤ ਬੈਠਕ ਦੇਣ ਲਈ ਸ੍ਰੀ ਜੀ ਨੇ ਇਕ ਘੰਟਾ ਨਾਮ ਸਿਮਰਨ ਦੀ ਪਰਿਪਾਟੀ ਪਾਈ।..... ਪਰ ਸਾਰੇ ਦਿਨ ਦਾ ਭਜਨ-ਬਾਣੀ ਬਿਹੰਗਮਾਂ ਲਈ ਹੀ ਲੋੜੀਂਦਾ ਹੈ ਜਿਨ੍ਹਾਂ ਨੂੰ ਗ੍ਰਿਸਤ ਦੇ ਧੰਦਿਆਂ ਤੋਂ ਨਿਰੀ ਵਿਹਲ ਮਿਲੀ ਹੋਈ ਹੁੰਦੀ ਹੈ।[6]

ਕਵੀ ਜੀ ਦੇ ਸੰਪਾਦਕੀ ਕਾਲ ਵਿਚ, ਪੁੰਗਰਦੇ ਲੇਖਕਾਂ ਕਵੀਆਂ ਨੂੰ ਉਤਸ਼ਾਹੀ ਟਿੱਪਣੀਆਂ ਨਾਲ ਸਤਿਜੁਗ ਦੇ ਵਿਸ਼ੇਸ਼ ਅੰਕਾਂ ਵਿਚ ਛਾਪਿਆ ਜਾਂਦਾ ਸੀ ਤਾਂ ਕਿ ਨਾਮਧਾਰੀ



Namdhari Elibrary NamdhariElibrary@gmail.com

ਭਾਈਚਾਰੇ ਦਾ ਸਾਹਿਤਕ ਪਛੜੇਵਾਂ ਦੂਰ ਕਰਨ ਲਈ ਨਵੀਂ ਪੌਦ ਤਿਆਰ ਕੀਤੀ ਜਾ ਸਕੇ। 'ਵਰਿਆਮ' ਦੇ ਇਸ ਲੇਖਕ ਦਾ ਪਹਿਲਾ ਲੇਖ, ਕਵੀ ਜੀ ਦੀ ਪ੍ਰੇਰਣਾ ਦੇ ਨਾਲ ਹੀ ਹੇਠਲੀ ਟਿੱਪਣੀ ਸਮੇਤ 'ਅਟੱਲ-ਪ੍ਰਤਾਪੀ' ਅੰਕ ਵਿਚ ਛਪਿਆ ਸੀ:

"ਸ੍ਰੀ ਭੈਣੀ ਸਾਹਿਬ ਦੇ ਇਕ ਪਿਛਲੇ ਸਰਬ-ਪ੍ਰਬੰਧਕ ਸ੍ਰੀ ਮਾਨ ਸੰਤ ਗੁਰਮੁਖ ਸਿੰਘ ਝੱਬਰ ਦੇ ਹੋਣਹਾਰ ਸਪੁੱਤਰ ਸੁਵਰਨ ਸਿੰਘ ਉਤੇ ਸਾਨੂੰ ਬਹੁਤ ਮਾਣ ਹੈ। ਪਿਤਾ ਦਾ ਆਪਣੇ ਸਪੁੱਤਰ ਨੂੰ ਵਿਦਵਾਨ, ਲੇਖਕ ਜਾਂ ਪਰਚਾਰਕ ਬਨਾਣ ਤੇ ਜੀ ਕਰਦਾ ਹੈ। ਉਸ ਨੇ ਉਸ ਦੇ ਜਨਮ ਤੋਂ ਹੀ ਸਤਿਗੁਰਾਂ, ਸੰਤਾਂ ਤੇ ਕਰਨੀ ਵਾਲੇ ਸਿੱਖਾਂ ਦੀਆਂ ਕਥਾਵਾਂ ਸੁਣਾ ਕੇ ਅਜੇਹੀ ਅਵਸਥਾ ਪੈਦਾ ਕਰ ਦਿੱਤੀ ਹੈ ਕਿ ਸੁਵਰਨ ਸਿੰਘ ਪੜ੍ਹਨ, ਲਿਖਣ ਦੇ ਸ਼ੌਕ ਵੱਲੋਂ ਕਿਨਾਰਾ ਨਹੀਂ ਕਰ ਸਕਦਾ।

'ਨਿਪਟ ਦਿਹਾਤ ਦਾ ਇਹ... ਬੱਚਾ ਅਜੇ ਦੱਸਵੀਂ ਦਾ ਵਿਦਿਆਰਥੀ ਹੈ ਪਰ ਇਸ ਦੇ ਸ਼ਬਦਾਂ ਵਿਚੋਂ ਇਸ ਦੀ ਪ੍ਰੋਢਤਾ ਝਲਕਦੀ ਹੈ। ਇਸ ਨੇ ਛੋਟੇ ਜਿਹੇ ਲੇਖ ਵਿਚ ਬਹੁਤ ਕੁਝ ਤੇ ਝਾਤੀ ਪਵਾਈ ਹੈ।

'ਸਾਡੀ ਅਰਦਾਸ ਹੈ, ਸਤਿਗੁਰੂ ਆਪਣੇ ਇਸ ਰੀਝਾਂ ਭਰੇ ਬੱਚੜੇ ਨੂੰ ਉਨਤੀ ਦੀਆਂ ਚੋਟੀਆਂ ਦੀ ਸੋਧ ਬਖਸ਼ਣ।

ਪ. ਸ. ਕ.'[7]

ਜੀਵਨ ਨਗਰ ਕਿਆਮ ਦੇ ਦੌਰਾਨ ਕਵੀ ਜੀ ਨੇ ਨਵੀਂ ਪੀੜ੍ਹੀ ਤੇ ਜੋ ਅਨੂਠਾ ਪ੍ਰਭਾਵ ਛੱਡਿਆ ਸਤਿਜੁੱਗ ਦੇ ਉਨ੍ਹਾਂ ਦੇ ਪੂਰਵਵਰਤੀ ਸੰਪਾਦਕ, ਰਜਿੰਦਰ ਸਿੰਘ ਗੁਰੂ ਸਰ ਦਿਆਂ ਸ਼ਬਦਾਂ ਵਿਚ

"ਸਤਿਜੁਗ ਦੀ ਸੇਵਾ ਵਿਚ ਆ ਕੇ ਇਨ੍ਹਾਂ ਬੜੇ ਮਾਰਕੇ ਦੇ ਕੰਮ ਕੀਤੇ। ਸਭ ਤੋਂ ਵੱਧ ਨਾਮਧਾਰੀ ਬੱਚਿਆਂ ਨੂੰ ਕਵਿਤਾ ਦੀ ਜਾਗ ਲਾਈ ਤੇ ਪਿੰਡ ਪਿੰਡ ਕਵੀ ਦਰਬਾਰ ਕਰ ਕੇ, ਸਾਰਾ ਵਾਤਵਰਣ ਹੀ ਕਾਵਿ-ਮਈ ਬਣਾ ਦਿੱਤਾ ਸੀ। 'ਬਸੰਤ ਅੰਕ' ਵੀ ਇਨ੍ਹਾਂ ਨੇ ਬੜੇ ਫੱਬਵੇਂ ਕੱਢੇ ਸਨ। ਮੇਰਾ ਖਹਿੜਾ ਚਿੱਠੀ ਰਾਹੀਂ ਓਨਾ ਚਿਰ ਨਾ ਛੱਡਦੇ ਜਿੰਨਾ ਚਿਰ ਇਹਨਾਂ ਕੋਲ ਮੇਰਾ ਮਜ਼ਮੂਨ ਨਾਂ ਪਹੁੰਚ ਜਾਂਦਾ।[8]

ਭਾਵੇਂ ਕਵੀ ਜੀ ਨੇ ਵਾਰਤਕ ਵਿਚ ਸ੍ਰੀ ਭੈਣੀ ਸਾਹਿਬ ਸ੍ਰੀ ਜੀਵਨ ਨਗਰ, ਸੂਬਾ ਸਾਹਿਬ ਸਿੰਘ, ਸੂਬਾ ਰਤਨ ਸਿੰਘ, ਸਤਿਗੁਰੂ ਜਗਜੀਤ ਸਿੰਘ-ਇਕ ਪਰਿਵਰਤਨ,ਇਸਤਰੀਆਂ ਦਾ ਪਹਿਲਾ ਮੁਕਤੀ ਦਾਤਾ ਆਦਿ ਛੋਟੀਆਂ ਪੁਸਤਕਾਂ ਲਿਖੀਆਂ ਹਨ ਪਰ ਉਨ੍ਹਾਂ ਦਾ ਭਗੀਰਥ ਕਾਰਾ ਹੈ ਵੱਡ ਆਕਾਰੀ ਪੁਸਤਕਾਂ "ਬੀਤੇ ਦੀਆਂ ਪੈੜਾਂ" ਜਿਹਨਾਂ ਦੇ ੧੨ ਭਾਗ ਛੱਪ ਚੁੱਕੇ ਹਨ ਅਤੇ ੨੦ ਭਾਗ ਹੋਰ ਛਾਪੇ ਦਾ ਜਾਮਾ ਪਹਿਨਣ ਲਈ ਕਿਸੇ ਸੁਲੱਖਣੀ ਘੜੀ ਦੀ ਉਡੀਕ ਕਰ ਰਹੇ ਹਨ। ਜੇ ੨੫ ਮਈ ੨੦੦੨ ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਕਵੀ ਜੀ ਆਪਣੀ ਜੀਵਨ ਯਾਤਰਾ ਸਮਾਪਤ ਨਾ ਕਰ ਜਾਂਦੇ ਤਾਂ ਸ਼ਾਇਦ ਇਨ੍ਹਾਂ ਵਿਚੋਂ ਕੁਝ ਹੋਰ ਪੁਸਤਕਾਂ ਛਪਣ ਦਾ ਉੱਦਮ ਹੋ ਜਾਂਦਾ। ਜਿਵੇਂ ਕਿ ਉੱਪਰ ਦੱਸਿਆ ਜਾ ਚੁੱਕਾ ਹੈ ਕਵੀ ਜੀ ੧੯੬੬ ਤੋਂ ੭੭ ਈ. ਤੱਕ ਅਵਾਮੀ ਪ੍ਰੈੱਸ ਜਲੰਧਰ ਵਿਚ ਸੇਵਾਰਤ ਰਹੇ। ਉਥੋਂ ਇਸ ਫੁਰਨੇ ਨਾਲ ਉਹ ਦਿੱਲੀ ਪੁੱਜ ਗਏ ਕਿ 'ਕਵੀ, ਕਾਮਰੇਡਾਂ ਪਾਸ ਤਾਂ ਬੁੱਧੀਜੀਵੀਆਂ ਦਾ ਮੱਖਣ ਕੇਂਦਰਤ ਹੋਇਆ ਰਹਿੰਦਾ ਹੈ। ਇਨ੍ਹਾਂ ਨੂੰ ਤੇਰੀ ਓਨੀ ਲੋੜ ਨਹੀਂ ਜਿੰਨੀ ਤੇਰੇ ਘਰ, ਨਾਮਧਾਰੀਆਂ ਨੂੰ ਤੇਰੀ ਜ਼ਰੂਰਤ ਹੈ। ਉਹ ਦੇਸ਼ ਭਗਤੀ ਕਾਰਨ ਹੀ ਆਮ ਕਰਕੇ ਅਨਪੜ੍ਹ ਰਹਿ ਗਏ, ਉਨ੍ਹਾਂ ਵਿਚ ਚੰਗੇ ਆਚਾਰ ਦੇ ਸਾਰੇ ਚਿੰਨ੍ਹ ਮੌਜੂਦ ਹਨ, ਉਹ ਗੁਰਸਿੱਖੀ ਦੀ ਨਾਨਕ ਪਰੰਪਰਾ ਨੂੰ ਸੁਰਜੀਤ ਰੱਖ ਰਹੇ ਹਨ ਤੇ ਕਿਉਂ ਨਾਂ ਤੂੰ ਉਨ੍ਹਾਂ ਦਾ ਲੇਖਕ ਬਣੇ। ਉਸ ਸਮਾਜ ਨੂੰ ਤੇਰੀ ਲੋੜ ਹੈ।'[9]

ਸਤਿਗੁਰੂ ਜਗਜੀਤ ਸਿੰਘ ਤੋਂ ਉਮਰ ਵਿਚ ਪ੍ਰੀਤਮ ਸਿੰਘ ਕਵੀ ਕੋਈ ਦਸ ਕੁ ਵਰ੍ਹੇ ਵੱਡੇ ਸਨ, ਪਰ ਆਪਣੇ ਬਚਪਨ ਵਿਚ ਉਹ ਆਪ ਨੂੰ ਰੋਜ਼ ਕੋਈ ਨਾ ਕੋਈ ਨਵੀਂ ਕਹਾਣੀ ਸੁਣਾ ਕੇ ਕਲਪਣਾ ਦੇ ਘੋੜਿਆਂ 'ਤੇ ਦੁੜਾਇਆ ਕਰਦਾ ਸੀ। ਇਸ ਤਰ੍ਹਾਂ ਵੀ ਇਕ ਭਾਵੀ ਲੇਖਕ ਦੀ ਡਾਕ ਬੇਲ ਉਲੀਕੀ ਗਈ ਸੀ। ਪ੍ਰੀਤਮ ਸਿੰਘ ਕਵੀ ਆਪਣੇ ਵਿਚਾਰਾਂ ਵਿਚ ਸਪੱਸ਼ਟ ਅਤੇ ਸੁਤੰਤਰ ਹੈ। ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਤਾਂ ਦੋਬਾਰਾ ਆ ਗਿਆ ਸੀ ਕਿਉਂਕਿ ਸਤਿਗੁਰੂ ਜੀ ਜਹੀ ਮਹਾਨ ਸ਼ਖ਼ਸੀਅਤ ਸਿਧਾਂਤਕ ਵਖਰੇਵੇਂ ਨੂੰ ਜਾਤੀ ਮੁਹੱਬਤ ਦੇ ਰਾਹ ਦਾ ਰੋੜਾ ਨਹੀਂ ਸੀ ਸਮਝਦੀ। ਉਨ੍ਹਾਂ ਇਹ ਕਹਿ ਕੇ ਗੱਲ ਮੁਕਾ ਦਿੱਤੀ ਸੀ। 'ਕਿਤੇ ਰਹੁ ਕਿਵੇਂ ਰਹੁ, ਸਾਡਾ ਪਿਆਰ ਤੈਨੂੰ ਮਿਲਦਾ ਰਹੇਗਾ। 'ਸਤਿਗੁਰੂ ਜਗਜੀਤ ਸਿੰਘ ਵੀ ਇਸ ਮੁਹੱਬਤ ਦੇ ਇਕ ਟੱਕ ਵਹਿੰਦੇ ਚਸ਼ਮੇ ਦੀ ਨਿਰੰਤਰਤਾ ਨੂੰ ਜਾਰੀ ਵੇਖਣ ਦੇ ਇਛੁੱਕ ਹਨ। ਇਸ ਲਈ ਦਿੱਲੀ ਪਹੁੰਚਣ 'ਤੇ ਉਨ੍ਹਾਂ ਕਵੀ ਜੀ ਨੂੰ ਹਰ ਤਰ੍ਹਾਂ ਦੀ ਨਿਸ਼ਚਿੰਤਤਾ ਪ੍ਰਦਾਨ ਕਰ ਕੇ ਲਿਖਣ ਦਾ ਮਾਹੌਲ ਸਿਰਜਣ ਵਿਚ ਯੋਗਦਾਨ ਪਾਇਆ। ਤੇ ਕਵੀ ਜੀ ਦੇ ਜੀਵਨ ਫਲਸਫੇ ਵਿਚ ਵੀ ਕੋਈ ਵਲ ਵਿੰਗ ਜਾਂ ਪੁੱਠੀ ਸਿੱਧੀ ਉਧੇੜ ਬੁਣ ਨਹੀਂ। ਭਰਪੂਰ ਜ਼ਿੰਦਗੀ ਜੀਊਣ ਦੇ ਸਮਰੱਥ ਬਣਾਉਂਦਾ ਹੈ ਇਹ ਫਲਸਫਾ...............

"ਮੈਂ ਆਪਣੇ ਹਾਸਲ ਕੀਤੇ ਗਿਆਨ ਤੋਂ ਇਕੋ ਸਿੱਖਿਆ ਹੈ ਕਿ ਵਰਤਮਾਨ ਨੂੰ ਮਜ਼ੇ ਨਾਲ ਭੋਗੋ, ਪਿੱਛੇ ਦੀਆਂ ਕਹਾਣੀਆਂ ਨਾ ਪਾਓ, ਨਾ ਉਸ ਤੇ ਪਛਤਾਓ, ਅੱਗੇ ਦੀ ਪਲੈਨਿੰਗ ਬੇਸ਼ਕ ਕਰੋ, ਉਸ ਦਾ ਵਾਧੂ ਫਿਕਰ ਨਾ ਲਾਈ ਰੱਖੋ। ਜੇ ਵਰਤਮਾਨ ਠੀਕ ਤਾਂ ਅੱਗਾ ਪਿੱਛਾ ਸਭ ਠੀਕ। ਨਿਕਾ ਜਿਹਾ ਇਹ ਫਾਰਮੂਲਾ ਮੇਰੇ ਸੁੱਖਾਂ ਦਾ ਸੋਮਾ ਹੈ।"[10]



Namdhari Elibrary NamdhariElibrary@gmail.com

ਇਸ ਰਚਨਾ ਦਾ ਕੇਂਦਰੀ ਬਿੰਦੂ, ਨਾਮਧਾਰੀ ਸਤਿਗੁਰੂ ਸਾਹਿਬਾਨ ਦੀ ਸ਼ਖਸੀਅਤ ਚਿਤਰਣ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਦੇ ਅੰਤਿਮ ਦੋ ਸਾਲਾਂ ਦਾ ਸੰਖੇਪ ਜਿਹਾ ਵਰਣਨ ਪਹਿਲੀ ਜਿਲਦ ਵਿਚ ਮਿਲਦਾ ਹੈ। ਮੁੱਖ ਮੰਤਰੀ ਪੰਜਾਬ, ਪਰਤਾਪ ਸਿੰਘ ਕੈਰੋਂ ਅਤੇ ਕਾਂਗਰਸ ਆਗੂ ਦੇਵੀ ਲਾਲ ਚੋਟਾਲਾ ਦੀਆਂ ਜ਼ਿਆਦਤੀਆਂ ਦਾ ਵੇਰਵਾ, ੨੬ ਅਗਸਤ ੧੯੫੮ ਨੂੰ ਕਮਿਊਨਿਸਟ ਆਗੂ ਹਰਕਿਸ਼ਨ ਸਿੰਘ ਸੁਰਜੀਤ ਦੀ ਭੈਣੀ ਸਾਹਿਬ ਫੇਰੀ ਸਮੇਂ ਉਸ ਨੂੰ ਦਿੱਤਾ ਜਾਂਦਾ ਹੈ। ਸਤਿਗੁਰੂ ਪਰਤਾਪ ਸਿੰਘ ਕਵੀ ਜੀ ਨੂੰ ਕਾਮਰੇਡ ਦੇ ਜਾਣ ਬਾਅਦ ਦੱਸਦੇ ਹਨ ਕਿ ਉਹ ਹਾਕਮਾਂ ਅੱਗੇ ਝੁਕਣਗੇ ਨਹੀਂ ਭਾਵੇਂ ਪਰਿਵਾਰ ਦੇ ਸਾਰੇ ਜੀਅ ਫਾਹੇ ਲੱਗ ਜਾਣ। ਪ੍ਰੀਤਮ ਸਿੰਘ ਕਵੀ ਬਾਬਾ ਬੀਰ ਸਿੰਘ ਨਾਲ ਸਿਰਸਾ ਜਿਹਲ ਵਿਚ ਮੁਲਾਕਾਤ ਕਰਨ ਜਾਂਦਾ ਹੈ ਤਾਂ ਉਹ ਵੇਖਦਾ ਹੈ ਕਿ ਜਿਹਲ ਸਟਾਫ ਗੈਰ ਕਾਨੂੰਨੀ ਤੌਰ 'ਤੇ ਹਰ ਮੁਲਾਕਾਤੀ ਤੋਂ ਛੇ ਆਨੇ ਮਿਲਣ ਫੀਸ ਵੀ ਵਸੂਲ ਰਿਹਾ ਹੈ। ਕਵੀ ਜੀ ਨੇ ਫਿਰ ਇਕ ਭੈਣੀ ਸਾਹਿਬ ਫੇਰੀ ਸਮੇਂ ਸਤਿਗੁਰੂ ਜੀ ਨੂੰ ਦੱਸਿਆ ਕਿ ਉਹ ਤੇ ਕਾ. ਅਮਰੀਕ ਸਿੰਘ ਸਿਰਸਾ ਤੋਂ ਇਸੇ ਲਈ ਆਏ ਹਨ ਕਿ ਕਮਿਊਨਿਸਟ ਵਿਧਾਇਕਾਂ ਨੂੰ ਕਹਿ ਕੇ ਨਾਮਧਾਰੀਆਂ ਤੇ ਸਰਕਾਰੀ ਧੱਕੇ ਵਿਰੁੱਧ ਪੰਜਾਬ ਅਸੈਂਬਲੀ ਵਿਚ ਆਵਾਜ਼ ਉਠਾਈਏ ਪਰ ਸਤਿਗੁਰੂ ਜੀ ਨੇ ਜੁਆਬ ਦਿੱਤਾ ਕਿ ਅਜੇ ਕੁਝ ਕਰਨ ਦੀ ਲੋੜ ਨਹੀਂ। ਨਾਭੇ ਵਾਲੀ ਬੀੜ ਦੀ ਜ਼ਮੀਨ ਜਿਸ ਨੂੰ ਬ੍ਰਿਸ਼ਭਾਨ ਆਦਿ ਸਰਕਾਰੀ ਰਸੂਖ ਨਾਲ ਨਾਮਧਾਰੀਆਂ ਤੋਂ ਖੋਹਣਾ ਚਾਹੁੰਦੇ ਸਨ ਉਸ ਦਾ ਫੈਸਲਾ ਹਾਈਕੋਰਟ ਵਿਚੋਂ ਸਤਿਗੁਰੂ ਜੀ ਦੇ ਹੱਕ ਵਿਚ ਹੋ ਗਿਆ ਜਿਸ ਤੇ ੧੧੨ ਨਾਮਧਾਰੀ ਪਰਿਵਾਰ ਕਾਬਜ਼ ਸਨ। ਕਈ ਦਿਨਾਂ ਤੋਂ ਕੋਈ ਚੰਗੀ ਖਬਰ ਗੁਰੂ ਘਰ ਵਿਚ ਸੁਣਨ ਨੂੰ ਨਹੀਂ ਮਿਲੀ ਸੀ ਸੋ ਇਸ ਨੇ ਮਾਹੌਲ ਵਿਚ ਖੇੜਾ ਲੈ ਆਂਦਾ। ਸੰਤ ਫਤੇਹ ਸਿੰਘ ਮਾਂਗਾ ਦੀਆਂ ਅੱਖਾਂ ਦੇ ਉਪਰੇਸ਼ਨ ਬਾਰੇ ਫਿਕਰ ਪ੍ਰਗਟ ਕਰਦਿਆਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ 'ਗੁਰੂ', ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਦਾ ਭੈਣੀ ਸਾਹਿਬ ਅਤੇ ਜੀਵਨ ਨਗਰ ਵਿਚ ਬਿਰਧ ਘਰ ਬਨਾਉਣ ਦਾ ਸੁਝਾਅ ਯਾਦ ਕੀਤਾ ਅਤੇ ਕਿਹਾ ਕਿ ਸਿਹਤ ਠੀਕ ਰਹੀ ਤਾਂ ਇਹ ਕੰਮ ਕਰ ਜਾਵਾਂਗਾ। ਮੰਗਲ ਸਿੰਘ ਜੀ ਨੂੰ ਆਪ 'ਗੁਰੂ' ਇਸ ਲਈ ਕਹਿੰਦੇ ਸਨ ਕਿ ਮਾਤਾ ਭੂਪਿੰਦਰ ਕੌਰ ਜੀ ਦੇ ਪ੍ਰਲੋਕ ਸਿਧਾਰਨ ਬਾਅਦ ਉਨ੍ਹਾਂ ਦੀ ਸਿੱਖਿਆ ਮੁਤਾਬਿਕ ਹੀ ਸਤਿਗੁਰੂ ਜੀ ਨੇ ਉਮਰ ਹੁੰਦਿਆਂ ਵੀ ਦੁਬਾਰਾ ਅਨੰਦ ਨਹੀਂ ਸੀ ਕਰਵਾਇਆ ਅਤੇ ਵਧੀਆ ਰਹੇ ਸਨ। ਸਿਰਸਾ ਵਿਖੇ ਕਵੀ ਜੀ ਦੁਆਰਾ ਬੁਲਾ ਕੇ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਜੋ ਉਦੋਂ ਹਿਸਾਰ ਜ਼ਿਲ੍ਹਾ ਪਾਰਟੀ ਦੇ ਇੰਚਾਰਜ ਸਨ ਨੂੰ ਕਿਹਾ 'ਅਸੀਂ ਗਰੀਬ ਕਿਸਾਨਾਂ ਦੇ ਹਿੱਤ ਦੀ ਆਵਾਜ਼ ਤੁਹਾਡੇ ਨਾਲ ਮਿਲ ਕੇ ਉਠਾਣਾ ਚਾਹੁੰਦੇ ਹਾਂ। ਤੁਸੀਂ ਬਾਖੁਸ਼ੀ ਸਾਡੇ ਪਿੰਡਾਂ ਵਿਚ ਜਾ ਕੇ ਜਲਸੇ ਕਰੋ।[11]

ਇਹ ਸਮਾਂ ਖੁਸ਼ ਹੈਸੀਅਤੀ ਟੈਕਸ ਵਿਰੁੱਧ ਕਿਸਾਨ ਮੋਰਚੇ ਦਾ ਸਮਾਂ ਹੈ ਜਿਸ ਦਾ ਜ਼ਿਕਰ ਥਾਂ ਪਰ ਥਾਂ ਕਵੀ ਜੀ ਦੀ ਰਚਨਾ ਵਿਚ ਆਉਂਦਾ ਹੈ ਜਿਸ ਵਿਚ ਰੋਜ਼ਾਨਾ ਸੈਂਕੜੇ ਕਿਸਾਨ ਗ੍ਰਿਫਤਾਰ ਹੋ ਰਹੇ ਹਨ ਅਤੇ ਸੈਆਂ ਕਾਮਰੇਡਾਂ ਦੇ ਵਾਰੰਟ ਜਾਰੀ ਹੋ ਚੁੱਕੇ ਹਨ। ਇਸੇ ਸਮੇਂ ਫਿਰ ਕਾਮਰੇਡ ਸੁਰਜੀਤ ਨਾਲ ਦਿੱਲੀ ਵਿਖੇ, ਸਿਰਸੇ ਦੀ ਜ਼ਿਮਨੀ ਚੋਣ ਸਮੇਂ, ਕਾਂਗਰਸ ਉਮੀਦਵਾਰ ਦੇਵੀ ਲਾਲ ਚੌਟਲਾ ਵਿਰੁੱਧ ਸਾਰੇ ਵਿਰੋਧੀ ਦਲਾਂ ਵੱਲੋਂ ਸਾਂਝਾ ਉਮੀਦਵਾਰ ਖੜ੍ਹਾ ਕਰਨ ਦੀਆਂ ਯੋਜਨਾਵਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਬਣਾਉਂਦੇ ਹਨ। ਕਈ ਵਾਰੰਟਡ ਕਾਮਰੇਡ ਜੇਹਲ ਤੇ ਕੁਝ ਹੋਰ ਜੀਵਨ ਨਗਰ ਦੀ ਯਾਤਰਾ ਕਰਦੇ ਹਨ। ਕਾਮਰੇਡ ਅਵਤਾਰ ਸਿੰਘ ਮਲਹੋਤਰਾ ਅਤੇ ਕਾਮਰੇਡ ਭੂਮਣ ਸਿੰਘ (ਖਾਜਾ ਖੇੜਾ) ਨੂੰ ਸਤਿਗੁਰੂ ਜੀ ਵੱਲੋਂ ਸਿਰਸੇ ਦੀ ਕਿਸਾਨ ਕਾਨਫਰੰਸ ਲਈ ੨੬ ਫਰਵਰੀ ੧੯੫੯ ਈ. ਨੂੰ ਇਕ ਹਜ਼ਾਰ ਰੁਪਏ ਫੰਡ ਦੇਣ ਦਾ ਵਰਣਨ ਵੀ ਮਿਲਦਾ ਹੈ।

ਪ੍ਰੀਤਮ ਸਿੰਘ ਕਵੀ ਨੂੰ ਸਤਿਗੁਰੂ ਜੀ ਨੇ ਦੱਸਿਆ ਕਿ ਉਹ ਐਤਕੀ ਲੋਪੋਕੀ ਗਏ ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਨੂੰ ਵੀ ਮਿਲੇ ਸਨ। ਉਨ੍ਹਾਂ ਤੋਂ ਜੀਵਨ ਨਗਰ ਦੇ ਨਾਮਧਾਰੀ ਵਿਦਿਆਲੇ ਲਈ ਸਲਾਹ ਮਸ਼ਵਰਾ ਲੈਣ ਲਈ ਜਿਸ ਤੇ ਉਹਨੇ ਵਰਧਾ ਜਾ ਕੇ ਤਾਲੀਮੀ ਢੰਗ ਸਿੱਖਣ ਲਈ ਕਿਹਾ। ਸਤਿਗੁਰੂ ਜੀ ਦੀਆਂ ਨਜ਼ਰਾਂ ਵਿਚ ਗੁਰਬਖਸ਼ ਸਿੰਘ ਬੜਾ ਸਲੀਕੇ ਵਾਲਾ ਅਤੇ ਉਤਮ ਕਿਸਮ ਦਾ ਆਦਮੀ ਹੈ।" ਪੰਜਾਬੀ ਕਵੀ ਭਾਈ ਵੀਰ ਸਿੰਘ ਹੋਰਾਂ ਦੇ ਅੜੀਅਲ ਸੁਭਾਉ ਦਾ ਵੀ ਜ਼ਿਕਰ ਆਉਂਦਾ ਹੈ। ਗੁਰੂ ਨਾਨਕ ਸਰਬ ਸੰਪ੍ਰਦਾ ਕਾਨਫਰੰਸ ਸਮੇਂ ਜਦੋਂ ਸਤਿਗੁਰੂ ਜੀ ਉਸ ਦੀ ਕੋਠੀ ਜਾ ਕੇ ਸੱਦਾ ਦੇਣਾ ਚਾਹੁੰਦੇ ਸਨ, ਪਹਿਲਾ ਸੱਦਾ ਉਸ ਅਪ੍ਰਵਾਨ ਕਰ ਦਿੱਤਾ ਸੀ, ਤਾਂ ਉਸ ਕਹਾ ਭੇਜਿਆ ਕਿ ਨਾ ਆਉਣ ਕਿਉਂਕਿ ਉਹਨੇ ਭੈਣੀ ਸਾਹਿਬ ਨਹੀਂ ਆਉਣਾ ਸੀ। ਸਤਿਗੁਰੂ ਜੀ ਕਿਹਾ ਕਰਦੇ ਸਨ ਕਿ ਰਲ ਕੇ ਚੱਲਣ ਲਈ ਬਰਦਾਸ਼ਤ ਦੀ ਦੁਵੱਲਿਓਂ ਲੋੜ ਹੁੰਦੀ ਹੈ।

੮ ਮਈ ੧੯੫੯ ਦੇ ਰੋਜ਼ਨਾਮਚੇ ਵਿਚ ਕਵੀ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਾਮਧਾਰੀ ਪੰਥ ਦੇ ਭਾਵੀ ਵਾਰਿਸ ਬਾਰੇ ਇਤਿਹਾਸਕ ਮਹੱਤਤਾ ਵਾਲੇ ਬਚਨ ਦਰਜ ਕੀਤੇ ਹਨ:



Namdhari Elibrary NamdhariElibrary@gmail.com

"ਏਥੋਂ ਵਾਪਿਸ ਆਉਂਦੇ ਸਕਿੰਨਰੀ ਨਾਲੇ ਨੂੰ ਸਾਫ਼ ਕਰਦੇ ੧੫-੨੦ ਸਿੱਖਾਂ ਨੂੰ ਸਤਿਗੁਰੂ ਜੀ ਦਰਸ਼ਨ ਦਿੱਤੇ ਤੇ ਫੁਰਮਾਇਆ: ਮੇਰਾ ਕੋਈ ਪਤਾ ਨਹੀਂ ਕਦੋਂ ਆਵਾਂ ਜਾ ਕਦੋਂ ਨਾ ਆਵਾਂ। ਹੁਣ ਤੋਂ ਇਥੇ ਵੱਡੇ ਕਾਕੇ ਨੇ ਰਹਿਣਾ ਹੈ। ਜਿਸ ਦੀ ਉਸ ਨਾਲ ਬਣਦੀ ਹੈ ਉਹ ਰਹੇ ਜਾਂ ਜਿਸ ਬਣਾ ਕੇ ਰੱਖਣੀ ਹੈ। ਜਿਸ ਉਹਦੇ ਆਖੇ ਨਹੀਂ ਲੱਗ ਸਕਣਾ, ਉਹ ਬੇਸ਼ਕ ਬਿਸਤਰਾ ਗੋਲ ਕਰ ਲਏ। ਸਾਡੀ ਉਸਤੇ ਖੁਸ਼ੀ ਹੀ ਹੋਵੇਗੀ। ਹੁਣ ਸਾਰੇ ਅਖਤਿਆਰ ਵੱਡੇ ਕਾਕੇ ਪਾਸ ਹੀ ਹੋਣੇ ਹਨ।"[12]

ਇਸ ਰੋਜ਼ਨਾਮਚੇ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਸਬੰਧਿਤ ਸਮੱਗਰੀ ੨੫ ਅਗਸਤ ੧੯੫੯ ਈ. ਤੇ ਮੁੱਕ ਜਾਂਦੀ ਹੈ। ਫਿਰ ੧ ਜਨਵਰੀ ੧੯੬੦ ਈ. ਤੋਂ ਜੋ ਲਿਖਤ ਸ਼ੁਰੂ ਹੁੰਦੀ ਹੈ ਉਸ ਤੋਂ ਲੈ ਕੇ ਛਪੀਆਂ ਬੀਤੇ ਦੀਆਂ ਪੈੜਾਂ, ਸਾਰੇ ਭਾਗ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦਾ ਹੀ ਜੱਸ ਗਾਨ ਕਰਦੇ ਹਨ। ੧੯੬੦ ਈ. ਦੇ ਅੰਦਰਾਜ ਬੜੇ ਸੰਖੇਪ ਜਨਵਰੀ ਤੇ ਫਰਵਰੀ ਤੱਕ ਅਧੂਰੇ ਹੀ ਮਿਲਦੇ ਹਨ।

੧੯੬੧ ਈ. ਦਾ ਸਿਰਫ ਇਕੋ ਅੰਦਰਾਜ ਹੈ। ੧੬ ਸਿਤੰਬਰ ਦਾ ਜਿਸ ਮੁਤਾਬਿਕ "ਸਤਿਗੁਰੂ ਜਗਜੀਤ ਸਿੰਘ ਜੀ ਨੇ ਅੱਜ ਪਾਕਿਸਤਾਨ ਜਾਣਾ ਹੈ। ਸਾਰਾ ਦਿਨ ਲਾਹੌਰ ਰਹਿ ਕੇ ਰਾਤ ਨੂੰ ਵਾਪਿਸ ਪਰਤਣਾ ਹੈ ਉਥੇ ਰਾਮ ਚੰਦ ਪਟਵਾਰੀ ਪਿਸ਼ਾਵਰ, ਭਾਈ ਸੰਦਲ ਤੇ ਭਾਈ ਸੁੰਦਰ ਗੁਰੂ ਘਰ ਦੇ ਪੁਰਾਣੇ ਰਾਗੀਆਂ ਰਬਾਬੀਆਂ ਤੋਂ ਬਿਨਾਂ ਗਿਆਨੀ ਅਬਾਦੁੱਲਾ ਜੀ ਤੇ ਹੋਰ ਸੱਜਣਾਂ ਨੂੰ ਵੀ ਮਿਲਣਾ ਹੈ।"

੧੯੬੨ ਈ. ਦੀਆਂ ਆਮ ਚੋਣਾਂ ਤੱਕ ਸਤਿਗੁਰੂ ਜੀ ਦਾ ਪੰਜਾਬ ਕਾਂਗਰਸ ਨਾਲ ਭਾਵੇਂ ਰਾਜ਼ੀਨਾਮਾ ਹੋ ਗਿਆ ਸੀ ਪਰ ਛੇ ਅਸੈਂਬਲੀ ਸੀਟਾਂ 'ਤੇ ਕਮਿਊਨਿਸਟ ਪਾਰਟੀ ਦੀ ਮਦਦ ਕਰਨ ਦਾ ਫੈਸਲਾ ਵੀ ਉਨ੍ਹਾਂ ਵੱਲੋਂ ਲਿਆ ਗਿਆ ਸੀ। ਜਿਸ ਹਲਕੇ ਵਿਚ ਇਲਾਕਾ ਜੀਵਨ ਨਗਰ ਆਉਂਦਾ ਹੈ ਇਥੋਂ ਸ੍ਰੀ ਕੇਸਰਾ ਰਾਮ ਕੇਹਰਵਾਲਾ ਦੀ ਮਦਦ ਕਰ ਕੇ ਉਸਨੂੰ ਸਫਲ ਬਣਾਇਆ। ਇਸ ਸਮੇਂ ਵਿਚ ਸਤਿਗੁਰੂ ਜੀ ਨੇ ਆਪਣੇ ਨਾਮਧਾਰੀ ਪੰਥ ਵਿਚ ਪਈਆਂ ਤਰੇੜਾਂ ਮੇਟਣ ਬਾਰੇ ਵੀ ਵਿਸ਼ੇਸ਼ ਉਪਰਾਲੇ ਕੀਤੇ। ਇਸੇ ਤਹਿਤ "ਸ. ਸਾਹਿਬ ਸਿੰਘ ਮਾਨ, ਸੰਤ ਗੁਰਮੁਖ ਸਿੰਘ ਝੱਬਰ, ਸ. ਜੰਗ ਸਿੰਘ ਰਾਜਾ ਜੰਗੀਆ, ਸੰਤ ਕਿਰਪਾਲ ਸਿੰਘ ਨਾਰਲੀ, ਕੁਝ ਹੋਰ ਪ੍ਰਤਿਸ਼ਟ ਮਲਵਈ ਸਿੰਘਾਂ ਨੂੰ ਨਾਲ ਲੈ ਕੇ ਬਾਬਾ ਜੰਗ ਸਿੰਘ ਜੀ ਪਾਸ ਜਾਣ ਦਾ ਵੀ ਫ਼ੈਸਲਾ ਹੋਇਆ।"[14]

੧੯੬੨ ਈ. ਦੇ ਅੰਦਰਾਜ ਗੁਜ਼ਾਰੇ ਜੋਗੇ ਹਨ। ਪ੍ਰੰਤੂ ੧੯੬੩ ਈ. ਦਾ ਸਾਰਾ ਸਾਲ ਹੀ ਨਦਾਰਦ ਹੈ। ਸੰਨ ੧੯੬੪ ਈ. ਵਿਚ ਜਨਵਰੀ ਤੇ ਫਰਵਰੀ ਦੇ ਵਿਕੋਲਿਤਰੇ ਅੰਦਰਾਜ ਹਨ। ਜਲੰਧਰੋਂ ਦਿੱਲੀ ਆ ਕੇ ਕਵੀ ਜੀ ੮ ਜੁਲਾਈ ੧੯੭੭ ਈ. ਤੋਂ ਜੋ ਰੋਜ਼ਨਾਮਚਾ ਸ਼ੁਰੂ ਕਰਦੇ ਹਨ ਉਹ ਤਕਰੀਬਨ ੨੦-੨੨ ਸਾਲ ਨਿਰਵਿਘਨ ਲਿਖਦੇ ਹਨ ਜਿਸ ਤੇ ਆਧਾਰਿਤ 'ਬੀਤੇ ਦੀਆਂ ਪੈੜਾਂ' ਦੇ ਅਗਲੇ ਭਾਗ ਵੱਖ-ਵੱਖ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਛਪਾਏ ਗਏ। ਪਹਿਲੀ ਜਿਲਦ ੩੧ ਦਿਸੰਬਰ ੧੯੭੭ ਈ. ਤੱਕ ਸਮੇਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਇਸ ਤੋਂ ਅਗਲੀਆਂ ਜਿਲਦਾਂ ਤਕਰੀਬਨ ੬-੬ ਮਹੀਨੇ ਦੇ ਸਮੇਂ ਦੀ ਰਪਟ 'ਤੇ ਆਧਾਰਿਤ ਹਨ।

ਸੁਰਿੰਦਰ ਸਿੰਘ ਸੁਮਨ ਇਕ ਉਭਰਦਾ ਸੰਗੀਤਕਾਰ ਸੀ। ਉਸ ਦੀ ਵਿਲੱਖਣ ਅਤੇ ਕਾਵਿ ਮਈ ਸ਼ਖਸੀਅਤ ਬਾਰੇ ਕਦੇ ਜਗਦੀਸ਼ ਸਿੰਘ ਹੋਰਾਂ ਆਪਣੇ ਵਰਿਆਮ ਵਿਚ ਇਕ ਬੜੀ ਮਾਰਮਿਕ ਰਚਨਾ ਉਸ ਨੂੰ ਸ਼ਰਧਾਂਜਲੀ ਵਜੋਂ ਪੇਸ਼ ਕੀਤੀ ਸੀ। ਪਰ ਸੁਮਨ ਕਿਹਨਾਂ ਵਿਚੋਂ ਸੀ, ਇਹ ਵੇਰਵਾ ਪ੍ਰੀਤਮ ਸਿੰਘ ਕਵੀ ਦੀ ਬਰੀਕ ਬਿਆਨੀ ਨੇ ਸਿਰਜਿਆ ਹੈ, ਨਾਲ ਹੀ ਇਕ ਹੋਰ ਪ੍ਰਸਿੱਧ ਨਾਮਧਾਰੀ ਵਿਅਕਤੀ ਦੇ ਗੈਰ ਨਾਮਧਾਰੀਆਂ ਤੇ ਪਏ ਪ੍ਰਭਾਵ ਦਾ ਚਰਿੱਤਰ-ਚਿੱਤਰਣ ਇਸ ਸ਼ਬਦ ਸ਼ਿਲਪੀ ਨੇ ਇਉਂ ਕੀਤਾ ਹੈ।

"ਸੁਮਨ ਅੱਜ ਸ਼ਾਮੀਂ ਸਾਡੇ ਘਰ ਆਇਆ। ਮੈਨੂੰ ਪਤਾ ਲੱਗ ਚੁੱਕਾ ਸੀ ਕਿ ਇਹ ਉਸ ਊਧਮ ਸਿੰਘ ਦਾ ਲੜਕਾ ਹੈ ਜੋ ਕਦੇ ਸ੍ਰੀ ਮਾਨ ਸੰਤ ਨਿਧਾਨ ਸਿੰਘ ਆਲਿਮ ਨਾਲ ਹਾਰਮੋਨੀਅਮ ਵਜਾਇਆ ਕਰਦਾ ਸੀ। ਆਲਿਮ ਜੀ ਨਾਮਧਾਰੀ ਪੰਥ ਦੇ ਬਹੁਤ ਵਿਦਵਾਨ ਵਕਤਾ ਤੇ ਲਿਖਾਰੀ ਸਨ, ਇਸ ਦੇ ਨਾਲ ਹੀ ਗਜ਼ਬ ਦੇ ਕੀਰਤਨ ਕਾਰ ਵੀ। ਅਮਰ ਭਾਰਤੀ ਜੀ ਨੇ ਇਕ ਵਾਰ ਦੱਸਿਆ ਸੀ ਕਿ ਆਲਿਮ ਜੀ ਨੇ ਦੁਰਗਿਆਣੇ, ਅੰਮ੍ਰਿਤਸਰ ਦੇ ਸੁੱਕੇ ਤਲਾਬ ਵਿਚ ਹੁੰਦੇ ਕੀਰਤਨ ਸਮੇਂ ਹਜ਼ਾਰਾਂ ਲੋਕਾਂ ਨੂੰ ਨੱਚਣ ਲਾ ਦਿੱਤਾ, ਅਰਥਾਤ ਮਸਤਾਨੇ ਕਰ ਦਿੱਤਾ। ਊਧਮ ਸਿੰਘ ਅਜਿਹੇ ਸਮੇਂ 'ਹਾਰਮੋਨੀਅਮ ਦੀਆਂ ਸੁਰਾਂ ਨਾਲ ਰੰਗ ਬੰਨ੍ਹ ਦਿੰਦਾ। ਊਧਮ ਸਿੰਘ ਇਕ ਚੰਗਾ ਵੈਦ ਵੀ ਸੀ। ਪਠਨ ਪਾਠਨ ਦਾ ਪ੍ਰੇਮੀ ਵੀ।"[15]

ਪੰਜਾਬੀ ਲੇਖਕਾਂ ਪ੍ਰਤੀ ਆਪਣੀ ਅਕੀਦਤ ਪੇਸ਼ ਕਰਨ ਦਾ ਕੋਈ ਵੀ ਮੌਕਾ ਸਤਿਗੁਰੂ ਜਗਜੀਤ ਸਿੰਘ ਖੁੰਝਾਉਂਦੇ ਨਹੀਂ ਹਨ। ਪ੍ਰਸਿੱਧ ਪੰਜਾਬੀ ਲੇਖਕ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਅਕਾਲ ਚਲਾਣਾ ਕਰਨ ਬਾਅਦ ਅੰਤਿਮ ਰਸਮਾਂ ਸਮੇਂ ਲੰਗਰ ਦੀ ਸੇਵਾ ਸਮੁੱਚੀ ਰਸਦ, ਤਿਆਰੀ ਤੇ ਵਰਤਾਉਣ ਦੀ ਨਾਮਧਾਰੀ ਸੰਗਤ ਵੱਲੋਂ ਓਟੀ ਗਈ ਸੀ। ਜਦੋਂ ਨਵਤੇਜ ਸਿੰਘ ਨੇ ਕਿਹਾ ਕਿ ਮੈਂ ਸਤਾਰ੍ਹਵੇਂ ਵਾਲੇ ਦਿਨ ਤੁਹਾਨੂੰ ਸਵੇਰੇ ਯਾਦ ਕਰਵਾ ਦਿਆਂ ਗਾ ਤਾਂ "ਸਤਿਗੁਰਾਂ ਆਖਿਆ! ਨਾ,



Namdhari Elibrary NamdhariElibrary@gmail.com

ਮੇਰੀ ਆਦਤ ਨਾ ਵਿਗਾੜੋ। ਮੈਂ ਜਦੋਂ ਤੇ ਜਿਸ ਕੰਮ ਦਾ ਜ਼ਿੰਮਾ ਲੈ ਲਵਾਂ ਉਦੋਂ ਉਹਦੇ ਸਾਰੇ ਫਿਕਰ ਮੇਰੇ ਹੀ ਹੁੰਦੇ ਹਨ। ਮੈਨੂੰ ਯਾਦ ਕਿਉਂ ਨਾਂ ਰਹੇਗਾ?[16] ਕਵੀ ਜੀ ਦੀ ਇਸ ਜਾਣਕਾਰੀ ਦਾ ਸੋਮਾ ਭਾਪਾ ਪ੍ਰੀਤਮ ਸਿੰਘ ਨਵਯੁੱਗ ਵਾਲੇ ਸਨ।

ਇਲਾਕਾ ਜੀਵਨ ਨਗਰ ਵਿਚ ਨਾਮਧਾਰੀ ਸਿੰਘਾਂ ਦੀ ਸਥਾਪਨਾ ਕਰਨ ਵਿਚ ਜਿਹੜੇ ਵਿਅਕਤੀਆਂ ਨੇ ਮੋਢੀਆਂ ਵਾਲਾ ਕਾਰਜ ਕੀਤਾ ਹੈ, ਕਵੀ ਜੀ ਨੇ ਉਨ੍ਹਾਂ ਦੀ ਹੋਂਦ ਨੂੰ ਵੀ ਇਤਿਹਾਸ ਦੇ ਪੰਨਿਆਂ ਵਿਚ ਸੁਰੱਖਿਅਤ ਕਰ ਦਿੱਤਾ ਹੈ। ਇਕ ਮਿਸਾਲ ਦੇਣੀ ਚਾਹਾਂਗਾ:

"ਸ. ਅਵਤਾਰ ਸਿੰਘ ਕਰੀਵਾਲਾ ਉਹ ਸੱਜਣ ਹੈ ਜਿਸ ਨੇ ਸਿਰਸਾ ਜ਼ਿਲ੍ਹੇ ਵਿਚ ਨਾਮਧਾਰੀ ਕਾਲੋਨੀ ਵਸਾਣ ਵਿਚ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਇੱਛਾ ਦਾ ਸਤਿਕਾਰ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ, ਜਦੋਂ ਉਹ ਗੁਰੂ ਪਦਵੀ ਤੇ ਵਿਰਾਜਮਾਨ ਨਹੀਂ ਸਨ, ਦਿਨ ਤੇ ਰਾਤ ਇਕ ਕਰ ਕੇ ਜੀਵਨ ਨਗਰ ਇਲਾਕਾ ਵਸਾਇਆ। ਇਸ ਇਲਾਕੇ ਦੇ ਨਾਮਧਾਰੀ ਤਾਂ ਸਾਰੇ ਹੀ ਸ. ਅਵਤਾਰ ਸਿੰਘ ਤੋਂ ਜਾਣੂ ਹਨ। ਸ. ਤੇਜਾ ਸਿੰਘ ਬਾਜਵਾ ਸਿਰਸਾ ਤੋਂ ਪਿੱਛੋਂ ਸਤਿਗੁਰੂ ਜੀ ਦਾ ਮੁਖਤਾਰਿ ਆਮ ਇਸ ਵਿਅਕਤੀ ਨੂੰ ਨਿਯੁਕਤ ਕੀਤਾ ਗਿਆ। ਬਹੁਤ ਸਤਿਕਾਰ ਅਤੇ ਰਸੂਖ ਵਾਲਾ ਆਦਮੀ ਹੈ।ਇਸ ਦੇ ਕਾਰਨ ਸਤਿਗੁਰੂ ਜੀ ਜ਼ਮੀਨੀ ਮਾਮਲਿਆਂ ਵੱਲੋਂ ਨਿਸਚਿੰਤ ਹਨ। ਸੂਝ ਸਮਝ ਤੇ ਸਮਾਜ ਪ੍ਰਤੀ ਸਹੀ ਭਾਵਨਾ ਹੋਣ ਕਾਰਨ ਸਤਿਗੁਰੂ ਜੀ ਦੇ ਸਲਾਹਕਾਰਾਂ ਵਿਚੋਂ ਹੈ। ਧੀਰਜ ਅਤੇ ਰੱਬ ਦਾ ਭੈ ਅਵਤਾਰ ਸਿੰਘ ਦੇ ਵਿਸ਼ੇਸ਼ ਗੁਣ ਹਨ।"[17]

ਗੋਲਾ ਫਾਰਮ ਯੂ. ਪੀ. ਵਿਚ ਨਾਮਧਾਰੀ ਸੰਗਤ ਅਤੇ ਸਤਿਗੁਰੂ ਜੀ ਦੇ ਆਗਮਨ ਬਾਰੇ ਲਿਖਦਿਆਂ ਕਵੀ ਜੀ ਪੰਜਾਬ ਤੋਂ ਆਏ ਦੋ ਸਿੱਖ ਕਿਸਾਨ ਭਰਾਵਾਂ ਸ਼ਿੰਗਾਰਾ ਸਿੰਘ ਅਤੇ ਤਾਰਾ ਸਿੰਘ ਬਾਰੇ ਲਿਖਦੇ ਹਨ ਕਿ ਕਿਵੇਂ ਉਨ੍ਹਾਂ ਦੋਵਾਂ ਨੇ ਲਹੂ ਲੁਹਾਣ ਹੋਣ ਬਾਅਦ ਵੀ ਕਿਰਪਾਨਾਂ ਨਾਲ ਇਕ ਖੂੰਖਾਰ ਸ਼ੇਰ ਨੂੰ ਅੱਗੇ ਲਾ ਲਿਆ ਸੀ। ਇਹੋ ਜਿਹੇ ਕਾਰਨਾਮੇ ਇਤਿਹਾਸ ਵਿਚ ਦਰਜ ਵਾਕਿਆਤ ਨੂੰ ਸੇਧ ਬਖਸ਼ਦੇ ਹਨ ਕਿ ਕਦੇ ਸਿੰਘ ਸੋਟਿਆਂ ਨਾਲ ਹੀ ਸ਼ੇਰ ਦਾ ਸ਼ਿਕਾਰ ਕਰ ਲਿਆ ਕਰਦੇ ਸਨ।

ਬੀਤੇ ਦੀਆਂ ਪੈੜਾਂ ਜੀਵਨੀ ਹਨ, ਜਨਮ ਸਾਖੀ ਹਨ, ਇਤਿਹਾਸ ਹਨ ਜਾਂ ਕੀ ਹੈ ਇਸ ਬਾਰੇ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਪ੍ਰੋ. ਪ੍ਰੀਤਮ ਸਿੰਘ ਹੋਰਾਂ ਦਾ ਮੱਤ ਹੈ, "ਅਸਲ ਵਿਚ" ਬੀਤੇ ਦੀਆਂ ਪੈੜਾਂ" ਜਿਸ ਦੀ ਦੂਜੀ ਜਿਲਦ ਵੀ ਹੁਣ ਛਪ ਗਈ ਹੈ, ਜਨਮ-ਸਾਖੀ ਜੀਵਨੀ ਤੇ ਇਤਿਹਾਸ ਤੋਂ ਇਕ ਵੱਖਰੀ ਤਰ੍ਹਾਂ ਦੀ ਵਿਧਾ ਬਣ ਗਈ ਹੈ, ਜਿਸ ਵਿਚ ਹਜ਼ਰਤ ਨਿਜ਼ਾਮੁਦ-ਦੀਨ ਔਲੀਆ ਬਾਰੇ ਅਮੀਰ ਹਸਨ ਦਿਹਲਵੀ ਰਚਿਤ ਮਲਫੂਜ਼ 'ਫਵਾਇਦੁਲ-ਫੁਵਾਦ" ਤੇ ਸ਼ਹਿਨਸ਼ਾਹ ਅਕਬਰ ਦੇ ਇਕ ਵਿਦਵਾਨ-ਰਤਨ ਅਬੁਲ ਫ਼ਜ਼ਲ ਰਚਿਤ "ਅਕਬਰ ਨਾਮਾ" ਦਾ ਮਿਲਵਾਂ ਰੰਗ ਮੌਜੂਦ ਹੈ। ਅਮੀਰ ਹਸਨ ਹਰ ਸ਼ੁੱਕਰਵਾਰ ਵਾਲੇ ਦਿਨ ਹਜ਼ਰਤ ਨਿਜ਼ਾਮੁਦੀਨ ਦੇ ਦਰਬਾਰ ਵਿਚ ਹਾਜ਼ਰ ਹੁੰਦਾ ਸੀ ਤੇ ਉਸ ਦਿਨ ਦਰਗਾਹ ਵਿਚ ਜੋ ਕੁਝ ਵਾਪਰਦਾ ਤੇ ਜੋ ਬਚਨ ਔਲੀਆ ਜੀ ਦੇ ਮੁੱਖ ਕਮਲ ਵਿਚੋਂ ਨਿਕਲਦਾ, ਉਹਨੂੰ ਉਹ ਘਰ ਜਾ ਕੇ ਲਿਖ ਲਿਆ ਕਰਦਾ। ਜਿੰਨੀਆਂ ਬੈਠਕਾਂ ਦਾ ਹਾਲ ਹਸਨ ਨੇ ਲਿਖਿਆ ਉਹ ਸਾਡੇ ਤੱਕ ਪਹੁੰਚ ਗਿਆ। ਇਹ ਲਿਖਤ ਸੰਨ ੧੩੦੯ ਈ. ਦੀ ਹੈ। ਹਸਨ ਆਪਣੇ ਆਪ ਨੂੰ ਬੀਤੇ-ਸੁਣੇ ਦੇ ਅੰਦਰ ਅੰਦਰ ਹੀ ਰੱਖਦਾ ਸੀ ਤੇ ਫਾਲਤੂ ਵੇਰਵੇ ਛੱਡ ਜਾਂਦਾ ਸੀ, ਪਰ ਅਬੁੱਲ ਫ਼ਜ਼ਲ ਵੇਰਵਿਆਂ ਵਾਲੀ ਹੱਦ ਮੁਕਾ ਦਿੰਦਾ ਹੈ.... ਬੀਤੇ ਦੀਆਂ ਪੈੜਾਂ ਮਲਫੂਜ਼ ਬਚਨਾਵਲੀ ਦਾ ਕੰਮ ਵੀ ਸਾਰਦੀ ਹੈ ਤੇ "ਨਾਮੇ" ਦਾ ਵੀ। ਬਲਕਿ ਇਹ ਕਹਿਣਾ ਅਸਲੀਅਤ ਦੇ ਵਧੇਰੇ ਨੇੜੇ ਹੋਵੇਗਾ ਕਿ ਕਿ ਲੇਖਕ ਇਸ ਪੁਸਤਕ ਰਾਹੀਂ, ਪੰਜਾਬੀ ਵਿਚ ਇਕ ਅਸਲੋਂ ਨਵਾਂ ਗੱਦ-ਰੂਪ ਵਿਕਸਿਤ ਕਰਨ ਵਿਚ ਸਫਲ ਹੋਇਆ ਹੈ, ਜਿਸ ਲਈ ਉਹ ਵਧਾਈ ਦਾ ਹੱਕਦਾਰ ਹੈ।[18]

ਹੁੰਮਸ ਭਰੀਆਂ ਸ਼ਾਮਾਂ, ਲੂਹ-ਲੂਹ ਕਰਦੀਆਂ ਦੁਪਿਹਰਾਂ ਅਤੇ ਧੁੰਦ ਦੀ ਬੁੱਕਲ ਵਿਚ ਕੱਜੀਆਂ ਸਵੇਰਾਂ ਵਿਚ, ਦੂਰ ਦਰਾਜ਼ ਤੱਕ ਸਫਰ ਕਰ ਕੇ, ਪ੍ਰੀਤਮ ਸਿੰਘ ਕਵੀ ਆਪਣੀਆਂ ਪੈੜਾਂ ਦੇ ਪਾਤਰਾਂ ਤੱਕ ਪਹੁੰਚਦਾ ਹੈ। ਉਹ ਜਿੱਥੇ ਜੋ ਵੀ ਚੰਗਾ ਹੈ ਉਸ ਨੂੰ ਆਪਣੇ ਚੇਤੇ ਦੀ ਚੰਗੇਰ ਵਿਚ ਸਜਾਉਣ ਤੋਂ ਪਹਿਲਾਂ ਕਾਗਜ਼ ਕਲਮ ਦੇ ਹਵਾਲੇ ਕਰ ਦਿੰਦਾ ਹੈ। ਅਜਿਹੀ ਵੇਰਵਿਆਂ ਦੀ ਅਮੀਰੀ ਪਰਦਾਨ ਕਰਨ ਲਈ ਨਾਮਧਾਰੀ ਸਾਹਿਤਕਾਰਾਂ ਵਿਚ "ਸਤਿਗੁਰੂ ਬਿਲਾਸ" ਦੇ ਕਰਤਾ ਭਾਈ ਸੰਤੋਖ ਸਿੰਘ ਬਾਹੋਵਾਲੀਏ, "ਜੱਸ-ਜੀਵਨ" ਦੇ ਲਿਖਾਰੀ ਸੰਤ ਤਰਨ ਸਿੰਘ ਵਹਿਮੀ ਦੇ ਨਾਲ ਉਸਦਾ ਸਥਾਨ ਵੀ ਸੁਨਿਸ਼ਚਿਤ ਹੋ ਗਿਆ ਹੈ। ਪਰ ਉਸ ਦਾ ਆਧੁਨਿਕ ਯਥਾਰਥ ਬੋਧ ਉਸ ਨੂੰ ਆਪਣੇ ਇਨ੍ਹਾਂ ਦੋਵਾਂ ਪੂਰਵਵਰਤੀ ਲੇਖਕਾਂ ਨਾਲੋਂ ਵਿਲੱਖਣਤਾ ਪ੍ਰਦਾਨ ਕਰਦਾ ਹੈ। ਪ੍ਰੋ. ਕਿਰਪਾਲ ਸਿੰਘ ਜੀ ਕਸੇਲ, ਜੋ ਪੰਜਾਬੀ ਸਾਹਿਤ ਵਿਚ ਮਿਲਟਨ ਜਹੀ ਪ੍ਰਸਿੱਧੀ ਰੱਖਦੇ ਹਨ, ਕਵੀ ਜੀ ਦਾ ਮੁਲੰਕਣ ਬੀਤੇ ਦੀਆਂ ਪੈੜਾਂ ਦੇ ਸੰਦਰਭ ਵਿਚ ਇਉਂ ਕਰਦੇ ਹਨ: "ਕਵੀ ਜੀ ਦਾ ਸਮੁੱਚਾ ਦ੍ਰਿਸ਼ਟੀਕੋਣ ਯਥਾਰਥ ਮੁਖੀ ਹੈ, ਏਸੇ ਲਈ ਇਸ ਰਚਨਾ ਵਿਚ


Namdhari Elibrary NamdhariElibrary@gmail.com

ਕਰਤਾ ਨੇ ਸ੍ਰੀ ਸਤਿਗੁਰੂ ਜੀ ਦੀ ਮਹਾਨ ਸ਼ਖਸੀਅਤ ਅਤੇ ਉਨ੍ਹਾਂ ਦੇ ਦੁਆਲੇ ਜੁੜੇ ਵਿਅਕਤੀਆਂ ਨੂੰ ਐਨ ਉਸੇ ਤਰ੍ਹਾਂ ਦਰਸਾ ਦਿੱਤਾ ਹੈ ਜਿਵੇਂ ਉਹ ਲੇਖਕ ਨੂੰ ਵਿਖਾਈ ਦਿੱਤੇ ਹਨ। ਇਨ੍ਹਾਂ ਯਥਾਰਥਵਾਦੀ ਅੰਸ਼ਾਂ ਦੇ ਸਾਰੇ ਝਲਕਾਰਿਆਂ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਸਾਰੇ ਮਿਲ ਕੇ ਸ੍ਰੀ ਸਤਿਗੁਰੂ ਜੀ ਦੀ ਪਾਵਨ ਅਤੇ ਮਹਾਨ ਸ਼ਖਸੀਅਤ ਬਾਰੇ ਇਕ ਨਿਸਚਿਤ ਦ੍ਰਿਸ਼ਟੀਕੋਣ ਨੂੰ ਸਿਰਜਦੇ ਹਨ। ਸ੍ਰੀ ਸਤਿਗੁਰੂ ਜੀ ਦਾ ਯਥਾਰਥਕ ਅਤੇ ਮਾਨਵੀ ਸਰੂਪ ਵੀ ਕਿੰਨਾ ਆਦਰਸ਼ਕ ਤੇ ਆਕਰਸ਼ਕ ਹੈ, ਕਿਤਨੀਆਂ ਵਿਵਿਧ ਪਰਕਾਰ ਦੀਆਂ ਰੁਚੀਆਂ ਨਾਲ ਭਰਪੂਰ ਹੈ, ਕਿਤਨੇ ਅਨੇਕ ਪੱਖੀ ਗੁਣਾਂ ਦਾ ਭੰਡਾਰ ਹੈ ਕਿ ਆਪ ਮੁਹਾਰੇ ਹੀ ਉਨ੍ਹਾਂ ਦੀ ਵਡਿਆਈ ਅਤੇ ਗੌਰਵ ਦੇ ਸਾਹਮਣੇ ਸਿਰ ਝੁਕ ਜਾਂਦਾ ਹੈ.... ਉਹਨਾਂ ਦੇ ਨਿੱਕੇ ਨਿੱਕੇ ਨਿੱਤ ਦੇ ਕਰਮ ਤੋਂ ਵੱਡੇ -ਵੱਡੇ ਜੀਵਨ ਆਦਰਸ਼ ਮੂਰਤੀਮਾਨ ਹੁੰਦੇ ਹਨ, ਜੁ ਕੇਵਲ ਉਨ੍ਹਾਂ ਦੇ ਨਾਮਧਾਰੀ ਅਨੁਯਾਈਆਂ ਲਈ ਹੀ ਆਕਰਸ਼ਕ ਕੇਂਦਰ ਬਿੰਦੂ ਨਹੀਂ ਹਨ ਸਗੋਂ ਹੋਰ ਧਰਮ ਅਵਲੰਬੀਆਂ ਲਈ ਵੀ ਅਨੂਠੀ ਖਿੱਚ ਦੇ ਕਾਰਨ ਹਨ।[੧੯]

ਜਿਵੇ ਕਿ ਉੱਪਰ ਦੱਸਿਆ ਜਾ ਚੁੱਕਿਆ ਹੈ ਕਿ ਇਸ ਕਵੀ ਉਪਨਾਮ ਵਾਲੇ ਸੱਜਣ ਨੇ ਪੰਜਾਬੀ ਵਾਰਤਕ ਵਿਚ ਇਕ ਅਸਲੋਂ ਨਵੀਂ ਵਿਧਾ ਸਥਾਪਿਤ ਕਰਕੇ ਨਵੀਆਂ ਪੈੜਾਂ ਪਾਈਆਂ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਕਾਵਿ ਅਰਸ਼ ਤੇ ਉਡਾਰੀਆਂ ਲਾਉਣ ਤੋਂ ਅਸਮਰੱਥ ਸੀ। ਅਸਲੋਂ ਬਚਪਨ ਸਮੇਂ ਸਹਿਪਾਠੀ (ਸਤਿਗੁਰੂ) ਜਗਜੀਤ ਸਿੰਘ ਹੋਰਾਂ ਦੀ ਦੂਜੇ ਵਿਦਿਆਰਥੀਆਂ ਤੇ ਕ੍ਰਿਪਾ ਦ੍ਰਿਸ਼ਟੀ ਦਾ ਤੁਲਨਾਤਮਕ ਅਵਲੋਕਨ ਕਰਦਿਆਂ ਉਨ੍ਹਾਂ ਇਕ ਕਬਿੱਤ ਬ੍ਰਿੱਜ ਭਾਸ਼ਾ ਵਿਚ ਲਿਖਿਆ ਸੀ ਜਿਸ ਦੀ ਅੰਤਿਮ ਤੁਕ ਸੀ--

"ਕੈਸੇ ਬਨ ਆਵੇ ਤੋਹਿ ਸੰਗ ਕਵੀ ਪ੍ਰੀਤਮ ਕੀ
ਤੁਮ ਜਗਜੀਤ ਸਿੰਘ ਐਸੇ ਮਹਾਰਾਜ ਹੋ।"

ਉਨ੍ਹਾਂ ਦੀ ਕਾਵਿ ਵੰਨਗੀ ਨੂੰ ਨਿਹਾਰਨ ਲਈ ਪੁਸਤਕ ਸਿਮਰਨ ਦਾ ਅਵਲੋਕਨ ਕੀਤਾ ਜਾ ਸਕਦਾ ਹੈ ਜੋ ਮਾਰਚ ੧੯੬੯ ਈ. ਵਿਚ ਜਲੰਧਰੋਂ ਛਪੀ ਸੀ। ਆਪਣੇ ਇਸ਼ਟ ਪ੍ਰਤੀ ਸਮਰਪਣ ਭਾਵ ਨਾਲ ਲਬਰੇਜ਼ ਹੈ ਸਿਮਰਨ ਦੀ ਸਾਰੀ ਕਵਿਤਾ। ਇਸ ਦੀ ਪਹਿਲੀ ਕਵਿਤਾ ਦਾ ਪਾਠ ਹੀ ਰੂਹ ਨੂੰ ਇਕ ਤਾਜ਼ਗੀ ਇਕ ਖੇੜਾ ਅਤੇ ਰਾਗਾਤਮਕ ਲੈਅ ਪ੍ਰਦਾਨ ਕਰਦਾ ਹੈ:

"ਇਹ ਹੈ ਸੋਮਾ ਪਿਆਰਾਂ ਦਾ
ਖਿਮਾ, ਸ਼ੀਲਤਾ, ਸਚ, ਸੁਚ, ਸੰਜਮ
ਘੇਰਾ ਇਦੇ ਦੀਦਾਰਾਂ ਦਾ
ਤਪਤ ਬੁਝੇ ਤਨ ਮਨ ਤੇ ਧਨ ਦੀ
ਪਾ ਝਲਕਾ ਇਕ ਵਾਰਾਂ ਦਾ
ਦੁੱਖ ਭੁੱਲਦੇ, ਸੁਖ ਸਹਿਜ ਉਪਜਦੇ
ਰਸ ਮਿਲਦਾ ਝਣਕਾਰਾਂ ਦਾ
ਸੂਖਮ, ਕੋਮਲ, ਸਦਾ ਸੁਗੰਧਤ
ਮਹਿਰਮ ਦਿਲ ਦੀਆਂ ਤਾਰਾਂ ਦਾ
ਮਾਨੁਖਤਾ ਦੇ ਬੂਟੇ ਉਤੇ
ਮਹਿਕਿਆ ਪੁਸ਼ਪ ਬਹਾਰਾਂ ਦਾ।"[੨੦]

ਉਹ ਅਸਲੋਂ ਮੂੰਹ ਮੱਥੇ ਲੱਗਦੇ, ਇਨਸਾਨੀ ਮੁਹਾਂਦਰੇ ਵਾਲੇ, ਨੱਖਸ਼ਿਕ ਯੁਕਤ ਪ੍ਰੀਤਮ ਦਾ ਦਰਸ਼ਨ ਅਭਿਲਾਸ਼ੀ ਹੈ, ਸਾਕਾਰ ਦਰਸ਼ਨਾਂ ਦਾ ਇਛੁੱਕ।

"ਜਪ ਤਪ, ਸੰਜਮ, ਮਾਲਾ ਸਿਮਰਨ, ਜੀ ਨਹੀਂ ਲਾਂਦੇ ਮੇਰਾ
ਮੈਨੂੰ ਤਾਂ ਚਾਹੀਦੇ ਪ੍ਰੀਤਮ ਦਰਸ਼ਨ ਪਰਸਨ ਤੇਰਾ
ਤੇਰੀ ਰੱਬਤਾ ਵੀ ਨਾ ਲੋੜਾਂ,ਚਾਹਵਾਂ ਮਾਨੁਖ ਤਨ ਨੂੰ
ਅੱਠੇ ਪਹਿਰ ਕੋਲ ਰੱਖ ਮੈਨੂੰ, ਦੂਰ ਰਿਹਾਂ ਨਹੀਂ ਜੇਰਾ॥੬॥"[੨੧]

ਪ੍ਰੋ. ਮੋਹਣ ਸਿੰਘ ਦੀਵਾਨਾ ਦੀਆਂ ਰੁਬਾਈਆਂ ਦਾ ਪ੍ਰਭਾਵ, ਸਿਮਰਨ ਦੀਆਂ ਰੁਬਾਈਆਂ ਤੇ ਵੇਖਿਆ ਜਾ ਸਕਦਾ ਹੈ।

ਨਾਮਧਾਰੀ ਇਤਿਹਾਸ ਨਾਲ ਸਬੰਧਿਤ ਕੁਝ ਕਹਾਣੀਆਂ ਵੀ ਉਨ੍ਹਾਂ ਨੇ ਲਿਖੀਆਂ। ਇਉਂ ਅਸੀਂ ਵੇਖਦੇ ਹਾਂ ਕਿ ਪ੍ਰੀਤਮ ਸਿੰਘ ਕਵੀ ਦਾ ਰਚਨਾ ਸੰਸਾਰ ਬਹੁ ਆਯਾਮੀ ਹੈ।ਉਹ ਮਾਰਕਸਵਾਦੀ ਫਲਸਫੇ ਤੋਂ ਪ੍ਰਭਾਵਿਤ ਹੋ ਕੇ ਵੀ ਸਤਿਗੁਰੂ ਰਾਮ ਸਿੰਘ ਦੁਆਰਾ ਸਿਰਜੇ ਜੀਵਨ ਮੁੱਲਾਂ ਨਾਲ ਇਕਸੁਰਤਾ ਕਾਇਮ ਰੱਖ ਸਕਦਾ ਹੈ। ਇਤਿਹਾਸ ਦੀ ਤੋਰ ਨੂੰ ਸਮਝਣ ਲਈ ਉਸਦਾ ਜੀਵਨ ਨਜ਼ਰੀਆ ਬੜਾ ਸਾਰਥਕ ਹੈ। ਉਹ ਜੋ ਵੀ ਜੀਵਨ ਜੋਗ ਹੈ ਉਸ ਨੂੰ ਗ੍ਰਹਿਣ ਕਰਨ ਲਈ ਤਤਪਰ ਹੈ। ਥੋਥੀਆਂ, ਥੋਦੀਆਂ ਤੇ ਵੇਲਾ ਵਿਹਾ ਚੁੱਕੀਆਂ ਕਦਰਾਂ ਕੀਮਤਾਂ ਉਸ ਲਈ ਪੈਰਾਂ ਦੀਆਂ ਬੇੜੀਆਂ ਹਨ। ਅਸਮਾਨਾਂ ਵਿਚ ਪੰਛੀਆਂ ਵਰਗੀ ਉੱਚੀ ਉਡਾਰੀ ਉਸ ਦਾ ਆਦਰਸ਼ ਹੈ। ਧਰਤੀ ਦੇ ਮੱਥੇ 'ਤੇ ਪਏ ਹਰ ਕੋਹਜ ਨੂੰ ਮਿਟਾਉਣ ਲਈ ਉਹ ਪ੍ਰਯਤਨਸ਼ੀਲ ਰਿਹਾ। ਵਿਰਸਾ ਤੇ ਵਰਤਮਾਨ ਨੂੰ ਦਵੰਦਵਾਦੀ ਨਜ਼ਰੀਏ ਨਾਲ ਘੋਖਦਿਆਂ ਉਸ ਮਨੁੱਖ ਜਾਤੀ ਦੇ ਉੱਜਲ ਭਵਿੱਖ ਦੀ ਕਾਮਨਾ ਕੀਤੀ। ਸਦਾ ਹਰਕਤ ਵਿਚ ਰਹਿਣਾ ਉਸ ਦੇ ਸੁਭਾਅ ਦਾ ਮੀਰੀ ਗੁਣ ਸੀ। ਉਸਦੀਆਂ ਹੱਲਾਂ ਸ਼ੇਰੀਆਂ ਸਦਕਾ ਨਾਮਧਾਰੀ ਲੇਖਕਾਂ/ਕਵੀਆਂ ਦੀ ਇਕ ਪੂਰੀ ਪੀੜ੍ਹੀ ਸਦਾ ਉਸ ਦੀ ਰਿਣੀ ਰਹੇਗੀ।


Namdhari Elibrary NamdhariElibrary@gmail.com

ਫੁੱਟ ਨੋਟ:

੧. ਸਤਿਜੁਗ ਦਾ ਸੰਤ ਅੰਕ, ਸ੍ਰੀ ਭੈਣੀ ਸਾਹਿਬ, ੨੦ ਭਾਦਰੋਂ ੧੯੯੮ ਬਿਕ੍ਰਮੀ ਸਫਾ ੧੪੦-੪੧

੨. ਸਤਿਜੁਗ ਦਾ "ਨਾਮਧਾਰੀ ਸਾਹਿਤਕਾਰ ਵਿਸ਼ੇਸ਼ ਅੰਕ" ਬਿ. ੨੦੫੯ ਨਵੀਂ ਦਿੱਲੀ ਸਫਾ ੮੩

੩. ਕੂਕਿਆਂ ਵਿਚ ਵਿਆਪਕ ਸਤਰ ਤੇ ਪੜ੍ਹੀ ਜਾਣ ਵਾਲੀ ਰਚਨਾ 'ਗੁਰਿਛ ਨਾਮਾ' ਦੀਆਂ ਸਤਰਾਂ, ਜਿਹਨ੍ਹਾਂ ਦਾ ਭਾਵ ਹੈ ਰਾਮ ਸਿੰਘ ਦੀ ਵਜ੍ਹਾ ਕਰਕੇ ਉੱਚੇ, ਨੀਵਿਆਂ ਤੋਂ ਡਰਨ ਲੱਗ ਪੈਣ ਗੇ। ਉਹ ਧਰਤੀ ਨੂੰ ਇਕ ਰਸ (ਸੋਸ਼ਣ ਮੁਕਤ) ਕਰ ਦੇਵੇਂ ਗਾ। ਸੂਰਮਾ ਰਾਮ ਸਿੰਘ ਉੱਠੇਗਾ ਤੇ ਸਾਰੇ ਰਾਜਿਆਂ ਦੀਆਂ ਜੜ੍ਹਾਂ ਪੁੱਟ ਦੇਵੇਗਾ।'

੪. ਬੀਤੇ ਦੀਆਂ ਪੈੜਾਂ-ਭਾਗ ਪਹਿਲਾ-੧੯੮੮ ਨਵੀਂ ਦਿੱਲੀ, ਸਫਾ ੳ-ਅ

੫. ਸਤਿਜੁਗ ਦਾ ਸਿਮਰਤੀ ਅੰਕ-੨੦੧੬ ਬਿਕ੍ਰਮੀ-ਸ੍ਰੀ ਜੀਵਨ ਨਗਰ ਸਫਾ ੧੫

੬. ਸਤਿਜੁਗ ਦਾ ਅਟੱਲ ਪ੍ਰਤਾਪੀ ਅੰਕ-੨੦੨੦ ਬਿਕ੍ਰਮੀ-ਸ੍ਰੀ ਜੀਵਨ ਨਗਰ ਸਫਾ ੨-੩

੭. ਉਹੀ ਸਫਾ ੮੫

੮. ਸਤਿਜੁਗ ਦਾ ਬਸੰਤ ਅੰਕ-ਸੰਮਤ ੨੦੪੩ ਬਿਕ੍ਰਮੀ-ਸ੍ਰੀ ਜੀਵਨ ਨਗਰ ਸਫਾ ੧੦੨

੯. ਬੀਤੇ ਦੀਆਂ ਪੈੜਾਂ -ਭਾਗ ਪਹਿਲਾ-ਸਫਾ 'ਅ'

੧੦. ਉਹੀ, ਸਫਾ-'ੲ'

੧੧. ਉਹੀ, ਸਫਾ-੯

੧੨. ਉਹੀ, ਸਫਾ-੬੩

੧੩. ਉਹੀ, ਸਫਾ ੯੧

੧੪. ਉਹੀ, ਸਫਾ ੧੦੫

੧੫. ਬੀਤੇ ਦੀਆਂ ਪੈੜਾਂ ਭਾਗ ਦੋ, ਦਿੱਲੀ, ੧੯੯੦ ਈ. ਸਫਾ ੨

੧੬. ਉਹੀ-ਸਫਾ ੨੩

੧੭. ਉਹੀ-ਸਫਾ ੫੯

੧੮. ਉਹੀ ਸਫਾ ੮-੯

੧੯. ਬੀਤੇ ਦੀਆਂ ਪੈੜਾਂ ਭਾਗ ਤੀਜਾ, ਦਿੱਲੀ ੧੯੯੨ ਈ. ਸਫਾ ੭

੨੦. ਸਿਮਰਨ, ਜਲੰਧਰ, ੧੯੬੯ ਸਫਾ ੯

੨੧. ਉਹੀ ਸਫਾ ੧੩

*ਕਰੀਵਾਲਾ (ਸਿਰਸਾ)*
*-੧੨੫੦੭੫*

## ਕਿਰਤ ਦੀ ਮੌਤ / —*ਤੇਜਵੰਤ ਮਾਨ (ਡਾ:)*

ਓਦੋਂ ਕਿਰਤ ਦੀ ਮੌਤ ਹੁੰਦੀ ਹੈ
ਜਦੋਂ ਜੱਟ ਸ਼ਹਿਰ ਦੇ ਚੌਕ 'ਚ
ਭੁੰਨੀ ਮੱਕੀ ਦੀ ਛੱਲੀ
ਖਰੀਦ ਕੇ ਚੱਬਦਾ ਹੈ।

ਓਦੋਂ ਕਿਰਤ ਦੀ ਮੌਤ ਹੁੰਦੀ ਹੈ
ਜਦੋਂ ਕਿਸਾਨ
ਮੰਡੀ 'ਚੋਂ ਤੂੜੀ ਖਰੀਦ ਕੇ
ਟਰਾਲੀ ਵਿਚ ਰਖਦਾ ਹੈ।

ਓਦੋਂ ਕਿਰਤ ਦੀ ਮੌਤ ਹੁੰਦੀ ਹੈ
ਜਦੋਂ ਕੋਲਾ ਚਾਟੀ ਦੀ ਥਾਂ
ਫਰਿਜ 'ਚ ਰਖੇ
ਲੱਸੀ ਦੇ ਗਲਾਸ ਦਾ
ਬਾਜ਼ਾਰ ਵਿਚ ਮੁੱਲ ਪੁਛਦਾ ਹੈ।

ਓਦੋਂ ਕਿਰਤ ਦੀ ਮੌਤ ਹੁੰਦੀ ਹੈ
ਜਦੋਂ ਕਿਰਤੀ ਦਾ ਮੁੰਡਾ
ਖੇਤ ਜਾਣ ਦੀ ਥਾਂ
ਰੋਇਲ ਐਂਡ ਫੀਲਡ ਨੂੰ ਕਿੱਕ ਮਾਰ
ਬਸ ਆਹ ਸ਼ਹਿਰ ਤਕ ਜਾਂਦਾ ਹੈ

ਓਦੋਂ ਕਿਰਤ ਦੀ ਮੌਤ ਹੁੰਦੀ ਹੈ
ਜਦੋਂ ਗਿੜਦੇ ਖੂਹ ਦੇ
ਕੁੱਤੇ ਦੀ ਟਿਕ ਟਿਕ ਦੀ ਥਾਂ
ਖੂਹ-ਡੂੰਘੇ ਟੋਏ 'ਚੋਂ
ਮੋਟਰ ਦੀ ਚੀਕ ਨਿਕਲਦੀ ਹੈ

ਓਦੋਂ ਕਿਰਤ ਦੀ ਮੌਤ ਹੁੰਦੀ ਹੈ
ਜਦੋਂ ਬੇਦੀ ਉਤੇ ਬੈਠੀ ਕੁੜੀ
ਵਰਮਾਲਾ ਗਭਰ ਨੂੰ ਨਹੀਂ
ਨਵੇਂ ਆਏ ਟਰੈਕਟਰ ਨੂੰ
ਪਹਿਨਾਉਂਦੀ ਹੈ।

ਓਦੋਂ ਕਿਰਤ ਦੀ ਮੌਤ ਹੁੰਦੀ ਹੈ
ਜਦੋਂ ਦੇਸ਼ ਦੀ ਸੰਸਦ
ਬੈਂਕ ਕਰੈਡਿਟ ਕਾਰਡ ਰਾਹੀਂ
ਏ. ਟੀ. ਐਮ. ਸੈਂਟਰਾਂ ਉਤੇ
ਕਿਰਤੀ ਦੀ ਤਰੱਕੀ ਦੇ
ਮਕਾਰ ਅੰਕੜੇ ਛਾਪਦੀ ਹੈ

ਓਦੋਂ ਕਿਰਤ ਦੀ ਮੌਤ ਹੁੰਦੀ ਹੈ
ਜਦੋਂ ਕਿਰਤੀ
ਸਰਮਾਏ ਦੇ ਜੋੜ ਤੋੜ 'ਚ
ਫਸਲੀ-ਚੱਕਰ 'ਚ ਪਿਆ
ਖੁਦ ਆਪ ਚੱਕਰਾਂ 'ਚ ਪੈਂਦਾ ਹੈ।

*-ਕਾਲਜ ਰੋਡ ਸੰਗਰੂਰ*



Namdhari Elibrary NamdhariElibrary@gmail.com

Our Motto : Best Quality of the Day

*High Class Gun Manufacturers*

**Single & Double Barrels**



# 12-BORE GUNS

## Free India Gun Manufacturers

Prop. S. KARTAR SINGH (Jammu-Wale)

6, Industrial Estate, Ashok Nagar,
Jammu Cantt-3
Ph. : 433810

**Sister Concern :**

**M/s Kartar Singh**

**ARMS & AMMUNITION DEALERS**



Namdhari Elibrary NamdhariElibrary@gmail.com

## ਦੋ ਗ਼ਜ਼ਲਾਂ

*—ਸਿਰੀ ਰਾਮ 'ਅਰਸ਼'*

ਫਿਰ ਗ਼ਰੀਬਾਂ ਨੇ ਲਗਾਇਆ ਮਿਲ ਕੇ ਨਾਅਰਾ ਦੇਖ ਲੈ।
ਰਾਜ ਤੇਰਾ ਫੇਰ ਖੁੱਸ ਚੱਲਿਐ ਦੁਬਾਰਾ ਦੇਖ ਲੈ।

ਜਾਣ ਦੇ ਮੈਨੂੰ ਨਾ ਰੋਕੀਂ, ਹੋਣ ਵਾਲੀ ਹੈ ਸਵੇਰ,
ਚੜ੍ਹ ਪਿਐ ਸਿਰ ਤੇ ਮੇਰੇ ਸਰਘੀ ਦਾ ਤਾਰਾ ਦੇਖ ਲੈ।

ਸਿਰਜ ਕੇ ਅਦਭੁਤ ਕਰਾਮਾਤਾਂ ਨੂੰ ਅਪਣੇ ਵਾਸਤੇ,
ਹੋ ਗਿਆ ਹੈ ਆਦਮੀ ਕਿੰਨਾ ਨਕਾਰਾ ਦੇਖ ਲੈ।

ਜਾਣਦਾ ਸੀ ਤੂੰ ਮੇਰੇ ਨਾਲੋਂ ਜੁਦਾ ਹੋ ਜਾਏਂਗਾ,
ਉਮਰ ਭਰ ਕਿਸ ਨੇ ਨਿਭਾਇਆ ਸਾਥ ਯਾਰਾ! ਦੇਖ ਲੈ।

ਰਾਤ ਨੂੰ ਦਿਨ ਦੀ, ਤੇ ਦਿਨ ਵਿੱਚ ਰਾਤ ਦੀ ਕੀਤੀ ਉਡੀਕ,
ਕਿਸ ਤਰ੍ਹਾਂ ਤੇਰੇ ਬਿਨਾਂ ਕੀਤਾ ਗੁਜ਼ਾਰਾ ਦੇਖ ਲੈ।

ਆਦਿ-ਜੁਗ ਤੋਂ ਹੀ ਜੋ ਏਥੇ ਜ਼ੁਲਮ ਦਾ ਪਾਤਰ ਰਿਹਾ,
ਬਣ ਗਿਆ ਹੈ 'ਅਰਸ਼' ਉਹ ਚਾਨਣ-ਮੁਨਾਰਾ ਦੇਖ ਲੈ।

***

ਦੁਨੀਆ ਨੇ ਬਣਾਉਣਾ ਹੈ ਮੰਗਲ 'ਤੇ ਜੇ ਘਰ ਯਾਰੋ !
ਝੱਲੇਗਾ ਤਪਸ਼ ਕਿਹੜਾ ਸੂਰਜ ਦੀ ਮਗਰ ਯਾਰੋ !

ਲੱਭਦੇ ਹੋ ਤੁਸੀਂ ਜਿਸ ਨੂੰ ਜੰਗਲ ਜਾਂ ਪਹਾੜਾਂ ਵਿੱਚ,
ਸੁਣਿਐ ਮੈਂ ਦਿਲਾਂ ਵਿੱਚ ਹੈ ਉਸ ਸ਼ਖ਼ਸ ਦਾ ਘਰ ਯਾਰੋ।

ਖਾਧੀ ਸੀ ਕਸਮ ਜਿਸ ਨੇ ਵਿਛੜੇਗਾ ਨਹੀਂ ਦਿਲ ਤੋਂ,
ਉਸ ਪਿਆਰ ਦੀ, ਧਰਤੀ ਤੇ ਮਿਲਦੀ ਨਾ ਖ਼ਬਰ ਯਾਰੋ।

ਬੰਦਾ ਨਾ ਦਿਸੇ ਕੋਈ ਆਵਾਜ਼ ਨਹੀਂ ਆਉਂਦੀ
ਕਬਰਾਂ ਜਿਹੇ ਲੱਗਦੇ ਹਨ ਉਸ ਸ਼ਹਿਰ ਦੇ ਘਰ ਯਾਰੋ।

ਔਲਾਦ ਨੂੰ ਧਨ ਸਮਝੋ, ਜਿਸਮਾਂ ਨੂੰ ਕਹੋ ਦੌਲਤ,
ਕਿਉਂ ਉਮਰ ਗ਼ਰੀਬੀ ਵਿੱਚ, ਕਰਦੇ ਹੋ ਬਸਰ ਯਾਰੋ!

ਇਹ ਰਾਜ ਦਾ ਤੋਤਾ ਹੈ, ਛੱਡੋ ਨਾ ਤੁਸੀਂ ਇਸ ਨੂੰ,
ਇਹ ਅਉਧ ਹੰਢਾ ਚੁੱਕਾ, ਖ਼ੁਦ ਜਾਏਗਾ ਮਰ ਯਾਰੋ।

ਇੱਛਾ ਹੈ ਇਹੋ ਜਿੱਥੇ, ਦਿਲਦਾਰ ਮੇਰਾ ਰਹਿੰਦੈ,
ਉਸ ਸ਼ਹਿਰ ਦੇ ਵਿੱਚ ਹੋਵੇ, ਇਕ ਮੇਰਾ ਵੀ ਘਰ ਯਾਰੋ।

ਮਿਲ ਸਕਦਾ ਹੈ ਸੋਨਾ ਵੀ, ਹੀਰੇ ਵੀ, ਜਵਾਹਰ ਹੀ
ਪਰ 'ਅਰਸ਼' ਨਹੀਂ ਮਿਲਦਾ ਦਰਵੇਸ਼ ਦਾ ਦਰ ਯਾਰੋ।

## ਢੋਲ ਵੱਜ ਰਿਹਾ ਏ

*—ਇੰਦਰਜੀਤ ਹਸਨਪੁਰੀ*

ਢੋਲ ਵੱਜ ਰਿਹਾ ਏ, ਬੋਲ ਭੱਜ ਰਿਹਾ ਏ
ਢੋਲ ਕੋਲੋਂ ਬੋਲ ਨੂੰ ਬਚਾਓ ਓ ਪੰਜਾਬੀਓ
ਜਾਗੋ, ਜਾਗੋ ਹੋਸ਼ ਵਿੱਚ ਆਓ ਓ ਪੰਜਾਬੀਓ

ਪੀਰਾਂ ਤੇ ਪੈਗੰਬਰਾਂ ਦੇ ਬੋਲ ਢੋਲ ਖਾ ਰਿਹਾ
ਦੇਸ਼ ਦੀ ਜਵਾਨੀ ਨੂੰ ਇਹ ਪੁਠੇ ਰਾਹੇ ਪਾ ਰਿਹਾ
ਰੌਲੇ ਵਿਚ ਬੋਲ ਨਾ ਗੁਆਓ ਓ ਪੰਜਾਬੀਓ
ਜਾਗੋ, ਜਾਗੋ ਹੋਸ਼ ਵਿਚ ......... ..........

ਨੱਚੀ ਟੱਪੀ ਜਾਨੇ ਓਂ ਤੇ ਕੁਝ ਨਹੀਂ ਵਿਚਾਰਦੇ
ਸੋਨੇ ਜਿਹੇ ਬੋਲ ਹੀ ਭਵਿੱਖ ਨੂੰ ਉਸਾਰਦੇ
ਅੰਨ੍ਹੇ ਹੋ ਕੇ ਭੰਗੜਾ ਨਾ ਪਾਓ ਓ ਪੰਜਾਬੀਓ
ਜਾਗੋ, ਜਾਗੋ ਹੋਸ਼ ਵਿਚ ......... ..........

ਬੋਲਾਂ ਨੇ ਹੀ ਗਿਆਨ ਵਾਲੇ ਦੀਪ ਹੈਨ ਬਾਲਣੇ
ਚੰਗੇ ਬੋਲ ਪੁੱਤਾਂ ਵਾਂਗ ਚਾਹੀਦੇ ਸਭਾਲਣੇ
ਚੰਗੇ ਬੋਲਾਂ ਦਾ ਹੀ ਮੁੱਲ ਪਾਓ ਓ ਪੰਜਾਬੀਓ
ਜਾਗੋ, ਜਾਗੋ ਹੋਸ਼ ਵਿਚ ......... ..........

ਪੈਸੇ ਲਈ ਜਿਹੜੇ ਅਸ਼ਲੀਲਤਾ ਫੈਲਾ ਰਹੇ
ਗੰਦੇ ਗੀਤ ਗਾਉਂਦੇ, ਅਧਨੰਗੀਆਂ ਨਚਾ ਰਹੇ
ਉਠੋ ਉਹਨਾ ਨਾਲ ਮੱਥਾ ਲਾਓ ਓ ਪੰਜਾਬੀਓ
ਜਾਗੋ, ਜਾਗੋ ਹੋਸ਼ ਵਿਚ ......... ..........

ਚੰਗੇ ਬੋਲ ਹੋਣ ਤਾਂ ਪਿਆਰ ਦਿਓ ਰੱਜ ਕੇ
ਮਾੜੇ ਬੋਲ ਹੋਣ ਤਾਂ ਨਕਾਰ ਦਿਓ ਗੱਜ ਕੇ
ਬੋਲਾਂ ਵਾਲੇ ਦੀਵੇ ਨਾ ਬੁਝਾਓ ਓ ਪੰਜਾਬੀਓ
ਜਾਗੋ, ਜਾਗੋ ਹੋਸ਼ ਵਿਚ ......... ..........

ਬੋਲ ਦੀ ਜੋ ਸ਼ਕਤੀ ਨਾਕਾਮ ਤੁਸੀਂ ਕਰੋ ਨਾ
ਢੋਲ ਸੋਹਣਾ ਸਾਜ਼ ਬਦਨਾਮ ਤੁਸੀਂ ਕਰੋ ਨਾ
ਢੋਲ ਨਾਲ ਬੋਲ ਨੂੰ ਸਜਾਓ ਓ ਪੰਜਾਬੀਓ
ਜਾਗੋ, ਜਾਗੋ ਹੋਸ਼ ਵਿਚ ......... ..........

ਹਸਨਪੁਰੀ ਬੀਤੀ ਘੜੀ ਹੱਥ ਨਹੀਂ ਆਏਗੀ
ਬੋਲ ਮਰ ਜਾਣ ਗੇ ਤਾਂ ਕੌਮ ਮਰ ਜਾਏਗੀ
ਬੋਲਾਂ ਨਾਲ ਚਾਨਣਾ ਖੰਡਾਓ ਓ ਪੰਜਾਬੀਓ
ਜਾਗੋ, ਜਾਗੋ ਹੋਸ਼ ਵਿਚ ......... ..........

*ਕੋਠੀ ਗੜਵਾ ਚਾਂਦੀ ਦਾ*
*ਬਰੀਕਾ ਚੌਕ ਲੁਧਿਆਣਾ, 1443031*



Namdhari Elibrary NamdhariElibrary@gmail.com

## ਨਾਮਧਾਰੀ ਇਤਿਹਾਸ ਦਾ ਭੰਡਾਰ

# ਸਤਿਗੁਰੂ ਪ੍ਰਤਾਪ ਸਿੰਘ ਜੀ

*–ਸਵਰਨ ਸਿੰਘ ਸਨੇਹੀ*

ਸਤਿਗੁਰੂ ਜੀ ਨੇ ਇਤਿਹਾਸ ਦੀ ਸੇਵਾ ਕਰਨ ਲਈ ਕਦੇ ਹਿਸਾਬ ਨਹੀਂ ਸੀ ਕੀਤਾ ਜਾਪਦਾ। ਜਦੋਂ ਸਰਦਾਰ ਨਾਹਰ ਸਿੰਘ ਨਾਲ ਇਤਿਹਾਸ ਲਿਖਣ ਬਾਰੇ ਚਰਚਾ ਹੋਈ ਤਦ ਆਪ ਨੇ ਸਰਕਾਰੀ ਰਿਕਾਰਡ ਕੱਢ ਲਿਆਉਣ ਦਾ ਸਾਰਾ ਖਰਚ ਝਲਣ ਦਾ ਉਸ ਨੂੰ ਵਿਸ਼ਵਾਸ ਦੁਆਇਆ ਸੀ ਤੇ ਇਹ ਪੇਸ਼ਕਸ਼ ਕੇਵਲ ਨਾਮਧਾਰੀਆਂ ਦੇ ਰਿਕਾਰਡ ਕੱਢਣ ਤੱਕ ਹੀ ਸੀਮਿਤ ਨਹੀਂ ਸੀ ਸਗੋਂ ਦੇਸ਼ ਦੀ ਖਾਤਰ ਕੈਦ ਹੋਣ ਵਾਲੇ, ਬਾਗੀ, ਸ਼ਾਹੀ ਕੈਦੀ ਆਦਿ ਸਭ ਦੀ ਬਿਨਾਂ ਵਿਤਕਰੇ ਇਤਿਹਾਸਕਾਰੀ ਦੀ ਗੱਲ ਸੀ।[25] ਜੋ ਇਕ ਪਾਸੇ ਬਹੁਤ ਵੱਡੀ ਉਦਾਰਤਾ ਦੀ ਸੰਕੇਤਕ ਸੀ ਤੇ ਦੂਜੇ ਪਾਸੇ ਕੌਮੀ ਇਤਿਹਾਸ ਦੀ ਕਦਰ ਤੇ ਵਿਤਕਰੇ ਰਹਿਤ ਉਸ ਦੀ ਸੰਭਾਲ ਤੇ ਪ੍ਰਚਾਰ ਵਾਸਤੇ ਡੂੰਘੀ ਦਿਲਚਸਪੀ।

ਆਪ ਦੇ ਇਨ੍ਹਾਂ ਸਭਨਾਂ ਜਤਨਾਂ ਦਾ ਆਉਣ ਵਾਲੀ ਪੀੜ੍ਹੀ ਤੇ ਬਹੁਤ ਪ੍ਰਭਾਵ ਪਿਆ ਜਿਸ ਕਰ ਕੇ ਆਪ ਪਿਛੋਂ ਇਨ੍ਹਾਂ ਲੀਹਾਂ ਦਾ ਅਨੁਸਰਣ ਸਗੋਂ ਵਧਿਆ ਜਿਸ ਦਾ ਇਕ ਕਾਰਨ ਸਾਧਨਾਂ ਦਾ ਫੈਲਾਉ ਵੀ ਹੋ ਸਕਦਾ ਹੈ ਤੇ ਦੂਜਾ ਵਿਦਿਅਕ ਖੇਤਰ ਵਿਚ ਅਗਾਂਹਵਧਣ ਕਾਰਨ ਆਈ ਜਾਗ੍ਰਤ ਵੀ। ਖੋਜ ਕਾਰਜ ਨੇ ਵੀ ਕੁਛ ਛਾਲਾਂ ਮਾਰੀਆਂ ਹਨ। ਪੁਸਤਕਾਂ ਲਿਖਣ ਲਿਖਵਾਉਣ ਤੇ ਛਪਵਾਉਣ ਵੱਲ ਵੀ ਝੁਕਾਉ ਵਿਚ ਤਬਦੀਲੀ ਆਈ ਹੈ।

ਇਹ ਕੋਈ ਬਹੁਤੀ ਵੱਡੀ ਮੱਲ ਨਹੀਂ ਮਾਰੀ ਗਈ ਸਗੋਂ ਪੂਣੀ ਛੋਹਣ ਵਾਲੀ ਗੱਲ ਹੀ ਹੈ।ਇਥੇ ਵੀ ਕਰਮ ਸਿੰਘ ਹਿਸਟੋਰੀਅਨ ਦੀ ਗੱਲ ਯਾਦ ਆਉਂਦੀ ਹੈ। ਉਹਨੇ ਅਸਲ ਵਿਚ ਇਤਿਹਾਸ ਖੋਜ ਲਈ ਲੁੜੀਂਦੀ ਮਿਹਨਤ ਨੂੰ ਧਿਆਨ ਵਿਚ ਰੱਖਦਿਆਂ ਸਿੱਖਾਂ ਨੂੰ ਸਾਵਧਾਨ ਕਰਦਿਆਂ ਕਿਹਾ ਸੀ, "ਸਾਡੀ ਮੰਜ਼ਲ ਬੜੀ ਦੂਰ ਦੀ ਮੰਜ਼ਲ ਹੈ. ਅਸੀਂ ਬੜੀ ਦੂਰ ਬੈਠੇ ਹਾਂ ਤੇ ਅਵੇਸਲੇ ਬੈਠੇ ਹਾਂ ਤੇ ਸਮਝ ਰਹੇ ਹਾਂ ਕਿ ਅਸੀਂ ਮੰਜ਼ਲ ਮਾਰੀ ਬੈਠੇ ਹਾਂ। ਸੱਚ ਇਹ ਹੈ ਕਿ ਅਸਾਂ ਅਜੇ ਤੀਕ ਇਤਿਹਾਸ ਦੇ ਦਰਸ਼ਨ ਹੀ ਨਹੀਂ ਕੀਤੇ।" [26]

ਸਤਿਗੁਰੂ ਪ੍ਰਤਾਪ ਸਿੰਘ ਵੱਲੋਂ ਕੀਤੀ ਗਈ ਇਤਿਹਾਸ ਸੇਵਾ ਦੇ ਸਬੰਧ ਵਿਚ ਹੀ ਜਿਹੜੀ ਬਹੁਤ ਮਹੱਤਵਪੂਰਨ ਦੇਣ ਹੁਣ ਤੱਕ ਆਲੋਚਨਾ, ਜੀਵਨੀ ਕਾਰਾਂ ਤੇ ਇਤਿਹਾਸਕਾਰਾਂ ਦੇ ਮੁਲਾਂਕਣ ਤੋਂ ਅਣਗੌਲੀ ਰਹੀ ਹੈ ਉਹ ਹੈ ਆਪ ਦੇ ਭਾਸ਼ਣ ਜਾਂ ਕਥਾਵਾਂ ਜਿਹੜੀਆਂ ਆਪ ਨੇ ਆਮ ਕਰ ਕੇ ਆਪਣੇ ਬਦੇਸ਼ੀ ਦੌਰਿਆਂ ਦੌਰਾਨ ਕੀਤੀਆਂ। ਕਥਾ ਸ਼ਬਦ ਦਾ ਪ੍ਰਭਾਵ ਆਮ ਕਰ ਕੇ ਧਾਰਮਿਕ ਸਾਖੀ ਸਾਹਿਤ ਤੋਂ ਲਿਆ ਜਾਂਦਾ ਹੈ ਜੋ ਇਥੇ ਲਾਗੂ ਨਹੀਂ ਹੁੰਦਾ।ਇਹ ਕਥਾਵਾਂ ਇਤਿਹਾਸ ਨਾਲ ਸਬੰਧਿਤ ਹਨ। ਇਨ੍ਹਾਂ ਵਿਚੋਂ ਬਹੁਤੀਆਂ ਸਿਆਮ ਦੇ ਦੌਰਿਆਂ ਸਮੇਂ ਤੇ ਕੁਛ ਕੁ ਪੂਰਬੀ ਅਫਰੀਕਾ ਦੇ ਦੌਰਿਆਂ ਸਮੇਂ ਕੀਤੀਆਂ ਗਈਆਂ ਹਨ। ਬਦੇਸ਼ੀ ਦੌਰਿਆਂ ਦੌਰਾਨ ਹੀ ਕਿਉਂ ਉਸ ਦਾ ਵੱਡਾ ਕਾਰਨ ਇਹ ਹੈ ਕਿ ਉਨ੍ਹਾਂ ਸਮਿਆਂ ਵਿਚ ਬਿਦੇਸ਼ਾਂ ਵਿਚ ਬਚਨ ਰਿਕਾਰਡ ਕਰਨ ਦੇ ਬਿਜਲਈ ਸਾਧਨ ਸਰਦੇ ਪੁਜਦੇ ਘਰਾਂ ਵਿਚ ਪੁਜ ਚੁੱਕੇ ਸਨ ਪਰ ਭਾਰਤ ਵਿਚ ਅਜੇ ਇਹ ਅਚੰਭਾ ਸਨ। ਚਲਦੀਆਂ ਫਿਰਦੀਆਂ ਬੋਲਦੀਆਂ ਤਸਵੀਰਾਂ ਖਿਚਣ ਵਾਲੇ ਕੈਮਰੇ ਅਜੇ ਸ਼ਾਇਦ ਉਥੇ ਵੀ ਮੰਡੀ ਵਿਚ ਨਹੀਂ ਸਨ ਆਏ। ਨਹੀਂ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੁੰਦੀ।

ਸਾਡੀ ਜਾਚੇ ਤਾਂ ਸਿਆਮ ਵਾਸੀ ਨਾਮਧਾਰੀ ਸੰਗਤ ਦੀ ਵੀ ਇਹ ਭਾਰਤੀ ਸੰਸਕ੍ਰਿਤੀ, ਸਾਹਿਤ ਤੇ ਇਤਿਹਾਸ ਨੂੰ ਬਹੁਤ ਵੱਡੀ ਦੇਣ ਹੈ ਕਿ ਉਸ ਨੇ ਸਤਿਗੁਰੂ ਜੀ ਦੇ ਭਾਸ਼ਣਾਂ ਨੂੰ ਟੇਪਾਂ ਉਤੇ ਰਿਕਾਰਡ ਕਰਨ ਤੇ ਸੰਭਾਲਣ ਦਾ ਪ੍ਰਬੰਧ ਕੀਤਾ। ਸੰਗਤ ਵਿਚੋਂ ਵੀ ਇਸ ਦਾ ਬਹੁਤਾ ਸਿਹਰਾ ਸਾਡੇ ਪੁਰਾਣੇ ਸਨੇਹੀ, ਸਵਰਗਵਾਸੀ ਇਕਬਾਲ ਸਿੰਘ ਮਨਚੰਦਾ ਦੇ ਸਿਰ ਬਝਣਾ ਚਾਹੀਦਾ ਹੈ ਜਿਨ੍ਹਾਂ ਨੇ ਇਨ੍ਹਾਂ ਕਥਾਵਾਂ ਜਾਂ ਉਪਦੇਸ਼ਾਂ ਦੇ ਸਮੇਂ ਤੇ ਸਥਾਨ ਵੀ ਨਾਲੋਂ ਨਾਲ ਰਿਕਾਰਡ ਕਰਨ ਦੀ ਉਕਤ ਸੋਚੀ। ਇਹ ਸਾਡੇ ਆਪਣੇ ਪਰਤਾਵੇ ਵਿਚ ਆਇਆ ਸੱਚ ਹੈ ਕਿ ਇਸ ਸਮੇਂ, ਸਥਾਨ ਤੇ ਕਥਾ ਦਾ ਵਿਸ਼ਾ-ਵੇਰਵਾ ਉਨ੍ਹਾਂ ਨੂੰ ਇਵੇਂ ਜ਼ਬਾਨੀ ਯਾਦ ਸੀ ਜਿਵੇਂ



Namdhari Elibrary NamdhariElibrary@gmail.com

ਕਿਸੇ ਸਮੇਂ ਪਹਾੜੇ ਵਿਦਿਆਰਥੀਆਂ ਦੀ ਜ਼ਬਾਨ ਤੇ ਹੁੰਦੇ ਸਨ।

ਕੁਝ ਇਤਿਹਾਸਕਾਰ 'ਕਥਾ' ਸ਼ਬਦ ਨੂੰ ਤ੍ਰਿਸਕਾਰ ਦੀ ਨਿਗ੍ਹਾ ਨਾਲ ਦੇਖ ਕੇ ਇਸ ਸਮਗਰੀ ਨੂੰ ਬਿਨਾਂ ਦੇਖੇ-ਜਾਂਚੇ ਇਤਿਹਾਸ ਦੇ ਖਾਤਿਉਂ ਕਢ ਦੇਣਗੇ। ਸਮਝਣ ਵਾਲੀ ਗੱਲ ਇਹ ਹੈ ਕਿ ਇਸ ਸਮਗਰੀ ਨੂੰ ਕਥਾ ਜਾਂ ਉਪਦੇਸ਼ ਕਿਉਂ ਕਿਹਾ ਜਾਂਦਾ ਹੈ ?

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਜੀ ਪੁਸਤਕਾਲੇ ਵਿਚ ਸੰਭਾਲੀਆਂ ਪਈਆਂ ਕੀਮਤੀ ਪੁਸਤਕਾਂ ਦਾ ਵਰਣਨ ਸਰਦਾਰ ਨਾਹਰ ਸਿੰਘ ਤੇ 'ਚਕ੍ਰਵਰਤੀ' ਜੀ ਦੀਆਂ ਲਿਖਤਾਂ ਰਾਹੀਂ ਪਾਠਕ ਪੜ੍ਹ ਹੀ ਚੁਕੇ ਹਨ। ਉਸ ਵਿਚਲੇ ਇਕ ਹਥ ਲਿਖਤ ਗ੍ਰੰਥ 'ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ ਦਾ ਵਰਣਨ ਵੀ ਪ੍ਰਸੰਗ ਵਸ ਪਹਿਲਾਂ ਹੋ ਚੁੱਕਾ ਹੈ। ਇਸ ਗ੍ਰੰਥ ਦੇ ਵਿਦਵਾਨ ਕਰਤਾ ਸੰਤ ਧਿਆਨ ਸਿੰਘ ਜੀ ਨੇ ਗੁਰੂ ਰਾਮ ਸਿੰਘ ਜੀ ਨਾਲ ਸਬੰਧਤ ਘਟਨਾਵਾਂ ਬ੍ਰਿਜ ਭਾਸ਼ੀ ਕਾਵਿ ਵਿਚ ਦਰਜ ਕੀਤੀਆਂ ਹੋਈਆਂ ਹਨ ਜਿਨ੍ਹਾਂ, ਨੂੰ ਆਮ ਪਾਠਕ ਉਵੇਂ ਹੀ ਸੌਖਿਆਂ ਨਹੀਂ ਸਮਝ ਸਕਦਾ ਜਿਵੇਂ ਗੁਰ ਪ੍ਰਤਾਪ ਸੂਰਜ ਜਾਂ ਪੰਥ ਪ੍ਰਕਾਸ਼ ਨੂੰ। ਇਸ ਗ੍ਰੰਥ ਦੀ ਕਥਾ ਸਤਿਗੁਰੂ ਜੀ ਕਈ ਵਾਰ ਕਰਿਆ ਕਰਦੇ ਪਰ ਕੁਝ ਚਿਰ ਪਿਛੋਂ ਗ੍ਰੰਥ ਦੀ ਕਥਾ ਬੰਦ ਕਰ ਕੇ ਕੁਝ ਯਾਦ-ਆਧਾਰਤ ਬਚਨ ਵੀ ਕਰਿਆ ਕਰਦੇ ਤੇ ਇਹ ਬਚਨ ਨਾਮਧਾਰੀ ਇਤਿਹਾਸ ਦੀ ਕੋਈ ਨਾ ਕੋਈ ਕੜੀ ਹੁੰਦੀ। ਵਿਚੇ ਵਿਚ, ਪ੍ਰਸੰਗਵਸ ਸਿਖਿਆਦਾਇਕ ਤੇ ਉਪਦੇਸ਼ਾਤਮਕ ਬਚਨ ਵੀ ਆ ਜਾਂਦੇ ਜੋ ਮਹਾਂਪੁਰਸ਼ਾਂ ਦੀ ਬਚਨਾਂ ਦੇ ਵਿਸ਼ੇਸ਼ ਹਿਸਾ ਹੁੰਦੇ ਹਨ ਤੇ ਜਿਨ੍ਹਾਂ ਦੇ ਆਮ ਵਿਅਕਤੀ ਆਸ ਵੀ ਰੱਖਦਾ ਹੈ।

ਬੱਸ, ਇਸੇ ਕਰ ਕੇ ਇਨ੍ਹਾਂ ਭਾਸ਼ਣਾਂ ਨੂੰ 'ਉਪਦੇਸ਼' ਦੀ ਸੰਗਿਆ ਦਿੱਤੀ ਜਾਂਦੀ ਹੈ ਪਰ ਇਹ ਸੰਗਿਆ ਇਨ੍ਹਾਂ ਵਿਚਲੇ ਇਤਿਹਾਸ ਮਹਤਵ ਨੂੰ ਕਿਸੇ ਵੀ ਤਰ੍ਹਾਂ ਘਟਾਉਂਦੀ ਨਹੀਂ। ਇਨ੍ਹਾਂ ਬਚਨਾਂ ਵਿਚ ਕਿੰਨੀਆਂ ਸਾਰੀਆਂ ਉਹ ਗੱਲਾਂ ਵੀ ਮਿਲਦੀਆਂ ਹਨ ਜਿਹੜੀਆਂ ਨਾਮਧਾਰੀ ਇਤਿਹਾਸ ਦੇ ਕਿਸੇ ਹੋਰ ਸ੍ਰੋਤ ਤੋਂ ਹੁਣ ਵੀ ਮਿਲ ਸਕਣੀਆਂ ਅਸੰਭਵ ਹਨ। ਇਨ੍ਹਾਂ ਵਿਚ ਆਪ ਦੇ ਸੰਪਰਕ ਵਿਚ ਆਉਣ ਵਾਲੇ ਪੁਰਾਣੇ ਬਜ਼ੁਰਗਾਂ ਦੇ ਵੇਰਵੇ ਤੇ ਉਨ੍ਹਾਂ ਕੋਲੋਂ ਪ੍ਰਾਪਤ ਹੋਈ ਦੁਰਲਭ ਇਤਿਹਾਸਕ ਜਾਣਕਾਰੀ ਆਦਿ ਸ਼ਾਮਲ ਹਨ। ਜੇ ਕਿਤੇ ਉਸ ਸਮੇਂ ਬਚਨ ਰਿਕਾਰਡ ਕਰਨ ਦੀ ਇਹ ਕਾਢ ਨਾ ਨਿਕਲੀ ਹੁੰਦੀ ਜਾਂ ਰਿਕਾਰਡ ਕਰਨ ਦਾ ਇਹ ਉਦਮ ਹੀ ਨਾ ਹੋਇਆ ਹੁੰਦਾ ਤਦ ਵੀ ਸਾਡੀਆਂ ਭਵਿਖ ਦੀਆਂ ਸਾਰੀਆਂ ਪੀੜ੍ਹੀਆਂ ਇਹਨਾਂ ਸ੍ਰੋਤਾਂ ਤੋਂ ਵਾਂਝੀਆਂ ਰਹਿ ਜਾਂਦੀਆਂ ਤੇ ਨਾਲ ਹੀ ਹੁਣ ਨਾਲੋਂ ਸਦਾ ਵਾਸਤੇ ਅਧੂਰਾ ਰਹਿ ਜਾਂਦਾ ਸਾਡਾ ਇਤਿਹਾਸ।

ਇਤਿਹਾਸ ਛੱਪੜ ਦੇ ਪਾਣੀ ਵਾਂਗ ਨਾ ਖੜ੍ਹਾ ਰਹਿੰਦਾ ਹੈ ਤੇ ਨਾ ਹੀ ਬੂ ਮਾਰਦਾ ਹੈ ਸਗੋਂ ਇਹ ਤਾਂ ਨਦੀ ਦੇ ਪਾਣੀ ਵਾਂਗ ਨਿੱਤ ਬਦਲਦੇ ਰਹਿਣ ਵਾਲੀ ਚੀਜ ਹੈ। ਜਿਉਂ-ਜਿਉਂ ਨਵੀਆਂ ਨਵੀਆਂ ਖੋਜਾਂ ਹੋਈ ਜਾਣਗੀਆਂ, ਜਿਉਂ-ਜਿਉਂ ਖੋਜੀ ਕਿਸੇ ਗੱਲ ਦੀਆਂ ਡੂੰਘੀਆਂ ਤੈਹਾਂ ਪੁਟਦੇ ਰਹਿਣਗੇ ਤਿਉਂ ਹੀ ਇਤਿਹਾਸ ਵਿਚ ਨਵੀਨਤਾ ਆਉਂਦੀ ਜਾਇਗੀ ਪਰ ਇਸ ਦਾ ਭਾਵ ਇਹ ਕਦਾਚਿਤ ਨਹੀਂ ਲੈਣਾ ਚਾਹੀਦਾ ਕਿ ਹਥਲੀ ਸਮਗਰੀ ਦੀ ਵਰਤੋਂ ਹੀ ਨਾ ਕੀਤੀ ਜਾਵੇ ਤੇ ਨਵੀਂ ਖੋਜ ਦੀ ਉਡੀਕ ਵਿਚ ਕੁਛ ਲਿਖਿਆ ਹੀ ਨਾ ਜਾਵੇ। ਪਹਿਲਾਂ ਦੀ ਲਿਖੀ ਲਿਖਤ ਵਿਚ ਵਾਧੇ ਜਾਂ ਸੋਧਾਂ ਕਰਨੀਆਂ ਇਨੀਆਂ ਔਖੀਆਂ ਨਹੀਂ ਹੁੰਦੀਆਂ ਹੋਣਗੀਆਂ ਜਿੰਨ੍ਹਾਂ ਕੋਈ ਖੋਜ ਕਰ ਕੇ ਮੂਲ ਮੁਢੋਂ ਲਿਖਣਾ। ਨਾਮਧਾਰੀ ਇਤਿਹਾਸ ਵਿਚ ਤਬਦੀਲੀ ਜਾਂ ਨਿਰੰਤ੍ਰਤਾ ਦੀਆਂ ਇਕ ਦੋ ਉਦਾਹਰਣਾਂ ਸਾਡੇ ਸਾਹਮਣੇ ਹਨ।

ਅਸੀਂ ਪੜ੍ਹ ਚੁਕੇ ਹਾਂ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 'ਆਲਿਮ' ਵਰਗੇ ਵਿਦਵਾਨ ਤੋਂ 'ਜੁਗ ਪਲਟਾਊ ਸਤਿਗੁਰੂ' ਲਿਖਵਾਉਣ ਦਾ ਬੜਾ ਯੋਗ ਕਦਮ ਪੁਟਿਆ ਜਿਸ ਨੂੰ ਅਗੋਂ 'ਆਲਿਮ' ਜੀ ਨੇ ਵੀ ਜੀਅ ਤੋੜ ਮਿਹਨਤ ਨਾਲ ਨੇਪਰੇ ਚਾੜ੍ਹਿਆ ਪਰ ਮਲੇਰ ਕੋਟਲੇ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਗ੍ਰਿਫਤਾਰੀ ਦੇ ਵਰਣਨ ਦਾ ਮਾਮਲਾ ਸਹੀ ਨਾ ਹੋ ਸਕਿਆ। 'ਆਲਿਮ' ਜੀ ਨੇ ਲਿਖਿਆ ਹੈ ਕਿ ਸ਼ੇਰਪੁਰ ਦਾ ਥਾਣੇਦਾਰ ਉਤਮ ਸਿੰਘ "ਨਾਮਧਾਰੀ ਲਿਬਾਸ ਵਿਚ ਉਨ੍ਹਾਂ ਕੋਲ ਆਇਆ ਤੇ ਬੜੀ ਅਧੀਨਗੀ ਨਾਲ ਲੰਗਰ ਵਾਸਤੇ ਅਰਜ਼ ਕੀਤੀ। ਥਾਣੇਦਾਰ ਉਨ੍ਹਾਂ ਨੂੰ ਘਰ ਲੈ ਗਿਆ ਤੇ ਸਭ ਨੂੰ ਗ੍ਰਿਫਤਾਰ ਕਰਵਾ ਦਿੱਤਾ।[27]

ਇਸ ਵਿਚ ਲੇਖਕ ਦਾ ਕਸੂਰ ਨਹੀਂ। ਗਲਤੀ ਦਾ ਮੁੱਖ ਕਾਰਨ ਰਿਕਾਰਡ ਦਾ ਪ੍ਰਾਪਤ ਨਾ ਹੋਣਾ ਹੈ। ਸਰਕਾਰੀ ਰਿਕਾਰਡ ਤਾਂ ਜਿਵੇਂ ਪਿਛੇ ਵਰਣਨ ਕੀਤਾ ਹੀ ਜਾ ਚੁੱਕਾ ਹੈ, ਬਹੁਤ ਮਗਰੋਂ ਜਾ ਕੇ ਸਾਹਮਣੇ ਆਉਣਾ ਸ਼ੁਰੂ ਹੋਇਆ। ਪੁਸਤਕ ਦੀ ਰਚਨਾ ਸਮੇਂ ਸਿੰਘਾਂ ਦੀ ਗ੍ਰਿਫਤਾਰੀ ਬਾਰੇ ਆਮ ਧਾਰਨਾ ਹੀ ਇਹੋ ਸੀ, ਲੇਖਕ ਨੇ ਉਵੇਂ ਹੀ ਲਿਖ ਦਿੱਤਾ ਪਰ ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਨਾਮਧਾਰੀਆਂ ਦੀ ਰਿਕਾਰਡ ਤੱਕ ਪਹੁੰਚ ਹੋ ਜਾਣ ਨਾਲ ਅਗੇ ਵਧੀ ਇਤਿਹਾਸਕ ਖੋਜ ਦੇ ਸਿਟੇ



Namdhari Elibrary NamdhariElibrary@gmail.com

ਨੇ, ਮੌਕੇ ਦੇ ਅੰਗਰੇਜ਼ ਅਫ਼ਸਰਾਂ ਦੀ ਜ਼ਬਾਨੀ, ਇਹ ਸਿੱਧ ਕਰ ਦਿੱਤਾ ਹੈ ਕਿ ਸਿੰਘਾਂ ਨੇ ਆਤਮਸਮਰਪਣ ਕੀਤਾ ਸੀ। ਆਤਸਮਰਪਣ ਵਾਲੀ ਗੱਲ ਸਰਕਾਰੀ ਰਿਕਾਰਡ ਵਿਚ ਲਿਖੀ ਵੀ ਇਕ ਦੋ ਥਾਂਈਂ ਨਹੀਂ ਸਗੋਂ ਅਨੇਕ ਥਾਈਂ ਮਿਲਦੀ ਹੈ।[28]

ਅਠਾਹਠ ਬਾਗੀਆਂ, ਜਿਨ੍ਹਾਂ ਦੇ ਸਿਰ ਤੇ ਖ਼ੂਨ ਸਵਾਰ ਸੀ, ਨੂੰ ਨਾਇਬ ਨਾਜ਼ਿਮ ਨਿਆਜ਼ ਅਲੀ ਦੀ ਅਗਵਾਈ ਹੇਠ, ਤਿੰਨ ਚਾਰ ਪਟਿਆਲਾਸ਼ਾਹੀ ਕਰਮਚਾਰੀਆਂ ਵੱਲੋਂ ਗ੍ਰਿਫਤਾਰ ਕੀਤੇ ਜਾਣ ਦੀ ਗੱਲ ਤਾਂ ਹਾਸੋਹੀਣੀ ਹੈ ਜਿਸ ਨੂੰ ਨਾਹਰ ਸਿੰਘ ਵੀ ਪਟਿਆਲਾਸ਼ਾਹੀ ਗਪੌੜੇ ਹੀ ਸਮਝਦਾ ਹੈ। "ਖੋਜ ਕਰਨ ਤੇ.... ਸੱਯਦ ਨਿਆਜ਼ ਅਲੀ ਦੇ ਮਿਸਲਾਂ ਵਿਚ ਆਏ ਬਿਆਨ, ਆਪਣੀ ਦਲੇਰੀ ਅਤੇ ਮਹਾਰਾਜੇ ਦੇ ਨਾਮ ਦੇ ਇਕਬਾਲ ਦੀਆਂ ਗੱਲਾਂ ਕਰ ਕੇ ਨਾਮਧਾਰੀਆਂ ਨੂੰ ਗਰਿਫਤਾਰ ਕਰਨ ਦੀਆਂ ਕਹਾਣੀਆਂ, ਪਟਿਆਲੇਸ਼ਾਹੀ ਗੱਪਾਂ, ਤੇ ਰਿਆਸਤਾਂ ਦੀਆਂ ਪੁਲਸਾਂ ਦੀਆਂ ਮਨਘੜਤ ਰਿਪੋਰਟਾਂ, ਤੋਂ ਵੱਧ ਕੋਈ ਹੈਸੀਅਤ ਨਹੀਂ ਰੱਖਦੀਆਂ। ਅਸਲੀਅਤ ਇਹ ਜਾਪਦੀ ਹੈ ਕਿ, ਨਿਆਜ਼ ਅਲੀ ਥਾਨੇਦਾਰ ਯਾ ਕੋਈ ਹੋਰ ਪੁਲਸੀਆ ਕੂਕਿਆਂ ਦੇ ਰੜ ਪਹੁੰਚਣ ਦੀ ਖ਼ਬਰ ਸੁਣ ਕੇ ਡਰਦਾ ਮਾਰਿਆਂ ਹੋਇਆਂ ਰੜ ਆਇਆ ਹੀ ਨਹੀਂ। ਸ਼ਹੀਦੀ ਜਥੇ ਵਾਲੇ ਆਪਣੇ ਆਪ ਹੀ ਜੈਮਲ ਸਿੰਘ, ਪੰਜਾਬ ਸਿੰਘ ਲੰਬੜਦਾਰ ਰਾਮ ਨਗਰ ਵਾਲੇ ਅਤੇ ਹੋਰਨਾਂ ਨੂੰ ਨਾਲ ਲੈ ਕੇ ਸ਼ੇਰਪੁਰੇ ਪਹੁੰਚ ਗਏ ਸਨ।...[29]

ਇਸ ਹਿਸਾਬ, ਨਿਆਜ਼ ਅਲੀ ਵਾਲੀ ਕਹਾਣੀ, ਬਰਤਾਨਵੀ ਸਰਕਾਰ ਦੇ ਖ਼ੈਰਖਵਾਹ ਪਟਿਆਲੀਆਂ ਦਾ ਮਾਣ ਰੱਖਣ ਲਈ ਜਾਂ ਫਿਰ ਮਲੇਰ ਕੋਟਲੇ ਦੇ ਰਿਆਸਤੀ ਖਜ਼ਾਨੇ ਵਿਚੋਂ ਕੱਢ ਕੇ ਇਨਾਮ ਵਜੋਂ ਰਕਮਾਂ ਵੰਡਣ ਲਈ ਕਾਢ ਹੀ ਜਾਪਦੀ ਹੈ।

ਦੂਜੀ ਉਦਾਹਰਣ, ਸਤਿਗੁਰੂ ਰਾਮ ਸਿੰਘ ਜੀ ਦੇ ਸੇਵਕ ਨਾਨੂੰ ਸਿੰਘ ਦੀ ਦਿੱਤੀ ਜਾ ਸਕਦੀ ਹੈ। ਉਸ ਬਾਰੇ ਗੈਰ ਨਾਮਧਾਰੀਆਂ ਵੱਲੋਂ ਇਹ ਗੱਲ ਆਮ ਧੁਮਾਈ ਹੋਈ ਹੈ ਕਿ ਸਤਿਗੁਰੂ ਜੀ ਦਾ ਸੇਵਕ ਅਸਲ ਵਿਚ ਬਰਤਾਨਵੀ ਖੁਫੀਆ ਪੁਲਸ ਦਾ ਕਰਮਚਾਰੀ ਸੀ ਜਿਹੜਾ ਦੇਸ ਨਿਰਵਾਸਤ ਹੋਣ ਦੇ ਸਮੇਂ ਤੱਕ ਤਾਂ ਸਤਿਗੁਰੂ ਜੀ ਦਾ ਸੇਵਕ ਬਣਿਆ ਰਿਹਾ ਪਰ ਜਦੋਂ ਆਪ ਨੂੰ ਬਦੇਸ਼ ਤੋਰਿਆ ਜਾਣ ਲੱਗਾ ਤਾਂ 'ਸੇਵਕ' ਨੇ ਗੜਵਾ ਆਦਿ ਹੇਠਾਂ ਰੱਖ ਕੇ ਆਪਣਾ ਭੇਦ ਖੋਲ੍ਹ ਦਿੱਤਾ ਕਿ ਉਸ ਦਾ ਕੰਮ ਕੇਵਲ ਇਥੇ ਤਕ ਹੀ ਸੀ। ਪਰ ਉਸ ਸਮੇਂ ਦਾ ਰਿਕਾਰਡ ਸਾਹਮਣੇ ਆ ਜਾਣ ਨਾਲ ਇਨ੍ਹਾਂ ਲੋਕਾਂ ਦਾ ਮੂੰਹ ਅਡਿਆ ਹੀ ਰਹਿ ਗਿਆ ਕਿਉਂਕਿ ਰਿਕਾਰਡ ਵਿਚ ਨਾਨੂੰ ਸਿੰਘ ਦਾ ਉਰਦੂ ਵਿਚ ਲਿਖਿਆ ਬਿਆਨ ਮੌਜੂਦ ਹੈ ਜਿਸ ਵਿਚ ਉਹਨੇ ਲਿਖਿਆ ਹੈ ਕਿ ਉਹ ਉਸੇ ਸਥਿਤੀ ਵਿਚ ਰਹਿਣ ਦਾ ਵਾਅਦਾ ਕਰਦਾ ਹੈ ਜਿਸ ਵਿਚ ਉਸ ਦੇ ਸਤਿਗੁਰੂ ਨੂੰ ਰੱਖਿਆ ਜਾਵੇਗਾ[30] ਸਤਿਗੁਰੂ ਜੀ ਦੇ ੧੮੮੫ ਈ. ਵਿਚ ਬਰਮਾ ਵਿਚੋਂ ਅਲੋਪ ਹੋਣ ਤੋਂ ਜ਼ਰਾ ਪਹਿਲਾਂ ਦੇ ਸਮੇਂ ਤੱਕ ਉਹ ਸਤਿਗੁਰੂ ਜੀ ਨਾਲ ਰਿਹਾ ਵੀ।

ਤੀਜੀ ਉਦਾਹਰਣ ਅਮ੍ਰਿਤਸਰ ਬੁਚੜਥੱਧ ਦੇ ਮਾਮਲੇ ਦੀ ਲਈ ਜਾ ਸਕਦੀ ਹੈ। ਹੁਣ ਤੱਕ ਸਰਕਾਰੀ ਲਿਖਤਾਂ ਨੂੰ ਆਧਾਰ ਬਣਾ ਕੇ ਲਿਖਣ ਵਾਲੇ ਇਤਿਹਾਸਕਾਰਾਂ ਨੇ ਇਹੋ ਲਿਖਿਆ ਹੈ ਕਿ ਅਮ੍ਰਿਤਸਰ ਵਾਲੇ ਬੁਚੜਾਂ ਦੇ ਕਾਤਲ ਨਾਮਧਾਰੀ, ਰਾਇਕੋਟ ਦੇ ਬੁੱਚੜਥਧ ਦੇ ਮਾਮਲੇ ਵਿਚ ਫੜੇ ਗਏ ਕਿਸੇ ਗੁਲਾਬ ਸਿੰਘ ਨੇ ਵਾਅਦਾ ਮੁਆਫ ਗਵਾਹ ਬਣਨ ਪਿਛੋਂ ਫੜਵਾਏ ਸਨ। ਇਥੋਂ ਤੱਕ ਕਿ ਨਾਮਧਾਰੀਆਂ ਵਿਚ ਪ੍ਰਮਾਣੀਕ ਮੰਨੇ ਜਾਂਦੇ ਨਾਮਧਾਰੀ ਇਤਿਹਾਸ ਕ੍ਰਿਤ ਸਰਦਾਰ ਨਾਹਰ ਸਿੰਘ ਵਿਚ ਵੀ ਇਹੋ ਗੱਲ ਦਰਜ ਹੈ। ਇਹ ਗੱਲ ਨਵੀਆਂ ਖੋਜਾਂ ਦੇ ਆਧਾਰ ਤੇ ਪਿਛਲੇ ਪੰਨਿਆਂ ਤੇ ਕਾਫੀ ਹੱਦ ਤੱਕ ਝੁਠਲਾਈ ਜਾ ਚੁੱਕੀ ਹੈ। ਪਰ ਅਸਲ ਵਿਚ ਅਮ੍ਰਿਤਸਰ ਬੁਚੜਥੱਧ ਦਾ ਸਾਰਾ ਕਾਂਡ ਹੀ ਬਦਲ ਗਿਆ ਹੈ।[30]

ਇਸ ਲਈ ਇਤਿਹਾਸ ਬਦਲ ਗਿਆ, ਭੱਵਿਖ ਵਿਚ ਹੋਰ ਵੀ ਬਦਲ ਸਕਦਾ ਹੈ ਤੇ ਅਵੱਸ਼ ਬਦਲੇਗਾ ਵੀ ਕਿਉਂਕਿ ਤਬਦੀਲੀ ਤੇ ਨਿਰੰਤ੍ਰਤਾ ਸਹੀ ਇਤਿਹਾਸ ਦਾ ਖਾਸਾ ਸਮਝਿਆ ਜਾਂਦਾ ਹੈ। ਨਾਮਧਾਰੀਆਂ ਵਿਚ ਇਸ ਨਿਰੰਤ੍ਰਤਾ ਦਾ ਮੁਢ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੰਨ੍ਹਿਆ।

—ਸਮਾਪਤ।

ਫੁੱਟ ਨੋਟ—

25. ਨਾਹਰ ਸਿੰਘ, ਗੁਰੂ ਸਿੰਘ ਐਂਡ ਕੂਕਾ ਸਿਖਸ,
26. ਹੀਰਾ ਸਿੰਘ ਦਰਦ, ਸੰਪਾ. ਇਤਿਹਾਸਕ ਖੋਜ, ਪਨਾ-8
27. ਨਿਧਾਨ ਸਿੰਘ 'ਆਲਿਮ', ਜੁਗ ਪਲਟਾਉ ਸਤਿਗੁਰੂ, ਦਿੱਲੀ, 1948, ਪੰਨਾ-176
28. ਨਾਹਰ ਸਿੰਘ, ਗੁਰੂ ਰਾਮ ਸਿੰਘ ਐਂਡ ਕੂਕਾ ਸਿਖਸ, ਜਿਲਦ ਦੂਜੀ,
29. ਉਹੀ ਨਾਮਧਾਰੀ ਇਤਿਹਾਸ, ਪੰਨਾ-398
30. ਨਾਨੂੰ ਸਿੰਘ ਦਾ ਇਕਰਾਰਨਾਮਾ, ਗੁਰੂ ਰਾਮ ਸਿੰਘ ਐਂਡ ਕੂਕਾ ਸਿਖਸ, ਜਿ. ਤੀਜੀ, ਪੰਨਾ-70
31. ਵਿਸਥਾਰ ਲਈ ਦੇਖੋ, ਸਵਰਨ ਸਿੰਘ ਸਨੇਹੀ, ਫੌਰਜਰੀ ਇਨ ਬੁਚੜ ਕੇਸ ਅਮ੍ਰਿਤਸਰ-1871, ਪੰਜਾਬ ਇਤਿਹਾਸ ਕਾਨਫਰੰਸ ਦੇ 18ਵੇਂ ਵਿਚ ਪੇਸ਼ ਕੀਤਾ ਗਿਆ ਖੋਜ ਪੱਤਰ।


Namdhari Elibrary NamdhariElibrary@gmail.com

# ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ : ਪੁਸਤਕ ਰੂਪ ਵਿਚ ਆਉਣ ਦੀ ਕਹਾਣੀ

*— ਸੰਤ ਸਿੰਘ*



*ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਹੋਏ ਉਪਦੇਸ਼ 'ਲਾਲ ਏਹਿ ਰਤਨ'' ਨਾਮ ਹੇਠ ਪੰਜ ਭਾਗਾਂ ਵਾਲੇ ਗ੍ਰੰਥ ਵਿਚ ਪ੍ਰਕਾਸ਼ਤ ਹੋ ਚੁੱਕੇ ਹਨ। ਇਸ ਕਾਰਜ ਵਿਚ ਸਵਰਗੀ ਪ੍ਰਿੰਸੀਪਲ ਬੇਅੰਤ ਕੌਰ ਜੀ ਦੀ ਸੰਪਾਦਕ ਵਜੋਂ ਅਹਿਮ ਭੂਮਿਕਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਚੇਚੀ ਦਿਲਚਸਪੀ ਅਤੇ ਲਗਨ ਨਾਲ ਇਸ ਕਾਰਜ ਨੂੰ ਕਿਵੇਂ ਸਿਰੇ ਚੜ੍ਹਾਇਆ ਇਹ ਕਹਾਣੀ ਬਿਆਨ ਕੀਤੀ ਹੈ ਸ. ਸੰਤ ਸਿੰਘ ਜੀ ਨੇ। ਆਪ ਭਾਰਤ ਹੈਵੀ ਇਲੈਕਟ੍ਰੀਕਲ ਲਿਮਟਿਡ ਦੇ ਉੱਚ ਅਧਿਕਾਰੀ ਵਜੋਂ ਰਿਟਾਇਰ ਹੋਏ ਹਨ ਅਤੇ ਪ੍ਰਿੰਸੀਪਲ ਬੇਅੰਤ ਕੌਰ ਜੀ ਦੇ ਪਤੀ ਹਨ ਅਤੇ ਇਸ ਕਾਰਜ ਨਾਲ ਬਹੁਤ ਕਰੀਬੀ ਤੌਰ ਤੇ ਜੁੜੇ ਰਹੇ ਹਨ।*

*ਉਹ ਇਸ ਲੇਖ ਨਾਲ ਇਕ ਸਸ਼ਕਤ ਵਾਰਤਕ ਲੇਖਕ ਦੇ ਰੂਪ ਵਿਚ ਵੀ ਸਾਹਣੇ ਆਏ ਹਨ।*

*—ਸੰਪਾਦਕ ਵਰਿਆਮ*

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਉਪਦੇਸ਼ ਇੱਕ ਐਸਾ ਵੱਡਮੁਲਾ ਖਜ਼ਾਨਾ ਹਨ ਜਿਨ੍ਹਾਂ ਦੀ ਮਹਾਨਤਾ ਸ਼ਬਦਾਂ ਵਿਚ ਬਿਆਨ ਨਹੀਂ ਕੀਤੀ ਜਾ ਸਕਦੀ। ਅੱਜ ਦੀ ਸਮੁੱਚੀ ਮਾਨਵਤਾ ਵਾਸਤੇ ਇਹ ਹਰ ਸਮੱਸਿਆ ਦਾ ਸਮਾਧਾਨ ਹਨ। ਮਨੁੱਖੀ ਜੀਵਨ ਨੂੰ ਸਫਲ ਕਰਨ ਦਾ ਸਹੀ ਰਾਹ ਵਖਾਉਂਦੇ ਹਨ। ਸਮਾਜਿਕ, ਧਾਰਮਿਕ ਅਤੇ ਸਿਆਸੀ ਜੀਵਨ ਨੂੰ ਜੀਉਣ ਦਾ ਪੱਥ ਪ੍ਰਦਰਸ਼ਕ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੫੩ ਵਰ੍ਹੇ ਨਾਮਧਾਰੀ ਪੰਥ ਦੀ ਸਿਰਫ ਰਹਿਨੁਮਾਈ ਹੀ ਨਹੀਂ ਕੀਤੀ ਸਗੋਂ ਇਸ ਨੂੰ ਪੱਕੇ ਤੌਰ 'ਤੇ ਆਪਣੇ ਪੈਰਾਂ 'ਤੇ ਸਥਿਰ ਕਰ ਦਿੱਤਾ। ਨਾਮ, ਬਾਣੀ ਅਤੇ ਸੁੱਚ ਸੋਧ ਦਾ ਐਸਾ ਪ੍ਰਵਾਹ ਚਲਾਇਆ ਜਿਸ ਦੀ ਮਿਸਾਲ ਪਹਿਲੇ ਸਮੇਂ ਵਿਚ ਨਹੀਂ ਮਿਲਦੀ। ਦੇਸ਼ਾਂ ਵਿਦੇਸ਼ਾਂ ਦੀ ਯਾਤਰਾ ਕਰ ਕੇ ਭੁੱਲੀ ਭਟਕੀ ਲੋਕਾਈ ਨੂੰ ਮਾਸ ਸ਼ਰਾਬ ਅਤੇ ਹੋਰ ਭੈੜੇ ਕੁਕਰਮਾਂ ਤੋਂ ਬਚਾ ਕੇ ਸਿੱਧੇ ਸੱਚ ਦੇ ਰਾਹ 'ਤੇ ਚਲਾਇਆ। ਇਸਤਰ੍ਹਾਂ ਬੈਂਕੋਕ ਅਤੇ ਨੈਰੋਬੀ ਅਫਰੀਕਾ ਵਿਚ ਵੀ ਪੂਰਨ ਰਹਿਤ ਮਰਯਾਦਾ ਦੇ ਧਾਰਨੀ ਗੁਰਸਿੱਖਾਂ ਦੀ ਗਿਣਤੀ ਵਿਚ ਵਾਧਾ ਹੋਇਆ।

ਕਿਸੇ ਵੀ ਕੰਮ ਦੀ ਸਫਲਤਾ ਵਾਸਤੇ ਜੀਵ ਵੱਧ ਤੋਂ ਵੱਧ ਪ੍ਰੀਸ਼ਰਮ ਕਰਦਾ ਹੈ ਪਰ ਸਫਲਤਾ ਪੂਰੀ ਨਹੀਂ ਮਿਲਦੀ। ਕਿਤੇ ਨਾ ਕਿਤੇ ਕੋਈ ਘਾਟਾ ਜ਼ਰੂਰ ਰਹਿ ਜਾਂਦਾ ਹੈ। ਆਤਮਿਕ ਵਿਗਿਆਨ ਵਾਲੇ ਇਹ ਮੰਨਦੇ ਹਨ ਕਿ ਕੋਈ ਵੀ ਪ੍ਰੀਸ਼ਰਮ ਬਿਨਾ ਅਕਾਲਪੁਰਖ ਦੀ ਕਿਰਪਾ ਤੋਂ ਸਫਲ ਨਹੀਂ ਹੁੰਦਾ। ਇਸ ਗੱਲ ਨੂੰ ਇਹ ਗਣਿਤ ਦੀ ਭਾਸ਼ਾ ਵਿਚ ਉਹ ਇਸ ਤਰ੍ਹਾਂ ਦਰਸਾਉਂਦੇ ਹਨ-

ਪ੍ਰੀਸ਼ਰਮ + ਕਿਰਪਾ = ਸਫਲਤਾ

ਮਨੁੱਖ ਨੂੰ ਆਪਣੇ ਪ੍ਰੀਸ਼ਰਮ ਦਾ ਪਤਾ ਹੁੰਦਾ ਹੈ, ਪਰ ਕਿਰਪਾ ਜੋ ਗੁਪਤ ਰੂਪ ਵਿੱਚ ਹੁੰਦੀ ਹੈ, ਦਾ ਅਨੁਮਾਨ ਨਹੀਂ ਹੁੰਦਾ। ਜਿੱਥੇ ਧਰਮ ਨੂੰ ਮੰਨਣ ਵਾਲੇ, ਸਤਿਗੁਰੂ ਅਕਾਲਪੁਰਖ ਵਿਚ ਭਰੋਸਾ ਰੱਖਣ ਵਾਲੇ ਇਸ ਗੁਪਤ ਚੀਜ਼ ਨੂੰ ਕਿਰਪਾ ਕਹਿੰਦੇ ਹਨ ਉਥੇ ਦੂਸਰੇ ਭਰੋਸੇ ਵਾਲੇ ਨਾਸਤਕ ਲੋਕ ਇਸ ਨੂੰ ਕਿਸਮਤ ਜਾਂ ਕੁਦਰਤ ਕਹਿੰਦੇ ਹਨ। ਗੱਲ ਇਕੋ ਹੈ ਪਰ ਅੰਦਾਜ਼ ਆਪਣਾ ਆਪਣਾ। ਆਤਮਿਕ ਵਿਗਿਆਨ ਵਾਲੇ ਇਹ ਮੰਨਦੇ ਹਨ ਸ਼ਤ ਪ੍ਰਤੀਸ਼ਤ ਸਫਲਤਾ ਵਾਸਤੇ ਪ੍ਰੀਸ਼ਰਮ ਅਤੇ ਕਿਰਪਾ ਵੀ ਸ਼ਤ ਪ੍ਰਤੀਸ਼ਤ ਹੋਣੇ ਚਾਹੀਦੇ ਹਨ। ਜੇਕਰ ਇਨ੍ਹਾਂ ਚੋਂ ਕੋਈ ਵੀ ਘੱਟ ਹੈ ਤਾਂ ਸਫਲਤਾ ਵੀ ਉਸ ਦੇ ਲਿਹਾਜ਼ ਨਾਲ ਘੱਟ ਹੀ ਹੋਵੇਗੀ। ਇਸ ਤਰ੍ਹਾਂ ਉਪਰ ਦਿੱਤਾ ਫਾਰਮੂਲਾ ਇਕ ਅਟੱਲ ਸੱਚਾਈ ਹੈ।

'ਲਾਲ ਏਹਿ ਰਤਨ' ਦੇ ਪੰਜ ਭਾਗ ਹੁਣ ਪਾਠਕਾਂ ਕੋਲ ਪਹੁੰਚ ਚੁੱਕੇ ਹਨ। ਇਨ੍ਹਾਂ ਸਾਰਿਆਂ ਦੇ ਸੰਪੂਰਨ ਹੋਣ ਵਿੱਚ ਗੁਪਤ ਅਤੇ ਪ੍ਰਗਟ ਰੂਪ ਵਿੱਚ ਕਿੰਨਾ ਕੁ ਪ੍ਰੀਸ਼ਰਮ ਹੋਇਆ ਅਤੇ ਕਿੰਨੀ ਕਿਰਪਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤੀ, ਇਸ ਦਾ ਕੁਝ ਕੁ ਵਰਣਨ ਕਰਨਾ ਪਾਠਕਾਂ ਦੀ ਜਾਣਕਾਰੀ ਲਈ ਉੱਚਿਤ ਸਮਝਦਾ ਹਾਂ।



Namdhari Elibrary NamdhariElibrary@gmail.com

ਪਰਦੇਸਾਂ ਵਿਚ ਆਧੁਨਿਕ ਸਹੂਲਤਾਂ ਉਪਲਬਧ ਹੋਣ ਕਰ ਕੇ ਸਤਿਗੁਰੂ ਜੀ ਦੇ ਪਵਿੱਤਰ ਉਪਦੇਸ਼ਾਂ ਨੂੰ ਰਿਕਾਰਡ ਕਰ ਲਿਆ ਗਿਆ, ਜਿਸ ਦੇ ਫਲਸਰੂਪ ਇਹ ਅੱਜ ਵੀ ਜਿਉਂ ਦੇ ਤਿਉਂ ਸੁਰੱਖਿਅਤ ਹਨ। ਉਪਦੇਸ਼ਾਂ ਨੂੰ ਰਿਕਾਰਡ ਕਰਨ ਦਾ ਕੰਮ ਬੰਕੋਕ ਨਿਵਾਸੀਆਂ ਨੇ ਸੰਨ ੧੯੪੮ ਤੋਂ ਸ਼ੁਰੂ ਕੀਤਾ ਜੋ ਉਪਰੰਤ ਹਰ ਸਾਲ ਹੀ ਹਰ ਦੌਰੇ ਦਾ ਇੱਕ ਜ਼ਰੂਰੀ ਅੰਗ ਬਣ ਗਿਆ। ਇਸ ਤਰ੍ਹਾਂ ਬੰਕੋਕ ਵਿੱਚ ੧੯੫੯ ਤੱਕ ਦੇ ਸਾਰੇ ਹੀ ਉਪਦੇਸ਼ਾਂ ਨੂੰ ਰਿਕਾਰਡ ਕਰ ਲਿਆ ਗਿਆ।

ਅਫਰੀਕਾ ਵਿਚ ਵੀ ਸਤਿਗੁਰੂ ਜੀ ਦੇ ੧੯੫੮ ਅਤੇ ੧੯੫੯ ਦੇ ਦੌਰਿਆਂ ਦੇ ਉਪਦੇਸ਼ ਰਿਕਾਰਡ ਕਰ ਲਏ ਗਏ। ਭਾਰਤ ਵਿੱਚ ਵੀ ਇਹ ਸਹੂਲਤਾਂ ਹੋਣ ਕਰਕੇ ੧੯੫੬ ਅਤੇ ੧੯੫੭ ਦੇ ਕੁਝ ਉਪਦੇਸ਼ ਰਿਕਾਰਡ ਹੋਏ। ਇਸ ਤਰ੍ਹਾਂ ਸਮੁੰਦਰ ਵਿਚੋਂ ਜੋ ਕੁਝ ਵੀ ਪ੍ਰਾਪਤ ਹੋ ਸਕਿਆ ਉਹ ਸ਼ਰਧਾਲੂਆਂ ਨੇ ਸੁਰੱਖਿਅਤ ਕਰ ਲਿਆ। ਉਦੋਂ ਤੇ ਉਪਦੇਸ਼ ਰਿਕਾਰਡ ਕਰਨ ਦਾ ਉਦੇਸ਼ ਇਹੋ ਹੀ ਸੀ ਕਿ ਇਨ੍ਹਾਂ ਨੂੰ ਬਾਅਦ ਵਿੱਚ ਬਾਰ ਬਾਰ ਸੁਣ ਕੇ ਅਨੰਦ ਮਾਣਿਆ ਜਾ ਸਕੇ ਗਾ ਪਰ ਇਹ ਕਿਸੇ ਵੇਲੇ ਪੁਸਤਕ ਦਾ ਰੂਪ ਵੀ ਧਾਰ ਲੈਣ ਗੇ ਇਹ ਕਿਸੇ ਦੇ ਖਿਆਲ ਵਿਚ ਵੀ ਨਹੀਂ ਸੀ ਆਇਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਦਾ ਉਹਲਾ ਕਰ ਲੈਣ ਉਪਰੰਤ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲੀ। ਆਪ ਜੀ ਨੇ ਸਾਧ ਸੰਗਤ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਿੱਠੀ ਯਾਦ ਨਾਲ ਜੋੜੀ ਰੱਖਣ ਵਾਸਤੇ ਸਤਿਗੁਰੂ ਜੀ ਦੇ ਰਿਕਾਰਡ ਕੀਤੇ ਉਪਦੇਸ਼ਾਂ ਨੂੰ ਨਾਮ ਸਿਮਰਨ ਦੇ ਸਮੇਂ ਸੁਣਾਉਣਾ ਅਰੰਭ ਕਰ ਦਿੱਤਾ। ਇਸ ਤਰ੍ਹਾਂ ਸਤਿਗੁਰੂ ਜੀ ਦੇ ਉਪਦੇਸ਼ਾਂ ਦਾ ਅਨੰਦ ਹੁਣ ਤੀਕ ਉਹ ਲੋਕ ਵੀ ਮਾਣ ਰਹੇ ਹਨ ਜਿਨ੍ਹਾਂ ਨੇ ਸਤਿਗੁਰੂ ਜੀ ਦਾ ਦੇਹ ਕਰਕੇ ਦਰਸ਼ਨ ਨਹੀਂ ਕੀਤਾ ਸੀ।

ਸਭ ਤੋਂ ਪਹਿਲਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਨ੍ਹਾਂ ਉਪਦੇਸ਼ਾਂ ਨੂੰ ਵੱਡੀਆਂ ਟੇਪਾਂ ਤੋਂ ਛੋਟੀਆਂ ਟੇਪਾਂ ਤੇ ਰਿਕਾਰਡ ਕਰਾਉਣਾ ਸ਼ੁਰੂ ਕੀਤਾ। ੧੯੬੪ ਦੇ ਅੱਸੂ ਦੇ ਮੇਲੇ ਸਮੇਂ ਮੈਂ ਵੀ ਸ੍ਰੀ ਭੈਣੀ ਸਾਹਿਬ ਵੀਹ ਕੁ ਦਿਨ ਰਿਹਾ। ਸਤਿਗੁਰੂ ਜੀ ਨੇ ਮੈਨੂੰ ਪਹਿਲਾਂ ਸਿਖਾਇਆ ਕਿ ਕਿਸ ਤਰ੍ਹਾਂ ਵੱਡੀਆਂ ਤੋਂ ਛੋਟੀਆਂ ਤੇ ਰਿਕਾਰਡ ਕਰਨਾ ਹੈ ਅਤੇ ਨਿਤਨੇਮ ਵੇਲੇ ਹਰ ਰੋਜ਼ ਨਵਾਂ ਉਪਦੇਸ਼ ਸੁਣਾਉਣਾ ਹੈ। ਇਸ ਤਰ੍ਹਾਂ ਇਹਨਾਂ ਉਪਦੇਸ਼ਾਂ ਨਾਲ ਮੇਰਾ ਸਬੰਧ ਐਸਾ ਸ਼ੁਰੂ ਹੋਇਆ ਜੋ ਹੁਣ ਤੀਕ ਚੱਲ ਰਿਹਾ ਹੈ। ਉਪਰੰਤ ਇਹਨਾਂ ਟੇਪਾਂ ਨੂੰ ਲਿਬਾਰਟਰੀ ਵਿੱਚ ਭੇਜ ਕੇ ਰਿਕਾਰਡਿੰਗ ਸਾਫ਼ ਕਰਵਾਈ ਗਈ ਤਾਂ ਕਿ ਫ਼ਾਲਤੂ ਦਾ ਰੌਲਾ ਖ਼ਤਮ ਹੋ ਸਕੇ। ਗਿਆਨੀ ਜਸਵੰਤ ਸਿੰਘ ਦਿੱਲੀ ਵਾਲਿਆਂ ਨੇ ਵੀ ਇਸ ਕੰਮ ਵਿੱਚ ਆਪਣਾ ਯੋਗਦਾਨ ਪਾਇਆ।

ਇੱਥੇ ਹੀ ਬੱਸ ਨਹੀਂ ਸਤਿਗੁਰੂ ਜਗਜੀਤ ਸਿੰਘ ਜੀ ਨੇ ੧੯੭੫ ਵਿਚ ਇਹਨਾਂ ਉਪਦੇਸ਼ਾਂ ਨੂੰ ਪੁਸਤਕ ਰੂਪ ਦੇਣ ਦਾ ਵਿਚਾਰ ਬਣਾਇਆ ਤਾਂ ਆਪ ਜੀ ਨੇ ਆਪ ਉਪਦੇਸ਼ ਸੁਣ ਕੇ ਲਿਖਣੇ ਸ਼ੁਰੂ ਕੀਤੇ। ਉਪਰੰਤ ਆਪ ਜੀ ਨੇ ਸੇਵਕਾਂ ਨੂੰ ਇਸ ਕੰਮ ਤੇ ਲਗਾਇਆ ਜੋ ਉਪਦੇਸ਼ ਸੁਣ ਕੇ ਲਿਖਣ ਲੱਗੇ। ਇੱਥੇ ਇਹ ਕਹਿਣਾ ਵੀ ਯੋਗ ਹੋਵੇਗਾ ਕਿ ਇੱਕ ਘੰਟੇ ਦੇ ਉਪਦੇਸ਼ ਨੂੰ ਹੱਥ ਨਾਲ ਲਿਖਣ ਵਾਸਤੇ ਤਕਰੀਬਨ ਦਸ ਘੰਟੇ ਲੱਗ ਜਾਂਦੇ ਹਨ, ਜੇ ਉਪਦੇਸ਼ ਪੂਰੀ ਤਰ੍ਹਾਂ ਸਾਫ ਰਿਕਾਰਡ ਕੀਤਾ ਹੋਵੇ। ਕਈ ਵਾਰ ਕੁਝ ਹਿੱਸਾ ਸਾਫ ਨਾ ਰਿਕਾਰਡ ਹੋਣ ਕਰਕੇ ਉਸ ਨੂੰ ਸਮਝਣ ਅਤੇ ਲਿਖਣ ਵਾਸਤੇ ਕਈ ਕਈ ਘੰਟੇ ਵੀ ਲੱਗ ਜਾਂਦੇ ਸਨ। ਸੰਨ ੧੯੪੮, ੫੦, ੫੧, ੫੨ ਦੇ ਉਪਦੇਸ਼ ਲਿਖੇ ਜਾਣ ਉਪਰੰਤ ਇਹਨਾਂ ਨੂੰ ਪੁਸਤਕ ਰੂਪ ਦੇਣ ਦੇ ਮਹਾਨ ਕਾਰਜ ਦੀ ਜ਼ਿੰਮੇਵਾਰੀ ਪ੍ਰਿੰ: ਬੇਅੰਤ ਕੌਰ ਦੀ ਲੱਗੀ।

ਇਹਨਾਂ ਹਸਤ ਲਿਖਿਤ ਖਰੜਿਆਂ ਨੂੰ ਪੜ੍ਹਨਾ ਮੈਂ ਅਤੇ ਪ੍ਰਿੰ. ਬੇਅੰਤ ਕੌਰ ਨੇ ਸੰਨ ੧੯੮੯-੯੦ ਵਿੱਚ ਸ਼ੁਰੂ ਕਰ ਦਿੱਤਾ ਸੀ। ਇਸ ਤੋਂ ਬਾਅਦ ਸੰਨ ੧੯੯੧ ਵਿੱਚ ਇਹ ਪਠਨ ਪਾਠਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਅਰੰਭ ਹੋਇਆ ਜਿਸ ਵਿੱਚ ਪੰਥ ਦੇ ਉੱਘੇ ਵਿਦਵਾਨਾਂ – ਮਾਸਟਰ ਨਿਹਾਲ ਸਿੰਘ ਜੀ, ਸੰਤ ਪ੍ਰੀਤਮ ਸਿੰਘ ਜੀ ਕਵੀ, ਪੰਡਿਤ ਗੋਪਾਲ ਸਿੰਘ ਜੀ, ਪੰਡਿਤ ਰਾਜਿੰਦਰ ਸਿੰਘ ਜੀ, ਸ. ਜਸਵਿੰਦਰ ਸਿੰਘ ਜੀ ਹਿਸਟੋਰੀਅਨ ਨੇ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ।

ਇਹ ਬੈਠਕਾਂ ਕੋਠੀ, ਜਿੱਥੇ ਅੱਜ ਕਲ ਮਾਤਾ ਜੀ ਦਾ ਡੇਰਾ ਹੈ ਉਸ ਦੀ ਪਹਿਲੀ ਮੰਜ਼ਿਲ ਉੱਤੇ ਇੱਕ ਕਮਰੇ ਵਿਚ ਹੁੰਦੀਆਂ ਸਨ। ਸਾਰਾ ਸਾਰਾ ਦਿਨ ਪਠਨ ਪਾਠਨ ਚਲਦਾ ਰਹਿੰਦਾ, ਸਿਰਫ ਪ੍ਰਸ਼ਾਦਾ ਛਕਣ ਵੇਲੇ ਹੀ ਕੋਈ ਅਧਾ ਕੁ ਘੰਟਾ ਛੁੱਟੀ ਹੁੰਦੀ। ਛੁੱਟੀ ਕਰਨ ਤੋਂ ਪਹਿਲਾਂ ਹੀ ਸਤਿਗੁਰੂ ਜੀ ਅਗਲੀ ਬੈਠਕ ਦਾ ਵਕਤ ਨਿਸਚਿਤ ਕਰ ਦਿੰਦੇ। ਕਦੇ ਕਦੇ ਇਸਤਰ੍ਹਾਂ ਵੀ ਹੁੰਦਾ ਕਿ ਅਸੀਂ ਤਾਂ ਭਾਵੇਂ ਕੁੱਝ ਮਿੰਟ ਲੇਟ ਹੋ ਜਾਂਦੇ ਪਰ ਸਤਿਗੁਰੂ ਜੀ ਸਮੇਂ ਨਾਲ ਆਪਣੇ



Namdhari Elibrary NamdhariElibrary@gmail.com

ਆਸਣ ਤੇ ਸੁਭਾਇਮਾਨ ਹੋ ਜਾਂਦੇ। ਇਹ ਸਭ ਕੁਝ ਸਾਨੂੰ ਸਿੱਖਿਆ ਦੇਣ ਲਈ ਹੀ ਤਾਂ ਸੀ ਕਿ ਇਹੋ ਜਿਹੇ ਮਹਾਨ ਕੰਮ ਨੂੰ ਕਿਸ ਲਗਨ ਅਤੇ ਉਤਸ਼ਾਹ ਨਾਲ ਕਰੀ ਦਾ ਹੈ। ਮਾਤਾ ਜੀ ਨੂੰ ਵੀ ਹੁਕਮ ਸੀ ਕਿ ਇਹਨਾਂ ਦੇ ਜਲ-ਪਾਣੀ ਦਾ ਬੰਦੋਬਸਤ ਇੱਥੇ ਹੀ ਕੀਤਾ ਜਾਵੇ ਤਾਂ ਕਿ ਕਿਤੇ ਜਾਣ ਦੀ ਲੋੜ ਹੀ ਨਾ ਰਹੇ। ਇੱਕ ਕਮਰੇ ਵਿੱਚ ਜਿਸ ਵਿੱਚ ਗਦੇਲੇ ਵਿਛੇ ਹੋਏ ਹਨ ਸਤਿਗੁਰੂ ਜੀ ਆਪਣੇ ਆਸਣ ਤੇ ਸੁਸ਼ੋਭਿਤ ਹਨ ਅਤੇ ਉਹਨਾਂ ਦੇ ਸੇਵਕ ਚਾਰੇ ਪਾਸੇ ਬੈਠ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਦਾ ਅਨੰਦ ਮਾਣ ਰਹੇ ਹਨ। ਇਹ ਸੱਚਮੁਚ ਹੀ ਇੱਕ ਅਲੌਕਿਕ ਨਜ਼ਾਰਾ ਸੀ।

ਸਤਿਗੁਰੂ ਜਗਜੀਤ ਸਿੰਘ ਜੀ ਇਸ ਕੰਮ ਨੂੰ ਪੂਰੀ ਪ੍ਰਾਥਮਿਕਤਾ ਦਿੰਦੇ ਸਨ। ਜਿਸ ਦਿਨ ਆਖਰੀ ਬੈਠਕ ਹੋਣੀ ਸੀ ਉਸ ਦਿਨ ਸਤਿਗੁਰੂ ਜੀ ਨੇ ਦੁਪਹਿਰ ਬਾਅਦ ਕਿਤੇ ਦੌਰੇ ਤੇ ਜਾਣਾ ਸੀ। ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਕਿ ਕੱਲ ਸਵੇਰੇ ਆਸਾ ਦੀ ਵਾਰ ਤੋਂ ਮਗਰੋਂ ਠੀਕ ਸਾਢੇ ਛੇ ਵਜੇ ਬੈਠਕ ਸ਼ੁਰੂ ਹੋਵੇਗੀ। ਹਰੀ ਮੰਦਿਰ ਵਿੱਚ ਰਾਗੀ ਬਲਜੀਤ ਸਿੰਘ ਦੀ ਵਾਰ ਲੱਗੀ ਹੋਈ ਸੀ। ਸੰਤ ਬਲਜੀਤ ਸਿੰਘ ਹੁਰਾਂ ਨੂੰ ਕਿਸੇ ਨੇ ਦਸਿਆ ਨਹੀਂ ਸੀ ਨਹੀਂ ਸੀ ਭੋਗ ਥੋੜਾ ਜਲਦੀ ਪਾਉਣਾ ਹੈ। ਜਦੋਂ ਸਮਾਂ ਨੇੜੇ ਆਉਣ ਲਗਾ ਤਾਂ ਕਿਸੇ ਨੇ ਕਿਹਾ ਕਿ ਭੋਗ ਜਲਦੀ ਪਾਉਣ ਹੈ। ਆਸ ਸੀ ਕਿ ਆਸਾ ਦੀ ਵਾਰ ਦਾ ਭੋਗ ਛੇ ਵਜ ਕੇ ਚਾਲ੍ਹੀ ਕੁ ਮਿੰਟ ਤੇ ਪਵੇਗਾ। ਸਤਿਗੁਰੂ ਸੱਚੇ ਪਾਤਾਸ਼ਾਹ ਜੀ ਨੇ ਭੋਗ ਦੀ ਪ੍ਰਵਾਹ ਨਾ ਕੀਤੀ ਅਤੇ ਪੂਰੇ ਸਾਡੇ ਛੇ ਵਜੇ ਦਿਵਾਨ ਵਿੱਚੋਂ ਚਲੇ ਗਏ। ਨਾਲ ਹੀ ਅਸੀਂ ਚਲੇ ਗਏ ਅਤੇ ਉਪਦੇਸ਼ਾਂ ਦੇ ਖਰੜਿਆਂ ਦਾ ਪਠਨ-ਪਾਠਨ ਸ਼ੁਰੂ ਹੋ ਗਿਆ। ਸਾਨੂੰ ਵੀ ਸਿੱਖਿਆ ਮਿਲੀ ਕਿ ਭਾਵੇਂ ਕਿੰਨਾਂ ਹੀ ਕੋਈ ਜ਼ਰੂਰੀ ਕੰਮ ਹੋਵੇ ਉਪਦੇਸ਼ਾਂ ਦੇ ਕੰਮ ਨੂੰ ਪ੍ਰਾਥਮਿਕਤਾ ਦੇਣੀ ਹੈ, ਸਮੇਂ ਦੀ ਕਦਰ ਕਰਨੀ ਹੈ।

ਇਹ ਸਿਲਸਿਲਾ ਇਸੇ ਤਰ੍ਹਾਂ ਹੀ ਚਲਦਾ ਰਹਿੰਦਾ। ਸਾਡਾ ਕੰਮ ਤੇ ਹਰ ਵਕਤ ਚਲਦਾ ਹੀ ਰਹਿੰਦਾ। ਜਿਹੜੇ ਸ਼ਬਦ ਸਮਝ ਨਹੀਂ ਸਨ ਆਉਂਦੇ ਉਹਨਾਂ ਨੂੰ ਨੋਟ ਕਰੀ ਜਾਣਾ। ਜਦੋਂ ਵੀ ਪਾਤਸ਼ਾਹ ਜੀ ਨੂੰ ਵਿਹਲ ਮਿਲਣਾ ਤਾਂ ਬੈਠਕਾਂ ਹੋਣੀਆਂ ਨੋਟ ਕੀਤੇ ਹੋਏ ਸ਼ਬਦ ਸਤਿਗੁਰੂ ਜੀ ਨੇ ਸਮਝਾ ਦੇਣੇ।

ਇਸ ਕੰਮ ਵਾਸਤੇ ਇਕਾਂਤ ਬਹੁਤ ਜ਼ਰੂਰੀ ਸੀ। ਸਤਿਗੁਰੂ ਜੀ ਨੇ ਅਗਸਤ ੧੯੯੨ ਵਿੱਚ ਮੰਡੀ ਵਿਖੇ ਬੈਠ ਕੇ ਪਠਨ-ਪਾਠਨ ਦਾ ਪ੍ਰੋਗਰਾਮ ਬਣਾਇਆ। ਮਾਸਟਰ ਨਿਹਾਲ ਸਿੰਘ ਜੀ, ਡਾ. ਅਮਰ ਭਾਰਤੀ ਜੀ, ਜਸਵਿੰਦਰ ਸਿੰਘ ਜੀ ਹਿਸਟੋਰੀਅਨ, ਮੈਂ ਅਤੇ ਬੇਅੰਤ ਕੌਰ ੧੨-੮-੯੨ ਨੂੰ ਮੰਡੀ ਪਹੁੰਚ ਗਏ। ਉਸੇ ਦਿਨ ਦੁਪਹਿਰ ਬਾਅਦ ਪਠਨ-ਪਾਠਨ ਦਾ ਕੰਮ ਸ਼ੁਰੂ ਹੋ ਗਿਆ। ਹਰ ਦਿਨ ਗਿਆਰਾਂ ਤੋਂ ਬਾਰਾਂ ਘੰਟੇ ਬੈਠਕ ਹੁੰਦੀ , ਉਸ ਵੇਲੇ ਕਿਸੇ ਨੂੰ ਵੀ ਸਤਿਗੁਰੂ ਜੀ ਦੀ ਕੋਠੀ ਆਉਣ ਦੀ ਆਗਿਆ ਨਹੀਂ ਸੀ। ਸਵੇਰੇ ਸੱਤ ਕੁ ਵਜੇ ਪੜ੍ਹਨ ਦਾ ਕੰਮ ਸ਼ੁਰੂ ਹੋਣ ਅਤੇ ਰਾਤ ਨੂੰ ਗਿਆਰਾਂ ਵਜੇ ਤੱਕ ਚਲਦਾ ਰਹਿਣਾ। ਸਿਰਫ ਪ੍ਰਸਾਦਾ ਛਕਣ ਵਾਸਤੇ ਹੀ ਛੁੱਟੀ ਮਿਲਣੀ। ਬੈਠਕਾਂ ਹੋਰ ਵੀ ਮਨੋਰੰਜਕ ਅਤੇ ਲਾਭਦਾਇਕ ਬਣਾਉਣ ਵਾਸਤੇ ਸਤਿਗੁਰੂ ਜੀ ਵਿੱਚ ਵਿੱਚ ਕਈ ਸਾਖੀਆਂ ਅਤੇ ਘਟਨਾਵਾਂ ਦਾ ਵਰਣਨ ਵੀ ਕਰਦੇ। ਜੇ ਕਰ ਕਿਸੇ ਗੱਲ ਦਾ ਨਿਰਣਾ ਕਰਨਾ ਹੋਵੇ ਤਾਂ ਪੰਡਿਤ ਗੋਪਾਲ ਸਿੰਘ ਜੀ ਨਾਲ ਟੈਲੀਫੋਨ ਤੇ ਗੱਲ ਕਰ ਲੈਂਦੇ। ਸਤਿਗੁਰੂ ਜੀ ਕਿਸੇ ਵੀ ਮਸਲੇ ਨੂੰ ਅਧੂਰਾ ਨਹੀਂ ਸਨ ਛਡਦੇ। ਕੋਲ ਮਹਾਨ ਕੋਸ਼ ਅਤੇ ਹੋਰ ਗਰੰਥ ਵੀ ਪਏ ਹੁੰਦੇ ਤਾਂ ਕਿ ਲੋੜ ਪੈਣ ਤੇ ਉਹਨਾਂ ਨੂੰ ਵਾਚਿਆ ਜਾ ਸਕੇ। ਸੰਤ ਹਰਪਾਲ ਸਿੰਘ ਜੀ ਅਤੇ ਸੰਤ ਗੁਰਮੁਖ ਸਿੰਘ ਜੀ ਵੀਡੀਓ ਵਾਲੇ ਟੇਪ ਰਿਕਾਰਡਰ ਦੇ ਉਪਦੇਸ਼ਾਂ ਨੂੰ ਨਾਲ-ਨਾਲ ਸੁਣਦੇ ਰਹਿੰਦੇ, ਜੋ ਉਪਦੇਸ਼ਾਂ ਨੂੰ ਸਮਝਣ ਵਿੱਚ ਬਹੁਤ ਲਾਭਦਾਇਕ ਹੁੰਦੇ। ਸੰਤ ਰਛਪਾਲ ਸਿੰਘ ਹੁਰੀਂ ਵੀ ਜਿੱਥੇ ਹੋਰ ਉਪਰਲੇ ਕੰਮ ਕਰਦੇ, ਮਹਾਨ ਕੋਸ਼ ਦੇ ਸਫ਼ੇ ਫਰੋਲ ਕੇ ਮਤਲਬ ਦੀਆਂ ਗੱਲਾਂ ਕਢਦੇ। ਇਸ ਤਰ੍ਹਾਂ ਸਾਰੇ ਹੀ ਇੱਕ ਮਨ ਹੋ ਕੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਇਸ ਮਹਾਨ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਰੁੱਝੇ ਰਹਿੰਦੇ।

੧੩-੮-੧੯੯੨ ਨੂੰ ਪੜ੍ਹਦਿਆਂ ਪੜ੍ਹਦਿਆਂ ਜਦੋਂ ਰਾਤ ਦੇ ਬਾਰਾਂ ਕੁ ਵੱਜਣ ਲੱਗੇ ਤਾਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਫਰਮਾਇਆ, "ਕਿੰਨਾ ਅਨੰਦ ਆ ਰਿਹਾ ਹੈ। ਅੱਜ ਲਗੇ ਹੀ ਰਹਿੰਦੇ ਹਾਂ, ਇੱਥੋਂ ਉੱਠ ਕੇ ਸਿੱਧੇ ਆਸਾ ਦੀਵਾਰ ਵਿਚ ਹੀ ਚੱਲਾਂ ਗੇ।" ਸੱਚਮੁੱਚ ਹੀ ਬੜਾ ਅਨੰਦ ਆ ਰਿਹਾ ਸੀ, ਨਾ ਤੇ ਥਕੇਵਾਂ, ਨਾ ਅਕੇਵਾਂ ਹੁੰਦਾ ਸੀ। ਸਮੇਂ ਦਾ ਵੀ ਧਿਆਨ ਨਹੀਂ ਸੀ ਰਹਿੰਦਾ ਕਿ ਕਿੰਨਾ ਕੁ ਹੋ ਗਿਆ ਹੋਵੇ। ਗੁਰਮੁਖ ਸਿੰਘ ਵੀਡੀਓ ਵਾਲੇ ਨੇ ਮੇਰੇ ਕੰਨ ਵਿੱਚ ਕਿਹਾ, "ਸਤਿਗੁਰੂ ਜੀ ਦੀ ਤਬੀਅਤ ਥੋੜੀ ਢਿੱਲੀ ਹੈ, ਉਹਨਾਂ ਤੇ ਹਟਣਾ ਨਹੀਂ ਤੁਸੀਂ ਅਰਜ਼ ਕਰੋ ਕਿ ਜੀ ਹੁਣ ਬਸ ਕਰੀਏ।" ਮੈਂ ਫਿਰ ਅਰਜ਼ ਕੀਤੀ, "ਗਰੀਬ ਨਿਵਾਜ ਜੀ ਜੇ ਆਗਿਆ ਹੋਵੇ ਤਾਂ ਹੁਣ ਬਸ ਕਰੀਏ।" ਛੁੱਟੀ ਦੀ ਆਗਿਆ ਹੋਈ ਤਾਂ ਹੁਕਮ ਹੋਇਆ, "ਤੁਸੀਂ ਸਵੇਰੇ ਆਸਾ ਦੀ ਵਾਰ ਤੇ ਨਾ



Namdhari Elibrary NamdhariElibrary@gmail.com

ਆਇਓ, ਸਿੱਧੇ ਇੱਥੇ ਹੀ ਸੱਤ ਵਜੇ ਪਹੁੰਚ ਜਾਣਾ।" ਅਸੀਂ ਤਾਂ ਸਤਿ ਬਚਨ ਕਹਿ ਕੇ ਚਲੇ ਗਏ ਪਰ ਸਤਿਗੁਰੂ ਜੀ ਥੋੜਾ ਆਰਾਮ ਕਰਕੇ ਆਸਾ ਦੀ ਵਾਰ ਤੇ ਚਲੇ ਗਏ। ਉੱਥੇ ਭੋਗ ਪਾ ਕੇ ਸਾਡੇ ਪਹੁੰਚਣ ਤੋਂ ਪਹਿਲਾਂ ਆਪਣੇ ਆਸਣ ਤੇ ਸੁਸ਼ੋਭਿਤ ਸਨ ਅਤੇ ਸਾਡੀ ਇੰਤਜ਼ਾਰ ਹੋ ਰਹੀ ਸੀ। ਏਨੀ ਮਹੱਤਤਾ ਅਤੇ ਪ੍ਰਾਥਮਿਕਤਾ ਸਤਿਗੁਰੂ ਜੀ ਇਸ ਕਾਰਜ ਨੂੰ ਦਿੰਦੇ ਸਨ। ਸਾਰਾ ਦਿਨ ਫਿਰ ਉਹੀ ਪੜ੍ਹਨ ਪੜ੍ਹਾਉਣ ਦਾ ਕੰਮ ਚਲਦਾ ਰਿਹਾ। ਹੁਣ ਨਿਤਨੇਮ ਦਾ ਵਕਤ ਸੀ। ਸਾਨੂੰ ਹੁਕਮ ਕੀਤਾ , "ਤੁਸੀਂ ਥੋੜੀ ਦੇਰ ਦਰਿਆ ਕਿਨਾਰੇ ਘੁੰਮ ਫਿਰ ਲਵੋ ਅਤੇ ਮੈਂ ਨਿਤਨੇਮ 'ਚ ਹੋ ਆਵਾਂ।

ਇਸੇ ਤਰ੍ਹਾਂ ਹੀ ਇਹ ਸਿਲਸਿਲਾ ੧੬-੮-੧੯੯੨ ਦੁਪਹਿਰ ਤਕ ਚਲਦਾ ਰਿਹਾ। ਸਤਿਗੁਰੂ ਜੀ ਨੇ ਆਪਣੇ ਹਸਤ ਕੰਵਲਾਂ ਨਾਲ ਬਰਫੀ ਦਾ ਪ੍ਰਸਾਦ ਵਰਤਾਇਆ ਅਤੇ ਮਨਾਂ ਨੂੰ ਸ਼ਾਂਤ ਵਰਤਾਈ।

ਕੁਝ ਚਿਰ ਮਗਰੋਂ ਗਰੀਬ ਨਿਵਾਜ਼ ਜੀ ਨੇ ਬੇਅੰਤ ਕੌਰ ਨੂੰ ਕਿਹਾ, 'ਜੇ ਦੁੱਖ ਆ ਜਾਵੇ ਤਾਂ ਉਸਨੂੰ ਆਪਣੇ ਉੱਤੇ ਸਵਾਰ ਨਹੀਂ ਹੋਣ ਦੇਣਾ ਆਪ ਉਹਦੇ ਤੇ ਸਵਾਰ ਹੋ ਜਾਣਾ।" ਅਸੀਂ ਇਸ ਨੂੰ ਸਤਿਗੁਰੂ ਜੀ ਦਾ ਇਕ ਸਧਾਰਨ ਹੀ ਉਚਾਰਿਆ ਹੋਇਆ ਬਚਨ ਸਮਝਿਆ। ਅਗਲੇ ਦਿਨ ਦਾ ਪ੍ਰੋਗਰਾਮ ਮਨਾਲੀ ਜਾਣ ਦਾ ਸੀ।

ਸਵੇਰੇ ਮੰਡੀ ਤੋਂ ਕਾਰਾਂ ਦਾ ਕਾਫਲਾ ਚਲਿਆ। ਗੁਰਮੁਖ ਸਿੰਘ ਵੀਡੀਓ ਵਾਲਾ ਮੇਰੀ ਕਾਰ ਵਿੱਚ ਸੀ। ਅਸੀਂ ਪਹਿਲਾਂ ਹੀ ਅੱਗੇ ਜਾ ਕੇ ਕਿਸੇ ਮੋੜ ਤੇ ਖੜੇ ਹੋ ਜਾਣਾ ਅਤੇ ਜਦੋਂ ਸੱਚੇ ਪਾਤਸ਼ਾਹ ਜੀ ਦੀਆਂ ਕਾਰਾਂ ਆਉਣੀਆਂ ਤਾਂ ਉਹਨਾਂ ਦੀ ਵੀਡੀਓ ਬਣਾਉਣੀ। ਲੰਗਰ ਪਾਣੀ ਦਾ ਪ੍ਰੋਗਰਾਮ ਭੂੰਤਰ ਸੀ। ਉੱਥੇ ਪ੍ਰਸਾਦ ਪਾਣੀ ਛਕਣ ਉਪਰੰਤ ਬੇਅੰਤ ਕੌਰ ਦਾ ਪੈਰ ਤਿਲਕ ਗਿਆ ਅਤੇ ਉਸਦੇ ਸੱਟ ਲਗ ਗਈ। ਇਉਂ ਲਗਦਾ ਸੀ ਕਿ ਸ਼ਾਇਦ ਅਗੇ ਨਾ ਜਾ ਸਕੀਏ ਸਤਿਗੁਰੂ ਜੀ ਦਾ ਇਕ ਦਿਨ ਪਹਿਲਾਂ ਦਾ ਬਚਨ ਯਾਦ ਆਇਆ ਕਿ ਦੁੱਖ ਨੂੰ ਆਪਣੇ ਤੇ ਨਾ ਸਵਾਰ ਹੋਣ ਦੇਵੋ। ਇਉਂ ਜਾਪਿਆ ਕਿ ਇਹ ਬਚਨ ਇਸੇ ਕਰ ਕੇ ਹੀ ਉਚਾਰਿਆ ਸੀ। ਕਾਰ ਵਿੱਚ ਅਰਾਮ ਨਾਲ ਬੈਠਣ ਵਾਸਤੇ ਉੱਥੋਂ ਇੱਕ ਸਿਰਹਾਣਾ ਲੈ ਲਿਆ ਅਤੇ ਮਨਾਲੀ ਵੱਲ ਨੂੰ ਚਾਲੇ ਪਾ ਦਿੱਤੇ।

ਸਤਿਗੁਰੂ ਜੀ ਨੇ ਮਨਾਲੀ ਦੋ ਤਿੰਨ ਘੰਟੇ ਰਹਿ ਕੇ ਵਾਪਸ ਮੰਡੀ ਲਈ ਚੱਲਣ ਦੀ ਤਿਆਰੀ ਕਰ ਲਈ। ਮੈਂ ਅਰਜ਼ ਕੀਤੀ ਕਿ ਬੇਅੰਤ ਕੌਰ ਨੂੰ ਇਸ ਤਰ੍ਹਾਂ ਸੱਟ ਲੱਗ ਗਈ ਹੈ, ਅਤੇ ਉਸਨੂੰ ਤੁਰਨ ਫਿਰਨ ਵਿੱਚ ਤਕਲੀਫ ਹੈ। ਸਤਿਗੁਰੂ ਜੀ ਨੇ ਕਿਰਪਾ ਕਰ ਕੇ ਬੇਅੰਤ ਕੌਰ ਨੂੰ ਦਰਸ਼ਨ ਦਿੱਤੇ ਅਤੇ ਸਾਨੂੰ ਆਗਿਆ ਹੋ ਗਈ ਕਿ ਅਸੀਂ ਰਾਤ ਉੱਥੇ ਹੀ ਰਹਿ ਕੇ ਅਗਲੇ ਦਿਨ ਮੰਡੀ ਆ ਜਾਈਏ। ਸਤਿਗੁਰੂ ਧੰਨ ਹੈ। ਉਸਨੂੰ ਪਤਾ ਹੁੰਦਾ ਹੈ ਕਿ ਅਗਾਂਹ ਕੀ ਹੋਣ ਵਾਲਾ ਹੈ। ਜੇ ਕਰ ਕਸ਼ਟ ਆ ਜਾਵੇ ਤਾਂ ਉਸ ਨੂੰ ਸਹਾਰਨ ਦਾ ਬਲ ਵੀ ਉਹ ਆਪ ਹੀ ਬਖਸ਼ਦੇ ਹਨ ਅਤੇ ਆਪਣੇ ਸੇਵਕਾਂ ਦੀ ਹਰ ਪ੍ਰਕਾਰ ਰੱਖਿਆ ਕਰਦੇ ਹਨ।

ਹਰ ਉਪਦੇਸ਼ ਦੇ ਪਿੱਛੇ ਮੁਸ਼ਕਲ ਲਫਜ਼ਾਂ ਦੇ ਅਰਥ ਕੀਤੇ ਹੋਏ ਹਨ। ਇਹ ਕਈ ਸਾਰੀਆਂ ਸੰਧਰਭ ਪੁਸਤਕਾਂ ਤੋਂ ਦੇਖ ਕੇ ਕੀਤੇ ਸਨ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਪੰਡਿਤ ਗੋਪਾਲ ਸਿੰਘ ਜੀ ਦੇ ਡੇਰੇ ਤੇ ਬੈਠਕਾਂ ਹੋਈਆਂ ਜਿਨ੍ਹਾਂ ਵਿੱਚ ਸਾਰੇ ਅਰਥਾਂ ਨੂੰ ਚੰਗੀ ਤਰ੍ਹਾਂ ਵਾਚਿਆ ਗਿਆ ਅਤੇ ਲੁੜੀਂਦੇ ਵਾਧੇ ਘਾਟੇ ਕਰ ਕੇ ਸਹੀ ਕੀਤਾ ਗਿਆ।

੨੧-੧੦-੧੯੯੨ ਨੂੰ ਸਤਿਗੁਰੂ ਜੀ ਦਿੱਲੀ ਦਰਸ਼ਨ ਦੇ ਰਹੇ ਸਨ। ਹਮੇਸ਼ਾ ਵਾਂਗ ਸ਼ਾਮ ਦੇ ਕੀਰਤਨ ਉਪਰੰਤ ਸਤਿਗੁਰੂ ਜੀ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿਖੇ ਬੈਡਮਿੰਟਨ ਖੇਲਣ ਵਾਸਤੇ ਪਧਾਰੇ। ਖੇਲ ਉਪਰੰਤ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਬਾਰੇ ਬਚਨ ਚੱਲ ਪਏ ਤਾਂ ਅਸੀਂ ਪੁਸਤਕ ਦੇ ਨਾਮਕਰਨ ਦੀ ਅਰਜ਼ ਕੀਤੀ। ਸਤਿਗੁਰੂ ਜੀ ਨੂੰ ਸੁਖਮਨੀ ਸਾਹਿਬ ਦੀ ਤੁਕ—

ਉਤਮ ਸਲੋਕ ਸਾਧ ਕੇ ਬਚਨ।
ਅਮੁਲੀਕ ਲਾਲ ਏਹਿ ਰਤਨ।

ਯਾਦ ਆਈ ਤਾਂ ਪੁਸਤਕ ਦਾ ਨਾਮ 'ਲਾਲ ਏਹਿ ਰਤਨ' ਰੱਖਿਆ। ਇਹ ਵੀ ਫੈਸਲਾ ਹੋਇਆ ਕਿ ਪਹਿਲੇ ਹਿੱਸੇ ਵਿੱਚ ੧੯੪੮-੫੦ ਦੇ ਉਪਦੇਸ਼ ਰੱਖੇ ਜਾਣ। ਪੁਸਤਕ ਦੇ ਵਰਤਮਾਨ ਆਕਾਰ ਦਾ ਫੈਸਲਾ ਭੀ ਸਤਿਗੁਰੂ ਜੀ ਨੇ ਕਰ ਦਿੱਤਾ।

ਹੁਣ ਕੰਮ ਸ਼ੁਰੂ ਹੋਇਆ ਸੋਧੇ ਹੋਏ ਖਰੜਿਆ ਨੂੰ ਕੰਪਿਊਟਰ ਤੇ ਟਾਈਪ ਕਰਨ ਦਾ। ਉਪਰੰਤ ਟਾਈਪ ਕੀਤੇ ਉਪਦੇਸ਼ਾਂ ਦੀ ਪਰੂਫ ਰੀਡਿੰਗ, ਵਿਰਾਮ ਚਿੰਨ ਲਗਾਉਣੇ ਅਤੇ ਲੋੜੀਂਦੀਆਂ ਟਿਪਣੀਆਂ ਦੇਣਾ ਵੀ ਇੱਕ ਵੱਡਾ ਕੰਮ ਸੀ। ਇਸ ਲਈ ਬਹੁਤ ਸਾਰੀਆਂ ਸੰਧਰਭ ਪੁਸਤਕਾਂ ਜਿਹਾ ਕਿ ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕਬਿੱਤ ਸਵੱਈਏ, ਭਾਈ ਨੰਦ ਲਾਲ, ਸੌ ਸਾਖੀ, ਜਨਮ ਸਾਖੀ ਆਦਿ ਦਾ ਅਧਿਐਨ ਜ਼ਰੂਰੀ ਸੀ।

ਇੱਕ ਵਾਰ ਫਿਰ ਅਗਸਤ ੧੯੯੪ ਵਿੱਚ ਮੰਡੀ ਵਿਖੇ ਪਠਨ ਪਾਠਨ ਦਾ ਪ੍ਰੋਗਰਾਮ ਬਣਿਆ । ਅਸੀਂ ੮-੮-੧੯੯੪ ਨੂੰ ਮੰਡੀ ਪਹੁੰਚੇ ਅਤੇ ਸਤਿਗੁਰੂ ਜੀ ਦੀ



Namdhari Elibrary NamdhariElibrary@gmail.com

ਹਜ਼ੂਰੀ ਵਿੱਚ ਪੜ੍ਹਨ ਪੜ੍ਹਾਉਣ ਕੰਮ ਸ਼ੁਰੂ ਹੋ ਗਿਆ। ਇਹਨਾਂ ਬੈਠਕਾਂ ਵਿੱਚ ਪੰਡਿਤ ਗੋਪਾਲ ਸਿੰਘ , ਪ੍ਰੀਤਮ ਸਿਘ ਜੀ ਕਵੀ, ਸ. ਜਸਵਿੰਦਰ ਸਿੰਘ ਜੀ ਹਿਸਟੋਰੀਅਨ, ਸੰਤ ਹਰੀ ਸਿੰਘ ਜੀ ਵਡਾਣੀਅ, ਸੰਤ ਹਰਬੰਸ ਸਿੰਘ ਜੀ ਮੈਂਬਰ, ਸੰਤ ਗੁਰਮੁੱਖ ਸਿੰਘ ਵਹਿਮੀ ਅਤੇ ਹਜ਼ੂਰੀ ਸੇਵਕਾਂ ਸੰਤ ਹਰਪਾਲ ਸਿੰਘ ਜੀ, ਸੰਤ ਰਛਪਾਲ ਸਿੰਘ ਜੀ ਅਤੇ ਗੁਰਮੁੱਖ ਸਿੰਘ ਜੀ ਨੇ ਹਿੱਸਾ ਲਿਆ। ਅਖੀਰ ਸਤਿਗੁਰੂ ਜੀ ਦੀ ਕਿਰਪਾ ਨਾਲ 'ਲਾਲ ਏਹਿ ਰਤਨ' ਦੇ ਪਹਿਲੇ ਭਾਗ ਦਾ ਵਿਮੋਚਨ ਸ੍ਰੀ. ਭੈਣੀ ਸਾਹਿਬ ਹੋਲੇ ਮਹੱਲੇ ਤੇ ੧੯-੩-੧੯੯੫ ਨੂੰ ਹੋ ਗਿਆ।

'ਲਾਲ ਏਹਿ ਰਤਨ' ਦੇ ਬਾਕੀ ਦੋ ਹਿੱਸਿਆਂ ਤੇ ਕੰਮ ਲਗਾਤਾਰ ਚਲ ਹੀ ਰਿਹਾ ਸੀ ਕਿ ਬੇਅੰਤ ਕੌਰ ਅੰਮ੍ਰਿਤਸਰ ਜਾ ਕੇ ਮਾਰਚ ੧੯੯੮ ਵਿੱਚ ਸਖ਼ਤ ਬਿਮਾਰ ਹੋ ਗਈ ਅਤੇ ੧੮-੩-੯੮ ਰਾਤ ਨੂੰ ਹਸਪਤਾਲ ਦਾਖ਼ਲ ਕਰਨੀ ਪੈ ਗਈ। ਹਾਲਤ ਬਹੁਤ ਖਰਾਬ ਸੀ। ਡਾਕਟਰ ਨੇ ਮੈਨੂੰ ਦੱਸਿਆ ਕਿ ਇਹ ਹਾਰਟ ਅਟੈਕ ਨਹੀਂ ਹਾਰਟ ਫੇਲ੍ਹ ਸੀ। ਮੈਂ ਅਗਲੇ ਦਿਨ ਸਤਿਗੁਰੂ ਜੀ ਨਾਲ ਟੈਲੀਫੋਨ ਤੇ ਗੱਲ ਕੀਤੀ। ਸੱਚੇ ਪਾਤਸ਼ਾਹ ਜੀ ਉਸ ਦਿਨ ਹਿਸਾਰ ਦਰਸ਼ਨ ਦੇ ਰਹੇ ਸਨ। ਮੈਂ ਅਰਜ਼ ਕੀਤੀ ਕਿ ਬੇਅੰਤ ਕੌਰ ਬਹੁਤ ਸਖ਼ਤ ਬਿਮਾਰ ਹੈ, ਆਪ ਜੀ ਕਿਰਪਾ ਕਰੋ। ਸੱਚੇ ਪਾਤਸ਼ਾਹ ਜੀ ਨੇ ਕਿਹਾ, "ਐਂਜੀਓਗ੍ਰਾਫੀ ਕਰਾਈ ਹੈ ?"

ਮੈਂ ਅਰਜ਼ ਕੀਤੀ, "ਗਰੀਬ ਨਿਵਾਜ਼ ਕਿਸੇ ਡਾਕਟਰ ਨੇ ਕਿਹਾ ਹੀ ਨਹੀਂ "

ਸਤਿਗੁਰੂ ਜੀ – "ਉਪਰੇਸ਼ਨ ਕਰਾਇਆ ਹੈ ਕਿ ਨਹੀਂ ਕਰਾ ਲੈਣੈ।"

ਕੁਝ ਹੋਰ ਬਚਨ ਵੀ ਹੋਏ ਪਰ ਮੈਨੂੰ ਇਹ ਭਰੋਸਾ ਹੋ ਗਿਆ ਕਿ ਹੁਣ ਜੋ ਸੱਚੇ ਪਾਤਸ਼ਾਹ ਜੀ ਨੇ ਕਰਾਉਣ ਲਈ ਹੁਕਮ ਕੀਤਾ ਹੈ ਉਹ ਸਭ ਕੁਝ ਹੋਵੇ ਗਾ। ਪਰ ਹੋਵੇ ਗਾ ਤੇ ਤਾਂ ਹੀ ਨ ਜੇ ਇੱਥੋਂ ਠੀਕ ਠਾਕ ਦਿੱਲੀ ਪਹੁੰਚਾਂ ਗੇ। ਥੋੜੀ ਮਨ ਨੂੰ ਤਸੱਲੀ ਵੀ ਹੋ ਗਈ ਕਿ ਹੁਣ ਬਹੁਤਾ ਕੁਝ ਇੱਥੇ ਨਹੀ ਹੁੰਦਾ ਤੇ ਸੱਚੇ ਪਾਤਸ਼ਾਹ ਇੱਕ ਵਾਰ ਦਿੱਲੀ ਜ਼ਰੂਰ ਲੈ ਕੇ ਜਾਣ ਗੇ। ਸੋ ਬਾਰ੍ਹਾਂ ਤੇਰਾਂ ਦਿਨ ਰਹਿ ਕੇ ਅਸੀਂ ਦਿੱਲੀ ਆ ਗਏ। ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕਰ ਕੇ ਘਰ ਦਰਸ਼ਨ ਦਿੱਤੇ ਅਤੇ ਹੌਸਲਾ ਦਿੱਤਾ ਕਿ ਉਪਰੇਸ਼ਨ ਕਰਾ ਲੈਣਾ ਹੈ। ਉਹ ਬਚਨ ਸਤਿ ਹੋ ਗਿਆ ਅਤੇ ੨੭ ਅਪਰੈਲ ੧੯੯੮ ਨੂੰ ਬਾਈ ਪਾਸ ਉਪਰੇਸ਼ਨ ਹੋ ਗਿਆ।

ਉਮੀਦ ਤਾਂ ਇਹ ਸੀ ਕਿ ਦਸਾਂ ਕੁ ਦਿਨਾਂ 'ਚ ਘਰ ਚਲੇ ਜਾਵਾਂਗੇ ਪਰ ਜ਼ਖ਼ਮਾਂ ਵਿੱਚ ਇਨਫੈਕਸ਼ਨ ਹੋਣ ਕਰਕੇ ਕੰਮ ਲੰਮਾ ਹੋ ਗਿਆ ਅਤੇ ਤਿੰਨ ਕੁ ਮਹੀਨੇ ਹਸਪਤਾਲ ਰਹਿਣਾ ਪੈ ਗਿਆ।

ਇਸ ਦੌਰਾਨ ਸਤਿਗੁਰੂ ਜੀ ਨਾਲ ਟੈਲੀਫੋਨ ਤੇ ਅਰਜ਼ ਬੇਨਤੀਆਂ ਹੁੰਦੀਆਂ ਰਹਿੰਦੀਆਂ ਸਨ। ਇੱਕ ਦਿਨ ਬੇਅੰਤ ਕੌਰ ਨੇ ਆਪਣੇ ਅੰਦਰੋਂ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਉਹਦੇ ਸਿਰ ਤੇ ਆਪਣੇ ਹਸਤ ਕੰਵਲ ਰੱਖ ਕੇ ਆਸ਼ੀਰਵਾਦ ਦੇਣ ਤਾਂਕਿ ਉਹ ਇਸ ਕਸ਼ਟ ਤੋਂ ਮੁਕਤ ਹੋ ਸਕੇ। ਮੇਰੇ ਛੋਟੇ ਲੜਕੇ ਤੇਜਵੀਰ ਸਿੰਘ ਨੂੰ ਇਹਨਾਂ ਦਿਨਾਂ ਵਿਚ ਹਰ ਰੋਜ਼ ਟੈਲੀਫੋਨ ਕਰਨ ਦਾ ਹੁਕਮ ਸੀ। ਜਦੋਂ ਉਸ ਨੇ ਟੈਲੀਫੋਨ ਕੀਤਾ ਤਾਂ ਸੱਚੇ ਪਾਤਸ਼ਾਹ ਜੀ ਨੇ ਉਹਨੂੰ ਹੁਕਮ ਕੀਤਾ, "ਅੱਜ ਤੂੰ ਜਦੋਂ ਹਸਪਤਾਲ ਜਾਵੇਂ ਤਾਂ ਆਪਣੇ ਦੋਨੋਂ ਹੱਥ ਆਪਣੀ ਮਾਤਾ ਦੇ ਸਿਰ ਤੇ ਰੱਖ ਕੇ ਕਹਿਣਾ ਕਿ ਇਹ ਹੱਥ ਤੇਰੇ ਨਹੀਂ ਮੇਰੇ ਹਨ।" ਤੇਜਵੀਰ ਨੇ ਸ਼ਾਮ ਨੂੰ ਆ ਕੇ ਇਸੇ ਤਰ੍ਹਾਂ ਕੀਤਾ। ਮਨ ਨੂੰ ਧਾਰਸ ਹੋਈ ਕਿ ਸਤਿਗੁਰੂ ਜੀ ਧੰਨ ਹਨ ਜੋ ਆਪਣੇ ਸੇਵਕਾਂ ਦੀਆਂ ਮਨੋ ਕਾਮਨਾਵਾਂ ਨੂੰ ਪੂਰਾ ਕਰਦੇ ਸਨ।

ਦਿਨੇ ਮੈਂ ਹਸਪਤਾਲ ਰਹਿੰਦਾ ਸਾਂ ਅਤੇ ਅਸੀਂ ਸਾਰਾ ਦਿਨ ਆਦਿ ਯਾ ਦਸਮ ਗ੍ਰੰਥ ਦਾ ਪਾਠ ਕਰਦੇ ਰਹਿੰਦੇ ਸਾਂ। ਇੱਕ ਦਿਨ ਸਤਿਗੁਰੂ ਜੀ ਦਿੱਲੀ ਆਏ ਹੋਏ ਸਨ। ਟੈਲੀਫੋਨ ਤੇ ਬੇਅੰਤ ਕੌਰ ਨੇ ਅਰਜ਼ ਕੀਤੀ ਅਤੇ ਦੱਸਿਆ ਕਿ ਇਸ ਵੇਲੇ ਕ੍ਰਿਸ਼ਨਾ ਅਵਤਾਰ ਪੜ੍ਹ ਰਹੇ ਹਾਂ। ਸਤਿਗੁਰੂ ਜੀ ਬਚਨ ਕੀਤਾ, "ਤੁਸੀਂ ਬੜਾ ਚੰਗਾ ਕੰਮ ਕਰ ਰਹੇ ਹੋ। ਮੈਂ ਤੇ ਕ੍ਰਿਸ਼ਨ ਜੀ ਦੇ ਚਰਨਾਂ ਵਰਗਾ ਵੀ ਨਹੀ" ਸਤਿਗੁਰੂ ਸੱਚੇ ਪਾਤਸ਼ਾਹ ਧੰਨ ਹਨ। ਉਹ ਹਰ ਇੱਕ ਬਚਨ ਵਿੱਚ ਸਾਨੂੰ ਜੀਉਣ ਦਾ ਰਾਹ ਦੱਸਦੇ ਹਨ, ਸਾਡੀ ਹਰ ਮੁਸ਼ਕਿਲ ਵਿੱਚ ਸਹਾਇਤਾ ਕਰਦੇ ਹਨ, ਦੁਖ ਤਕਲੀਫਾਂ ਨੂੰ ਸਹਾਰਨ ਦਾ ਬਲ ਬਖਸ਼ਦੇ ਹਨ।

ਹਸਪਤਾਲ ਦਾ ਕੰਮ ਲੰਮਾ ਹੀ ਹੋਈ ਜਾਂਦਾ ਸੀ। ਇਉਂ ਲਗਣ ਪਿਆ ਕਿ ਸ਼ਾਇਦ ਹਸਪਤਾਲੋਂ ਕਦੇ ਛੁੱਟੀ ਹੀ ਨਹੀਂ ਮਿਲਣੀ। ਹਾਲਤ ਬਰਦਾਸ਼ਤ ਤੋਂ ਬਾਹਰ ਹੋ ਗਈ।

੧-੭-੯੮ ਨੂੰ ਮੈਂ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਦਿੱਲੀ ਕੋਠੀ ਗਿਆ। ਆਸਾ ਦੀ ਵਾਰ ਤੋਂ ਬਾਅਦ ਸੱਚੇ ਪਾਤਸ਼ਾਹ ਜੀ ਬਿਰਾਜ ਕੇ ਹਾਲੀਂ ਉੱਠੇ ਹੀ ਸਨ ਕਿ ਮੈਂ ਮੱਥਾ ਟੇਕ ਕੇ ਅਰਜ਼ ਕੀਤੀ, "ਗਰੀਬ ਨਿਵਾਜ਼ ਸਾਡੇ ਪਾਪਾਂ ਅਤੇ ਗੁਨਾਹਾਂ ਦਾ ਅੰਤ ਕੋਈ ਨਹੀਂ। ਜੇ ਸਾਰਿਆਂ ਦਾ ਹਿਸਾਬ ਹੁਣ ਹੀ ਕਰਨਾ ਹੈ ਤਾਂ ਸਾਡੇ ਵੱਸ ਦੀ ਗੱਲ ਹੁਣ ਨਹੀਂ ਰਹੀ। ਏਨੇ ਮਹੀਨੇ ਬੇਅੰਤ ਕੌਰ ਨੂੰ ਹਸਪਤਾਲ



Namdhari Elibrary NamdhariElibrary@gmail.com

ਪਿਆਂ ਲੰਘ ਗਏ ਹਨ ਅਤੇ ਬਰਦਾਸ਼ਤ ਨਹੀਂ ਹੁੰਦਾ। ਆਪ ਜੀ ਕਿਰਪਾ ਕਰੋ।" ਸੱਚੇ ਪਾਤਸ਼ਾਹ ਜੀ ਨੇ ਫਰਮਾਇਆ, "ਹਾਂ ਵਕਤ ਤੇ ਕੁਝ ਜ਼ਿਆਦਾ ਹੀ ਲੱਗ ਗਿਆ ਹੈ।"

ਸੱਚੇ ਪਾਤਸ਼ਾਹ ਜੀ ਨੇ ਝੱਟ ਟੈਲੀਫੋਨ ਚੁੱਕਿਆ, ਭੈਣੀ ਸਾਹਿਬ ਮਿਲਾਇਆ ਅਤੇ ਇਸ ਤਰ੍ਹਾਂ ਬਚਨ ਬਿਲਾਸ ਹੋਏ—

ਸਤਿਗੁਰੂ ਜੀ —ਦਿਆਲ ਹੈ ?

ਸਿੱਖ— ਨਹੀਂ ਜੀ।

ਸਤਿਗੁਰੂ ਜੀ — ਮਹਿੰਦਰ ਹੈ ?

ਸਿੱਖ— ਨਹੀਂ ਜੀ।

ਸਤਿਗੁਰੂ ਜੀ — ਤੂੰ ਕੌਣ ਹੈਂ ?

ਜਵਾਬ ਆਉਣ ਤੇ ਸਤਿਗੁਰੂ ਜੀ ਨੇ ਹੁਕਮ ਕੀਤਾ, "ਹੁਣੇ ਦਿਆਲ ਸਿੰਘ ਨੂੰ ਕਹੋ ਤੇ ਬੀਬੀ ਬੇਅੰਤ ਕੌਰ ਦੀ ਦੇਹ ਅਰੋਗਤਾ ਨਮਿਤ ਭਜਨ ਦੀ ਵਰਨੀ ਕਰਾਓ।"

ਜਿਸ ਲਹਿਜੇ ਵਿੱਚ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ, ਮੈਨੂੰ ਉੱਥੇ ਹੀ ਤਸੱਲੀ ਹੋ ਗਈ ਕਿ ਅੱਜ ਕਿਰਪਾ ਹੋ ਗਈ ਹੈ। ਜਿੱਥੋਂ ਹਸਪਤਾਲ 'ਚੋਂ ਨਿਕਲਣ ਦੀ ਉਮੀਦ ਹੀ ਨਹੀਂ ਸੀ ਉੱਥੋਂ ਹਫਤੇ ਦੇ ਅੰਦਰ ੭-੭-੧੯੯੮ ਨੂੰ ਠੀਕ ਠਾਕ ਹੋ ਕੇ ਬੇਅੰਤ ਕੌਰ ਘਰ ਆ ਗਈ। ਸਤਿਗੁਰੂ ਸਰਬ ਕਲਾ ਸਮਰਥ ਅਤੇ ਸਭ ਕੁਝ ਕਰਨ ਵਾਲੇ ਹਨ। ਸਿੱਖ ਵੀ ਉਸ ਦੀ ਰਜ਼ਾ ਵਿੱਚ ਉਸ ਦੀ ਕਿਰਪਾ ਸਦਕਾ ਹੀ ਰਹਿ ਸਕਦਾ ਹੈ।

੯ ਮਾਰਚ ਸੰਨ ੧੯੯੯ ਹੋਲੇ ਮਹੱਲੇ ਦੇ ਅਵਸਰ ਤੇ ਸ੍ਰੀ ਜੀਵਨ ਨਗਰ 'ਲਾਲ ਏਹਿ ਰਤਨ' ਭਾਗ-੨ ਦਾ ਵਿਮੋਚਨ ਹੋਇਆ ਅਤੇ ਬਾਕੀ ਹਿੱਸਿਆਂ ਤੇ ਕੰਮ ਚਲਦਾ ਰਿਹਾ। ਸੰਨ ੨੦੦੦ ਵਿੱਚ ਮੈਂ ਤੇ ਬੇਅੰਤ ਕੌਰ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਦਿੱਲੀ ਕੋਠੀ ਗਏ ਅਤੇ ਅਰਜ਼ ਕੀਤੀ ਕਿ 'ਲਾਲ ਏਹਿ ਰਤਨ' ਦੇ ਪੰਜ ਭਾਗਾਂ ਤੇ ਕੰਮ ਤਕਰੀਬਨ ਪੂਰਾ ਹੋ ਗਿਆ ਹੈ। ਸਤਿਗੁਰੂ ਜੀ ਫਰਮਾਇਆ "ਤੈਨੂੰ ਇਸੇ ਕੰਮ ਲਈ ਮੋੜ ਕੇ ਲਿਆ ਕੇ ਰੱਖਿਆ ਹੈ।" ਹੁਣ ਸਾਨੂੰ ਸਮਝ ਆਈ ਕਿ ੧੯੯੮ ਦੇ ਕਸ਼ਟ ਤੋਂ ਕਿਸ ਤਰ੍ਹਾਂ ਬਚਾਅ ਹੋਇਆ ਹੈ।

ਉਪਦੇਸ਼ਾਂ ਤੇ ਕੰਮ ਤੇ ਲਗਾਤਾਰ ਚਲਦਾ ਹੀ ਰਹਿੰਦਾ ਸੀ। ਟਾਈਮ ਹੋਣ ਤੋਂ ਬਾਅਦ ਆਪਣੇ ਵੱਲੋਂ ਪੂਰਾ ਕੰਮ ਹੋਣ ਤੇ ਇੱਕ ਵਾਰ ਫਿਰ ਸਤਿਗੁਰੂ ਜੀ ਦੇ ਹਜ਼ੂਰ ਬੈਠਕ ਹੁੰਦੀ ਸੀ ਜਿਸ ਵਿੱਚ ਸੋਧੇ ਹੋਏ ਉਪਦੇਸ਼ਾਂ ਨੂੰ ਛਪਣ ਵਾਲੇ ਸਰੂਪ ਵਿੱਚ ਫਿਰ ਪੜ੍ਹਿਆ ਅਤੇ ਵਾਚਿਆ ਜਾਂਦਾ ਸੀ। ਇਸ ਵਾਸਤੇ ਹਰ ਅੱਸੂ ਦੇ ਮੇਲੇ ੮-੧੦ ਦਿਨਾਂ ਦੀਆਂ ਬੈਠਕਾਂ ਹੁੰਦੀਆਂ ਸਨ। ਇਸ ਦੇ ਉਪਰੰਤ ਹੀ ਪੁਸਤਕ ਛਾਪੇਖਾਨੇ ਵਿੱਚ ਜਾਂਦੀ ਸੀ।

'ਲਾਲ ਏਹਿ ਰਤਨ' ਤੇ ਤੀਸਰੇ ਭਾਗ ਦਾ ਵਿਮੋਚਨ ੨੯-੩-੨੦੦੨ ਹੋਲੇ ਮਹੱਲੇ ਸਮੇਂ ਸ੍ਰੀ ਭੈਣੀ ਸਾਹਿਬ ਹੋਇਆ ਅਤੇ ਚੌਥੇ ਹਿੱਸੇ ਨੂੰ ਛਾਪਣ ਦੀ ਤਿਆਰੀ ਸ਼ੁਰੂ ਹੋ ਗਈ। ਪੰਜਵੇਂ ਹਿੱਸੇ ਦੀ ਵੀ ਪੜ੍ਹਾਈ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ੨੦੦੨ ਦੇ ਅੱਸੂ ਦੇ ਮੇਲੇ ਤੇ ਪੂਰੀ ਹੋ ਗਈ ਸੀ। ਅਸੀਂ ਚੌਥੇ ਹਿੱਸੇ ਦੀ ਛਪਾਈ ਅਤੇ ਪੰਜਵੇਂ ਹਿੱਸੇ ਦੀ ਤਿਆਰੀ ਵਿੱਚ ਰੁੱਝੇ ਹੋਏ ਸਾਂ ਕਿ ਬੇਅੰਤ ਕੌਰ ਇੱਕ ਦਮ ਹੀ ਬਿਮਾਰ ਹੋ ਗਈ ਅਤੇ ੨੯-੧੨-੨੦੦੨ ਨੂੰ ਹਸਪਤਾਲ ਦਾਖਲ ਕਰਨੀ ਪੈ ਗਈ। ਸੱਚ ਤੇ ਇਹੋ ਹੀ ਹੈ ਕਿ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਉਹ ਚੜ੍ਹਾਈ ਕਰ ਗਈ ਸੀ। ਸਤਿਗੁਰਾਂ ਦੀ ਰਜ਼ਾ ਕੁਝ ਐਸੀ ਹੀ ਸੀ ਕਿ ਡਾਕਟਰਾਂ ਨੇ ਉਸ ਦੇ ਹਾਰਟ ਨੂੰ ਦੁਬਾਰਾ ਚਾਲੂ ਤੇ ਕਰ ਲਿਆ ਪਰ ਉਹ ਆਪ ਕੋਮਾ ਵਿੱਚ ਚਲੀ ਗਈ। ਮੈਂ ਸ਼ਾਮੀ ੫ ਕੁ ਵਜੇ ਸਤਿਗੁਰੂ ਜੀ ਨੂੰ ਟੈਲੀਫੋਨ ਤੇ ਸਾਰੀ ਗੱਲ ਦੱਸੀ। ਉਸੇ ਦਿਨ ਸੱਚੇ ਪਾਤਸ਼ਾਹ ਜੀ ਦਾ ਰਾਤੀ ਕੋਈ ਨੌਂ ਕੁ ਵਜੇ ਟੈਲੀਫੋਨ ਆਇਆ, ਹੁਕਮ ਕੀਤਾ, "ਆਪਾਂ ਸਤਿਗੁਰੂ ਦੀ ਰਜ਼ਾ 'ਚ ਰਾਜ਼ੀ ਰਹਿਣਾ ਹੈ।"

ਮੈਂ ਅਰਜ਼ ਕੀਤੀ, "ਜੀ ਰਜ਼ਾ ਭੀ ਆਪ ਜੀ ਦੀ ਹੈ ਅਤੇ ਮਨਾਉਣਾ ਭੀ ਆਪ ਜੀ ਨੇ ਹੀ ਹੈ, ਕਿਰਪਾ ਕਰੋ।" ਮੈਨੂੰ ਹੁਣ ਯਕੀਨ ਹੋ ਗਿਆ ਸੀ ਕਿ ਹੁਣ ਬੇਅੰਤ ਕੌਰ ਨੇ ਚੜ੍ਹਾਈ ਕਰ ਜਾਣਾ ਹੈ। ੧੦੮ ਦਿਨ ਇਸੇ ਹਾਲਤ ਵਿੱਚ ਰਹਿ ਕੇ ਉਹ ਅਖੀਰ ੧੫-੪-੨੦੦੩ ਨੂੰ ਚੜ੍ਹਾਈ ਕਰ ਗਈ। ਚੜ੍ਹਾਈ ਕਰਨ ਤੋਂ ਦਸ ਦਿਨ ਪਹਿਲਾਂ ਮੈਂ ਤੇ ਮੇਰਾ ਛੋਟਾ ਲੜਕਾ ਤੇਜਵੀਰ ਸਿੰਘ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਸ੍ਰੀ ਭੈਣੀ ਸਾਹਿਬ ਗਏ। ਅਸੀਂ ਸੱਚੇ ਪਾਤਸ਼ਾਹ ਜੀ ਦੀ ਕੋਠੀ ਵਿੱਚ ਬਾਹਰ ਬਰਾਂਡੇ 'ਚ ਬੈਠੇ ਸਾਂ। ਸੱਚੇ ਪਾਤਸ਼ਾਹ ਜੀ ਆ ਕੇ ਕੁਰਸੀ ਤੇ ਬਿਰਾਜਮਾਨ ਹੋ ਗਏ ਅਤੇ ਆਉਂਦਿਆਂ ਹੀ ਫਰਮਾਇਆ, "ਬੀਬੀ ਨੇ ਹਫਤੇ ਦਸ ਦਿਨਾਂ ਤੱਕ ਚੜ੍ਹਾਈ ਕਰ ਜਾਣਾ ਹੈ।"

ਮੈਂ ਅਰਜ਼ ਕੀਤੀ, "ਸੱਚੇ ਪਾਤਸ਼ਾਹ ਉਹ ਇੱਥੇ ਵੀ ਆਪ ਜੀ ਦੇ ਚਰਨਾਂ ਵਿੱਚ ਹੈ ਅਤੇ ਓਥੇ ਵੀ, ਉਸਦਾ ਭਲਾ ਬੁਰਾ ਆਪ ਤੋਂ ਬਗੈਰ ਹੋਰ ਕੌਣ ਜਾਣ ਸਕਦਾ ਹੈ। ਆਹ 'ਲਾਲ ਏਹਿ ਰਤਨ' ਦਾ ਚੌਥਾ ਭਾਗ ਹੋਲੇ ਤੇ ਮੱਥਾ ਨਹੀਂ ਟੇਕ ਸਕਿਆ ਅਤੇ ਵਿਸਾਖੀ ਪਤਾ ਨਹੀਂ ਆਪ ਜੀ ਨੇ ਵਖਾਉਣੀ ਹੈ ਕਿ ਨਹੀਂ। ਸੋ ਮੈਥੋਂ ਹੁਣੇ ਹੀ ਮੱਥਾ ਟਿਕਵਾ ਲਵੋ।"


Namdhari Elibrary NamdhariElibrary@gmail.com

ਇਹ ਅਰਜ਼ ਕਰਕੇ ਮੈਂ 'ਲਾਲ ਏਹਿ ਰਤਨ' ਦਾ ਚੌਥਾ ਭਾਗ ਸਤਿਗੁਰੂ ਜੀ ਨੂੰ ਮੱਥਾ ਟੇਕ ਦਿੱਤਾ। ਸੱਚੇ ਪਾਤਸ਼ਾਹ ਜੀ ਉੱਥੋਂ ਉਠ ਕੇ ਅੰਦਰ ਗਏ ਤਾਂ ਮਾਤਾ ਜੀ ਨਾਲ ਬਚਨ ਕੀਤਾ ਕਿ ਬੀਬੀ ਬੇਅੰਤ ਕੌਰ ਬਹੁਤ ਬੀਮਾਰ ਹੈ, ਉਸ ਨੇ ਦਸਾਂ ਦਿਨਾਂ ਨੂੰ ਚੜ੍ਹਾਈ ਕਰ ਜਾਣਾ ਹੈ। ਸੇਵਕ ਹਰਪਾਲ ਸਿੰਘ ਇਸ ਵਾਰਤਾਲਾਪ ਦੇ ਵਕਤ ਉੱਥੇ ਹਾਜ਼ਰ ਸਨ। ਉਹਨਾਂ ਨੇ ਮੈਨੂੰ ਦੱਸਿਆ ਤਾਂ ਮੈਨੂੰ ਭਰੋਸਾ ਹੋ ਗਿਆ ਕਿ ਹੁਣ ਬਸ ਦਸ ਦਿਨਾਂ ਦੀ ਹੀ ਖੇਡ ਹੈ। ਠੀਕ ਉਸ ਤੋਂ ਦਸਵੇਂ ਦਿਨ ਹੀ ਚੜ੍ਹਾਈ ਕੀਤੀ।

ਇਸ ਦੌਰਾਨ ਸਤਿਗੁਰੂ ਜੀ ਨੇ ਮੈਨੂੰ ਹੁਕਮ ਕੀਤਾ ਹੋਇਆ ਸੀ ਕਿ ਮੈਂ ਹਰ ਰੋਜ਼ ਟੈਲੀਫੋਨ ਤੇ ਬੇਅੰਤ ਕੌਰ ਦੇ ਸਿਹਤ ਬਾਰੇ ਗੱਲ ਕਰਿਆ ਕਰਾਂ। ਸੋ ਹਰ ਰੋਜ਼ ਮੈਂ ਇੱਕ ਵਾਰ ਜ਼ਰੂਰ ਅਰਜ਼ ਕਰਦਾ ਸਾਂ ਅਤੇ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਉਹਨਾਂ ਦੇ ਪਵਿੱਤਰ ਬਚਨ ਸੁਣ ਕੇ ਮਨ ਨੂੰ ਸ਼ਾਂਤੀ ਮਿਲਦੀ ਸੀ ਅਤੇ ਉਹਨਾਂ ਦੇ ਭਾਣੇ ਨੂੰ ਮੰਨਣ ਦਾ ਬਲ ਵੀ ਮਿਲਦਾ ਸੀ। ਹਰ ਰੋਜ਼ ਕੋਈ ਨਵਾਂ ਬਚਨ ਹੁੰਦਾ ਸੀ, ਮਨੁੱਖੀ ਜੀਵਨ ਦੀਆਂ ਨਵੀਆਂ ਨਵੀਆਂ ਗੁੰਝਲਾਂ ਦਾ ਗਿਆਨ ਮਿਲਦਾ ਸੀ। ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਹੀ ਇਹ ਸਮਾਂ ਨਿਕਲ ਸਕਿਆ ਸੀ।

ਸਤਿਗੁਰੂ ਸਿੱਖ ਦੀ ਹਰ ਪ੍ਰਕਾਰ ਨਾਲ ਸੰਭਾਲ ਕਰਦੇ ਹਨ, ਹਰ ਔਖੇ ਸੌਖੇ ਸਮੇਂ ਵਿੱਚ ਉਸਨੂੰ ਸੇਧ ਪ੍ਰਦਾਨ ਕਰਦੇ ਹਨ। ਸਤਿਗੁਰੂ ਸਰਬ ਕਲਾ ਸਮਰੱਥ ਹੈ, ਜੀਵ ਦੀ ਜ਼ਿੰਦਗੀ ਅਤੇ ਮੌਤ ਵੀ ਉਹਨਾਂ ਦੇ ਹੱਥ ਵਿੱਚ ਹੀ ਹੈ। ਇਸ ਤਰ੍ਹਾਂ 'ਲਾਲ ਏਹਿ ਰਤਨ' ਦਾ ਚੌਥਾ ਭਾਗ ੧੪-੪-੨੦੦੩ ਵਿਸਾਖੀ ਵਾਲੇ ਦਿਨ ਮੇਰੇ ਛੋਟੇ ਭਰਾ ਡਾ. ਰਾਜਿੰਦਰ ਸਿੰਘ ਨੇ ਸਤਿਗੁਰੂ ਜੀ ਨੂੰ ਮੱਥਾ ਟੇਕਿਆ। ਸਤਿਗੁਰੂ ਜੀ ਨੇ ਇਸ ਦਾ ਵਿਮੋਚਨ ਕੀਤਾ। ਸੇਵਕ ਹਰਪਾਲ ਸਿੰਘ ਨੇ ਸਾਰੀ ਸਾਧ ਸੰਗਤ ਨੂੰ ਦੱਸਿਆ ਕਿ ਬੀਬੀ ਸਖ਼ਤ ਬਿਮਾਰ ਹੋਣ ਕਰਕੇ ਖ਼ੁਦ ਨਹੀਂ ਆ ਸਕੀ, ਸਾਧ ਸੰਗਤ ਅਰਦਾਸ ਕਰੇ ਕਿ ਉਸਦੇ ਕਸ਼ਟ ਦੀ ਨਵਿਰਤੀ ਹੋਵੇ।

ਹੁਣ ਪੰਜਵੇਂ ਦਾ ਕੰਮ ਮੈਨੂੰ ਇਕੱਲੇ ਨੂੰ ਹੀ ਕਰਨਾ ਪਿਆ। ਮੈਨੂੰ ਸ਼ੱਕ ਪੈਂਦਾ ਸੀ ਕਿ ਕੁਝ ਉਪਦੇਸ਼ ਐਸੇ ਹਨ ਜੋ ਸਾਨੂੰ ਹਾਲੀ ਤੱਕ ਨਹੀਂ ਮਿਲੇ। ਏਨੇ ਚਿਰ ਨੂੰ ਰਾਗੀ ਉਸਤਾਦ ਹਰਭਜਨ ਸਿੰਘ ਇੱਕ ਟੇਪ ਇੰਗਲੈਂਡ ਤੋਂ ਲੈ ਕੇ ਆਏ। ਉਸ ਵਿੱਚ ਮੈਨੂੰ ਇੱਕ ਨਵਾਂ ਉਪਦੇਸ਼ ਮਿਲ ਗਿਆ ਜਿਸ ਨੇ ਮੇਰੇ ਸ਼ੱਕ ਨੂੰ ਹੋਰ ਪੱਕਿਆਂ ਕਰ ਦਿੱਤਾ। ਮੈਂ ਇੰਗਲੈਂਡ ਬੀਬੀ ਕੁਲਵੰਤ ਕੌਰ ਨੂੰ ਟੈਲੀਫੋਨ ਕੀਤਾ ਕਿ ਇੰਗਲੈਂਡ ਵਾਲਿਆਂ ਨੇ ਜਿਹੜੀਆਂ ਉਪਦੇਸ਼ਾਂ ਦੀਆਂ ਸੀ. ਡੀ. ਬਣਾਈਆਂ ਹਨ ਉਹ ਖਰੀਦ ਕੇ ਮੈਨੂੰ ਭੇਜੇ। ਉਸ ਨੇ ਸੰਤ ਕਿਰਪਾਲ ਸਿੰਘ ਜੀ ਚਾਨਾ ਕੋਲੋਂ ੩੦ ਸੀ.ਡੀ. ਖਰੀਦ ਕੇ ਮੈਨੂੰ ਭਿਜਵਾਈਆਂ। ਉਹਨਾਂ ਵਿੱਚ ਬਹੁਤ ਸਾਰੇ ਨਵੇਂ ਉਪਦੇਸ਼ ਮਿਲੇ। ਇਹਨਾਂ ਤੇ ਫਿਰ ਉਹ ਸਾਰਾ ਕੰਮ ਕਰਨਾ ਪਿਆ ਜਿਹਾ ਕਿ– ਪਹਿਲਾਂ ਸੁਣ ਕੇ ਲਿਖਣਾਂ ਅਤੇ ਫਿਰ ਟਾਈਪ ਕਰਨਾ, ਵਿਰਾਮ ਚਿੰਨ ਲਗਾਉਣੇ, ਟਿਪਣੀਆਂ ਲਗਾਉਣੀਆਂ ਆਦਿ। ਫ਼ੇਰ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਬਖ਼ਸ਼ਿਸ਼ ਦੁਆਰਾ ਇਹ ਕੰਮ ਹੁਣ ਸੰਪੂਰਨ ਹੋ ਗਿਆ ਹੈ, ਅਤੇ 'ਲਾਲ ਏਹਿ ਰਤਨ' ਦੇ ਪੰਜਵੇਂ ਅਤੇ ਆਖਰੀ ਭਾਗ ਦਾ ਵਿਮੋਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਸਾਖੀ ਦੇ ਮੇਲੇ ਤੇ ੧੩-੪-੨੦੦੫ ਨੂੰ ਕਰ ਦਿੱਤਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਹਨਾਂ ਉਪਦੇਸ਼ਾਂ ਦਾ ਕੰਮ ਜੋ ਸਤਿਗੁਰੂ ਜਗਜੀਤ ਸਿੰਘ ਨੇ ਸੰਨ ੧੯੭੫ ਵਿੱਚ ਸ਼ੁਰੂ ਕੀਤੀ ਸੀ ਆਖੀਰ ਉਹਨਾਂ ਦੀ ਬਖ਼ਸ਼ਿਸ਼ ਨਾਲ ੩੦ ਸਾਲ ਬਾਅਦ ੨੦੦੫ ਵਿੱਚ ਪੂਰਾ ਹੋ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦਾ ਸੰਗ੍ਰਹਿ ਕਰ ਕੇ ਆਦਿ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਗੁਰਬਾਣੀ ਨੂੰ ਸੁਰੱਖਿਅਤ ਕਰ ਦਿੱਤਾ ਜਿਸ ਕਰ ਕੇ ਉਹ ਅੱਜ ਵੀ ਸਾਧ ਸੰਗਤ ਕੋਲ ਮੂਲ ਰੂਪ ਵਿੱਚ ਪ੍ਰਾਪਤ ਹੈ। ਇਹ ਇੱਕ ਬਹੁਤ ਹੀ ਮਹਾਨ ਕਾਰਜ ਸੀ। ਇਸੇ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਸਨਾ ਤੋਂ ਉਚਾਰੇ ਹੋਏ ਉਪਦੇਸ਼ ਦਾ ਸੰਗ੍ਰਹਿ 'ਲਾਲ ਏਹਿ ਰਤਨ' ਪੁਸਤਕਾਂ ਦੇ ਰੂਪ ਸੁਰੱਖਿਅਤ ਕਰ ਦਿੱਤਾ ਹੈ, ਜੋ ਆਉਣ ਵਾਲੀ ਪੀੜ੍ਹੀ ਲਈ ਇੱਕ ਵਡਮੁੱਲਾ ਖ਼ਜਾਨਾ ਅਤੇ ਚਾਨਣ ਮੁਨਾਰਾ ਬਣ ਕੇ ਉਹਨਾਂ ਨੂੰ ਸੱਚਾ ਸੁੱਚਾ ਗੁਰਸਿੱਖੀ ਜੀਵਨ ਜੀਊਣ ਦਾ ਪੱਥ ਪ੍ਰਦਰਸ਼ਨ ਕਰਦੇ ਰਹਿਣਗੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਤੇ ਅਮੁਲੀਕ ਹਨ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਅਕਤੀਗਤ ਪ੍ਰੀਸ਼ਰਮ ਨੇ ਅਤੇ ਆਪਣੇ ਸੇਵਕਾਂ ਤੇ ਕਿਰਪਾ ਨੇ ਇਹਨਾਂ ਨੂੰ ਹੋਰ ਵੀ ਅਮੁਲੀਕ ਬਣਾ ਦਿੱਤਾ ਹੈ। ਐਸੀ ਅਮੋਲਕ ਵਸਤੂ ਦੀ ਕਦਰ ਕਰਨਾ ਹਰ ਇੱਕ ਸਿੱਖ ਦਾ ਧਰਮ ਬਣ ਜਾਂਦਾ ਹੈ। ਇਸ ਦਾ ਦੇਣ ਤੇ ਨਹੀਂ ਦਿੱਤਾ ਜਾ ਸਕਦਾ ਪਰ ਜੇਕਰ ਅਸੀਂ ਇਹਨਾਂ ਪੁਸਤਕਾਂ ਨੂੰ ਆਪਣੇ ਘਰਾਂ ਵਿੱਚ ਸਤਿਕਾਰ ਯੋਗ ਥਾਂ ਦੇ ਕੇ ਇਹਨਾਂ ਦਾ ਪਾਠ ਨਿਤ ਕਰਮ ਅਨੁਸਾਰ ਕਰੀਏ ਤਾਂ ਸਾਡੀਆਂ ਅਨੇਕਾਂ ਹੀ ਔਕੜਾਂ ਅਤੇ ਸਮੱਸਿਆਵਾਂ ਹੱਲ ਜ਼ਰੂਰ ਹੋ ਜਾਣਗੀਆਂ ਅਤੇ ਸਾਨੂੰ ਜੀਵਨ ਸਫਲ ਕਰਨ ਦੀ ਜਾਚ ਆ ਜਾਵੇਗੀ।



Namdhari Elibrary NamdhariElibrary@gmail.com

# "ਨਾਮਧਾਰੀ ਇਤਿਹਾਸ—ਸੰਖੇਪ" ਦੀ ਸੰਖੇਪ ਗਲ

ਇਹ ਸੰਖੇਪ ਇਤਿਹਾਸ ਦੀ ਪੁਸਤਕ ਪ੍ਰਸਿਧ ਲੇਖਕ ਪ੍ਰੋ. ਤਾਰਾ ਸਿੰਘ ਅਨਜਾਣ ਦੀ ਲਿਖੀ ਹੈ। ਸੰਖੇਪ ਏਨੀ ਕਿ ਕੁਲ ੯੮ ਪੰਨਿਆ ਤੇ ਆ ਗਈ ਹੈ। ਪ੍ਰੋ. ਤਾਰਾ ਸਿੰਘ ਅਨਜਾਣ ਕਿਸੇ ਤੁਆਰਫ਼ ਦੇ ਮੁਹਤਾਜ ਨਹੀਂ। ਜੀਵਨ ਦਾ ਲੰਬਾ ਸਮਾਂ ਉਹਨਾਂ ਦਿੱਲੀ ਵਿਚ ਪੰਜਾਬੀ ਅਧਿਆਪਣ ਅਤੇ ਪੰਜਾਬੀ ਭਾਸ਼ਾ ਨੂੰ ਢੁਕਵੀਂ ਥਾਂ ਦਿਵਾਉਣ ਦੇ ਸੰਘਰਸ਼ ਵਿਚ ਲਾਇਆ ਹੈ। ਕਾਫੀ ਸਮੇਂ ਤੋਂ ਨਾਮਧਾਰੀ ਦਰਬਾਰ ਦੇ ਆਫੀਸ਼ਲ ਅਖਬਾਰ ਸਪਤਾਹਕ ਸਤਿਜੁਗ ਦੀ ਸੰਪਾਦਨਾ ਦੀ ਸੇਵਾ ਵਿਚ ਸ. ਹਰਵਿੰਦਰ ਸਿੰਘ ਹੰਸਪਾਲ ਦਾ ਹੱਥ ਵਟਾ ਰਹੇ ਹਨ। ੮ ਮੌਲਿਕ ਰਚਨਾਵਾਂ, ੭ ਸਹਿ ਸੰਪਾਦਨਾਵਾਂ, ੩ ਸੰਪਾਦਨਾਵਾਂ, ਹਿੰਦੀ ਪੰਜਾਬੀ ਦੇ ਅਨੁਵਾਦਾਂ ਨੂੰ ਰਲਾ ਕੇ ਸਕੂਲਾਂ ਦੀਆਂ ਪਾਠ ਪੁਸਤਕਾਂ ਸਮੇਤ ਕੋਈ ਵੀਹ ਪੁਸਤਕਾਂ ਇਸ ਚਰਚਾ ਅਧੀਨ ਪੁਸਤਕ ਤੋਂ ਇਲਾਵਾ ਵੀ ਆਪ ਦੀ ਕਲਮ 'ਚੋਂ ਨਿਕਲੀਆਂ ਹਨ।

ਹਥਲੀ ਪੁਸਤਕ ਨੂੰ ਗਿਆਰਾਂ ਖੰਡਾਂ ਵਿਚ ਵੰਡਿਆ ਗਿਆ ਹੈ ਜਿਹਨਾਂ ਦੇ ਸਿਰਲੇਖ ਹਨ— ੧. ਗੁਰੂ-ਸਿੱਖ ਪਰੰਪਰਾ, ੨. ਸੁਤੰਤਰਤਾ ਲਈ ਪਹਿਲ ਕਦਮੀ, ੩. ਜਥੇਬੰਦੀ ਦੇ ਵਧਦੇ ਕਦਮ, ੪. ਹਕੂਮਤ ਨੂੰ ਕਾਲ ਵਰਗਾ ਭੈਅ, ੫. ਸਖਤੀਆਂ ਦਾ ਝੱਖੜ, ੬. ਗੁਲਾਮੀ ਦੇ ਅੰਧਕਾਰ ਵਿਰੁੱਧ ਲੋਅ, ੭. ਸੁਤੰਤਰਤਾ ਲਈ ਸਾਥ ਸਾਥ, ੮. ਮੁੜ ਵਸੇਬਾ ਅਤੇ ਸਮਾਜ ਉਸਾਰੀ, ੯. ਸੰਗਠਨ ਤੇ ਪ੍ਰਸਾਰ, ੧੦. ਉਡਾਣਾਂ ਹੋਰ ਉਚੇਰੀਆਂ ਅਤੇ ੧੧. ਨਾਮਧਾਰੀ ਸਿਧਾਂਤਾਂ ਦੀ ਪਰਸੰਗਤਾ। ਇਹਨਾਂ ਸਿਰਲੇਖਾਂ ਵਿਚ ਹੀ ਬਹੁਤ ਜੁਗਤ ਨਾਲ ਬਹੁਤ ਸੰਜਮ ਨਾਲ ਸ਼ੁਰੂ ਤੋਂ ਲੈ ਕੇ ਅੱਜ ਤਕ ਦੇ ਨਾਮਧਾਰੀ ਇਤਿਹਾਸ ਨੂੰ ਸੰਜੋਇਆ ਗਿਆ ਹੈ। ਸ਼ਬਦਾਂ ਦੇ ਵਰਤਣ ਵਿਚ ਤਾਂ ਸੰਜਮ ਵਰਤਿਆ ਗਿਆ ਹੈ, ਪਰ ਯੋਗ ਥਾਵਾਂ ਤੇ ਟੂਕਾਂ ਅਤੇ ਹਵਾਲੇ ਦੇਣ ਲਗਿਆਂ ਸ਼ੂਮਪੁਣਾ ਨਹੀਂ ਵਰਤਿਆ। ਸਾਹਿਤ ਅਤੇ ਇਤਿਹਾਸ ਦੇ ਕਰਮੱਠ ਪਾਠਕ ਤਾਂ ਵਿਸਥਾਰ ਨਾਲ ਹਰ ਗੱਲ ਜਾਨਣ ਦੇ ਉਤਸਕ ਹੁੰਦੇ ਹਨ, ਪਰ ਆਮ ਸਾਧਾਰਨ ਪਾਠਕ ਥੋਹੜੇ ਸਮੇਂ ਵਿਚ ਬਹੁਤ ਕੁਝ ਜਾਨਣਾ ਚਾਹੁੰਦਾ ਹੈ। ਅੱਜ ਦੀ ਭੱਜ ਨੱਠ ਦੀ ਜ਼ਿੰਦਗੀ ਅਤੇ ਪਰਚਾਰ ਪਰਸਾਰ ਸਾਧਨਾਂ ਦੀ ਭਰਮਾਰ ਵਿਚੋਂ ਪੁਸਤਕ ਪੜ੍ਹਨ ਦਾ ਵਕਤ ਹੀ ਉਹ ਕਦੋਂ ਕੱਢਦਾ ਹੈ ਅਤੇ ਇਸੇ ਲੋੜ ਵਿਚੋਂ ਹੀ ਇਸ ਪੁਸਤਕ ਦਾ ਜਨਮ ਹੋਇਆ ਜਾਪਦਾ ਹੈ। ਅਨਜਾਣ ਜੀ ਦੇ ਸਤਿਜੁਗ ਨੂੰ ਸੰਪਾਦਤ ਕਰਨ ਦੇ ਲੰਮੇ ਤਜਰਬੇ ਨੇ ਇਸ ਪੁਸਤਕ ਦੇ ਰੂਪਮਾਨ ਹੋਣ ਵਿਚ ਬਹੁਤ ਸਹਾਇਤਾ ਕੀਤੀ ਹੈ। ਬਹੁਤ ਕੁਝ ਹੈ ਇਸ ਪੁਸਤਕ ਵਿਚ ਬਹੁਤ ਸਾਰੀਆਂ ਪੁਸਤਕਾਂ, ਇਤਿਹਾਸਾਂ, ਪਰਚਿਆਂ ਦਾ ਨਿਚੋੜ ਮਿਲਦਾ ਹੈ। ਇਡੇ ਵਿਸਥਾਰ ਵਾਲੇ ਇਤਿਹਾਸ ਅਤੇ ਪਰਸੰਗਾਂ ਨੂੰ ਇਕ ਬਾਰੀਕ ਸੂਤਰ ਵਿਚ ਪਰੋਣਾ ਹੀ ਲੇਖਕ ਦਾ ਕਮਾਲ ਹੈ। ਇਹ ਪੁਸਤਕ ਨਾਮਧਾਰੀ ਦਰਬਾਰ ਨੇ ਛਾਪੀ ਹੈ। ਬਹੁਤ ਵਧੀਆ ਮਹਿੰਗਾ ਕਾਗਜ਼, ਚਾਰ ਕੁ ਰੰਗਦਾਰ ਤਸਵੀਰਾਂ ਆਰਟ ਪੇਪਰ ਉਤੇ ਅਤੇ ਬਹੁਤ ਸੁੰਦਰ ਪੱਕੀ ਪੀਡੀ ਮਜ਼ਬੂਤ ਜਿਲਦਬੰਦੀ ਅਤੇ ਛੱਪਿਆ ਮੁਲ ੪੦/- ਰੁਪਏ ਲਗਦਾ ਹੈ ਮੁਫਤ ਹੀ ਹੈ ਇਹ ਪੁਸਤਕ। ਪੰਥ ਦੇ ਰਹਿਬਰ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਮਰਪਿਤ ਇਹ ਨਾਮਧਾਰੀ ਇਤਿਹਾਸ ਦੀ ਜਾਣਕਾਰੀ ਪੁਸਤਕ ਲਿਖਣ ਨਾਲ ਪ੍ਰੋ. ਤਾਰਾ ਸਿੰਘ ਅਨਜਾਣ ਦਾ ਕੱਦ ਬੁੱਤ ਹੋਰ ਉਚੇਰਾ ਹੋਇਆ ਹੈ। ਉਹ ਵਧਾਈ ਅਤੇ ਸ਼ਾਬਾਸ਼ ਦੇ ਪਾਤਰ ਹਨ। ਹਰ ਘਰ ਦਾ ਸ਼ਿੰਗਾਰ ਹੋਣੀ ਚਾਹੀਦੀ ਹੈ ਇਹ ਤੋਹਫਾ ਪੁਸਤਕ। ਪੁਸਤਕ ਮਿਲਣ ਵਾਸਤੇ ਸਤਿਜੁਗ ਪੁਸਤਕ ਸਟੋਰ ਸ੍ਰੀ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਜਾਂ ਦਫਤਰ ਸਤਿਜੁਗ ਨਾਮਧਾਰੀ ਗੁਰਦੁਆਰਾ, ਨਾਮਧਾਰੀ ਕਾਲੋਨੀ, ਰਮੇਸ਼ ਨਗਰ ਨਵੀਂ ਦਿੱਲੀ ੧੧੦੦੧੫ ਨਾਲ ਸੰਪਰਕ ਕੀਤਾ ਜਾਵੇ।

—ਜਗਦੀਸ਼ ਸਿੰਘ

## ਪ੍ਰੋ. ਤਾਰਾ ਸਿੰਘ ਅਨਜਾਣ : ਪ੍ਰਕਾਸ਼ਨਾਵਾਂ, ਯਾਤਰਾਵਾਂ ਤੇ ਮਾਨ ਸਨਮਾਨ

**ਮੌਲਿਕ ਰਚਨਾਵਾਂ :**

- ਸਭਨ ਕੇ ਸਿਰਮੌਰ (ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਜੀਵਨੀ
- ਸਾਹਿਬ ਗੁਣੀ ਗਹੇਰਾ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) ਜੀਵਨੀ
- ਸ਼ਹੀਦ ਬਾਬਾ ਲਹਿਣਾ ਸਿੰਘ (ਜੀਵਨੀ)
- ਸੇਵਕ ਸੱਚੇ ਸਾਹ ਕੇ (ਵਿਅਕਤੀ-ਚਿੱਤਰ)
- ਆਪਣੇ ਰੂ-ਬਰੂ (ਨਿਬੰਧ ਸੰਗ੍ਰਹਿ)
- ਅਸਾਂ ਕੀ ਖੱਟਿਆ (ਨਿਬੰਧ ਸੰਗ੍ਰਹਿ)



Namdhari Elibrary NamdhariElibrary@gmail.com

* ਅੰਧੇਰੈ ਦੀਪਕ ਬਾਲੀਐ (ਨਿਬੰਧ ਸੰਗ੍ਰਹਿ)
* ਵਾਰ ਸ੍ਰੀ ਭਗਉਤੀ ਜੀ ਕੀ (ਇੱਕ ਅਧਿਐਨ)
* ਨਾਮਧਾਰੀ ਇਤਿਹਾਸ (ਸੰਖੇਪ)

ਸਹਿ-ਸੰਪਾਦਨਾਵਾਂ

* ਕਥਾ-ਕਹਾਣੀ
* ਬਡ ਪਰਤਾਪੁ ਸੁਨਿਓ ਪ੍ਰਭੂ ਤੁਮਰੋ
* ਵਡ ਪਰਤਾਪੁ ਅਚਰਜ-ਰੂਪ
* ਪਰਤਾਪ ਸਦਾ ਗੁਰ ਕਾ ਘਟਿ ਘਟਿ
* ਪੰਜਾਬੀ ਪਾਠ ਪੁਸਤਕ (ਭਾਗ-੧)
* ਸਾਹਿਤ-ਦੀਪਿਕਾ (ਭਾਗ-੧ ਅਤੇ ੨)
* ਗਿਆਨ ਰਿਸ਼ਮਾਂ (ਭਾਗ ੧ ਤੋਂ ੫)

ਸੰਪਾਦਨਾਵਾਂ

* ਪੰਜਾਬੀ ਪਾਠ ਪੁਸਤਕ (ਭਾਗ-੨)
* ਪੰਜਾਬੀ ਪਾਠ ਪੁਸਤਕ (ਭਾਗ-੩)
* ਰਾਮ ਵਿਯੋਗੀਆਂ ਦੇ ਬਾਰਾਮਾਹ

ਅਨੁਵਾਦ

* ਸਾਡੇ ਲਾਭਦਾਇਕ ਬੂਟੇ

ਹਿੰਦੀ

* बाबा लहना सिंह शहीद

ਵਿਦੇਸ਼ ਯਾਤਰਾਵਾਂ

* ਨੇਪਾਲ, ਥਾਈਲੈਂਡ, ਯੂ.ਐਸ.ਏ., ਕਨੇਡਾ, ਯੂ.ਕੇ., ਦੱਖਣੀ ਅਫਰੀਕਾ, ਕੀਨੀਆ, ਤਨਜ਼ਾਨੀਆ, ਮਯਾਂਮਾਰ

ਸਨਮਾਨ

੧੯੮੨—ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ, ਸੇਵਾ ਸਨਮਾਨ

੧੯੯੦—ਪੰਜਾਬੀ ਅਕਾਦਮੀ ਦਿੱਲੀ ਵੱਲੋਂ ਪੰਜਾਬੀ ਭਾਸ਼ਾ ਸੇਵਾ ਸਨਮਾਨ

੧੯੯੭—ਆਚਾਰੀਆ ਸ੍ਰੀ ਪਦਮ ਸਾਗਰ ਸੂਰੀ ਚਤੁਰਮਾਸ ਸਮਿਤੀ ਦਿੱਲੀ

੨੦੦੩—ਮਾਸਟਰ ਨਿਹਾਲ ਸਿੰਘ ਯਾਦਗਾਰੀ ਸਨਮਾਨ

੨੦੦੪—ਵੂਲਵਰਹੈਂਪਟਨ ਇੰਟਰਫੇਥ ਗਰੁਪ ਯੂ.ਕੇ. ਵਲੋਂ ਸਨਮਾਨ

# ਤੁਸੀਂ ਕੀ ਚਾਹੁੰਦੇ ਹੋ

ਵਰਿਆਮ ਦੇਸ਼ ਵਿਦੇਸ਼ ਵਿਚ ਜਾ ਰਿਹਾ ਹੈ। ਟੈਲੀਫੋਨਾਂ ਜਾਂ ਜ਼ਾਤੀ ਮੁਲਾਕਾਤਾਂ ਸਮੇਂ ਸਾਡੇ ਪਾਠਕ ਜਿਆਦਾ ਤਰ ਸਿਫਤਾਂ ਹੀ ਕਰਦੇ ਹਨ। ਕੁਝ ਕੁ ਪਾਠਕ ਪਰਚਾ ਨਾ ਮਿਲਣ ਜਾਂ ਲੇਟ ਪੁਜਣ ਦੀ ਗਲ ਵੀ ਕਰਦੇ ਹਨ।

ਅਸੀਂ ਚਾਹੁੰਦੇ ਹਾਂ ਕਿ ਪਾਠਕ ਸਜਨ ਵਰਿਆਮ ਵਿਚ ਛਪਦੇ ਲੇਖਾਂ ਖਬਰਾਂ ਅਤੇ ਲੇਖਕਾਂ ਦੇ ਵਿਚਾਰਾਂ ਬਾਰੇ ਖੁਲ ਕੇ ਟਿਪਣੀ ਕਰਿਆ ਕਰਨ। ਇਸ ਦੀ ਪ੍ਰਸੰਸਾ ਹੀ ਨਹੀਂ ਤਰੁਟੀਆਂ ਬਾਰੇ ਵੀ ਆਪਣੇ ਵਿਚਾਰ ਲਿਖਿਆ ਕਰਨ। ਆਪਣੇ ਸੁਝਾਅ ਵੀ ਨਿਸੰਗ ਭੇਜਿਆ ਕਰਨ। ਇਸ ਨਾਲ ਵਰਿਆਮ ਦੀ ਵਸਤੂ ਸਾਮੱਗਰੀ ਹੋਰ ਬੇਹਤਰ ਬਨਾਉਣ ਵਿਚ ਸਾਨੂੰ ਮਦਦ ਮਿਲੇਗੀ ਅਤੇ ਲੇਖਕ ਨੂੰ ਵੀ ਮਾਰਗ ਦਰਸ਼ਨ ਪ੍ਰਾਪਤ ਹੋਵੇਗਾ। ਲੇਖਕ ਨੂੰ ਜਸ-ਅਪਜਸ ਦਾ ਪਤਾ ਲਗੇਗਾ ਅਤੇ ਪਰਬੰਧਕਾਂ ਨੂੰ ਵੀ।

ਪਰਚਾ ਚਲਾਉਣ ਲਈ ਬਹੁਤ ਸਾਰੇ ਦਬਾਵਾਂ ਤਨਾਵਾਂ ਵਿਚੋਂ ਲੰਘਣਾ ਪੈਂਦਾ ਹੈ। ਜਿਹੜਾ ਪਰਚਾ ਤਿਆਰ ਹੋ ਕੇ ਹਰ ਮਹੀਨੇ ਤੁਹਾਡੇ ਕੋਲ ਪੁਜਦਾ ਹੈ ਇਸ ਦੇ ਪਿੱਛੇ ਬਹੁਤ ਸਾਰਾ ਉੱਦਮ ਅਤੇ ਸੰਘਰਸ਼ ਹੁੰਦਾ ਹੈ। ਜੇ ਤਨਾਵਾਂ ਦੀ ਗਲ ਕਰੀਏ ਤਾਂ ਇਹ ਸਦਾ ਲਈ ਕਾਇਮ ਹੈ। ਏਸੇ ਵੇਲੇ ਡਾਕ ਦਾ ਮਹਿਕਮਾ ਸਾਰੇ ਪਾਠਕਾਂ ਦੇ ਐਡਰੈਸ ਅਤੇ ਪਤੇ ਸਮੇਤ ਟੈਲੀਫੋਨ ਨੰਬਰ ਮੰਗ ਰਿਹਾ ਹੈ। ਸਾਡੇ ਵਰਗੇ ਛੋਟੇ ਪਰਚੇ ਜਿਹਨਾਂ ਦਾ ਸਾਰਾ ਕੰਮ ਸੰਪਾਦਕ ਨੂੰ ਕਰਨਾ ਪੈਂਦਾ ਹੈ ਇਹੋ ਜਿਹੇ ਦਫਤਰੀ ਕੰਮਾਂ ਵਾਸਤੇ ਆਪ ਵਕਤ ਨਹੀਂ ਕਢ ਸਕਦੇ ਅਤੇ ਵਖਰਾ ਬੰਦਾ ਰਖਣਾ ਵਿਤੋਂ ਬਾਹਰ ਹੁੰਦਾ ਹੈ। ਇਹ ਇਕ ਮਿਸਾਲ ਦਿਤੀ ਹੈ।

ਜਿਹੜੇ ਸਜਨ ਦਾ ਚੰਦਾ ਪੂਰਾ ਹੋ ਜਾਂਦਾ ਹੈ ਅਸੀਂ ਉਸ ਨੂੰ ਪਰਚਾ ਓਨਾ ਚਿਰ ਭੇਜਦੇ ਰਹਿੰਦੇ ਹਾਂ ਜਿਨਾਂ ਸਮਾਂ ਅਸੀ ਲਿਖਤੀ ਸੂਚਨਾ ਨਹੀਂ ਭੇਜਦੇ। ਕਿਉਂਕਿ ਇਹ ਸਾਡੀ ਆਪਣੀ ਕੁਤਾਹੀ ਹੁੰਦੀ ਹੈ ਇਸ ਵਾਸਤੇ ਬਹੁਤ ਦੇਰ ਤਕ ਪਰਚਾ ਜਾਂਦਾ ਰਹਿੰਦਾ ਹੈ। ਪਿਆਰੇ ਪਾਠਕੋ ਤੁਹਾਨੂੰ ਪਤਾ ਤਾਂ ਹੁੰਦਾ ਹੀ ਹੈ। ਤੁਸੀਂ ਵੇਲੇ ਸਿਰ ਜਾਂ ਵੇਲੇ ਤੋਂ ਪਹਿਲਾਂ ਆਪਣੇ ਚੰਦੇ ਭੇਜ ਦਿਆ ਕਰੋ। ਖਾਸ ਕਰ ਕੇ ਵਿਦੇਸ਼ਾਂ ਦਾ ਹਿਸਾਬ ਕਿਤਾਬ ਵਿਤੋਂ ਬਾਹਰਾ ਹੋ ਜਾਂਦਾ ਹੈ। ਤੁਹਾਡੇ ਵਲੋਂ ਥੋਹੜਾ ਖਿਆਲ ਰਖਣ ਨਾਲ ਵਰਿਆਮ ਦੀ ਬਹੁਤ ਮਦਦ ਹੋ ਸਕਦੀ ਹੈ।

ਆਪਣੇ ਵਿਚਾਰ ਜ਼ਰੂਰ ਲਿਖ ਕੇ ਭੇਜਦੇ ਰਹੋ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

OSTER®

REGD. TRADE MARK No. 491851

CARDIGANS • PULLOVERS

TITLIS
(U.K.)

LUXURY SHAWLS • BLANKETS

BED SHEETS • BED LINEN

TEL : + 91 161 2494123, 2496056, 2493689, 5087501-02-03.
FAX:+ 91 161 2494131, 2500732
E-MAIL:jawsons@sify.com osterldh@satyam.net.in
Web site.www.osterindia.com

Namdhari Elibrary NamdhariElibrary@gmail.com

# ਡਾ. ਜਾਗੀਰ ਸਿੰਘ ਦੀ ਪੁਸਤਕ "ਕਾਵਿ ਅਤੇ ਸੰਗੀਤ" ਗੁਰਬਾਣੀ ਪਰਿਪੇਖ

ਡਾ. ਜਾਗੀਰ ਸਿੰਘ ਦੀ ਇਕ ਬਹੁ ਮੁਲੀ ਪੁਸਤਕ ਛੱਪੀ ਹੈ "ਕਾਵਿ ਅਤੇ ਸੰਗੀਤ ਗੁਰਬਾਨੀ ਪਰਿਪੇਖ" ਅਸੀਂ ਇਹ ਪੁਸਤਕ ਪੜ੍ਹੀ ਹੈ ਅਤੇ ਇਹ ਅਨੁਭਵ ਕੀਤਾ ਹੈ ਕਿ ਇਸ ਪੁਸਤਕ ਬਾਰੇ ਗੱਲ ਕਰਨ ਵਾਸਤੇ ਇਸ ਨੂੰ ਬਾਰ-ਬਾਰ ਪੜ੍ਹਣਾ ਅਤਿ ਜ਼ਰੂਰੀ ਹੈ। ਕਾਵਿ ਅਤੇ ਸੰਗੀਤ ਦੋ ਅਜਿਹੇ ਵਿਸ਼ੇ ਹਨ ਜਿਨ੍ਹਾਂ ਦਾ ਬਹੁਤ ਵੱਡਾ ਪਾਸਾਰ ਹੈ। ਨਾ ਇਹਨਾਂ ਦੇ ਆਦਿ ਦੀ ਥਾਹ ਪਾ ਸਕਣਾ ਅਤੇ ਨਾ ਅੰਤ ਲਭਣਾ ਸੰਭਵ ਹੈ। ਅਤੇ ਗੁਰਬਾਣੀ ਵੀ ਜੁਗਾਂ ਜੁਗਾਂ ਦਾ ਅਧਿਆਤਮ, ਦਰਸ਼ਨ, ਇਤਿਹਾਸ, ਚਿੰਤਨ, ਗਿਆਨ, ਵਿਗਿਆਨ ਸਭਿਆਚਾਰ, ਵਿਚਾਰ ਪਰਵਾਹ ਵੀ ਆਪਣੀ ਬੁਕਲ ਵਿਚ ਸੁਰੱਖਿਅਤ ਸਾਂਭ ਕੇ ਬੈਠੀ ਹੈ। ਇਹਨਾਂ ਤਿੰਨਾਂ ਵਿਸ਼ਿਆਂ ਦਾ ਅਡਰੋ ਅਡਰਾ ਸਰੂਪ ਇਤਿਹਾਸ, ਗਿਆਨ ਅਤੇ ਵਿਆਖਿਆ ਬ੍ਰਹਮੰਡੀ ਵਿਸਥਾਰ ਵਾਲਾ ਹੈ ਅਤੇ ਜੇ ਇਹਨਾਂ ਨੂੰ ਕਿਸੇ ਇਕ ਸੂਤਰ ਵਿਚ ਰੱਖ ਕੇ ਗੱਲ ਕਰਨੀ ਹੋਵੇ ਤਾਂ ਹੋਰ ਵੀ ਕਠਨ ਗੱਲ ਹੈ।



ਡਾ. ਜਾਗੀਰ ਸਿੰਘ ਸੰਗੀਤਕਾਰ ਵੀ ਹਨ, ਅਮਲੀ ਰੂਪ ਵਿਚ ਕੀਰਤਨ ਦੇ ਵੀ ਮਾਹਰ ਹਨ ਅਤੇ ਸਿੱਧ ਹਸਤ ਲੇਖਕ ਵੀ। ਉਹਨਾਂ ਨੇ ਆਪਣਾ ਜੀਵਨ ਸੰਗੀਤ ਦੇ ਵਿਸ਼ੇ ਦੀ ਖੋਜ ਅਤੇ ਅਧਿਅਨ ਤੇ ਲਾਇਆ ਹੈ। ਉਹਨਾਂ ਉਤਮ ਡਿਗਰੀਆਂ ਐਮ.ਏ. ਜਾਂ ਪੀ. ਐਚ.ਡੀ. ਵਾਸਤੇ ਵੀ ਸੰਗੀਤ ਵਿਸ਼ੇ ਨੂੰ ਪਰਮੁੱਖ ਰੱਖਿਆ। ਕੇਂਦਰੀ ਅਤੇ ਪੰਜਾਬ ਦੀਆਂ ਪ੍ਰਮੁੱਖ ਸੰਸਥਾਵਾਂ ਵੱਲੋਂ ਵਿਸ਼ੇਸ਼ ਮਾਣ ਸਨਮਾਨ ਪ੍ਰਾਪਤ ਕੀਤੇ। ਘਰ ਗ੍ਰਹਿਸਥੀ ਨੂੰ ਤੋਰੀ ਰੱਖਣ ਲਈ ਉਹਨਾਂ ਉੱਚ ਸਰਕਾਰੀ ਨੌਕਰੀ ਵੀ ਕੀਤੀ ਹੈ ਪਰ ਖੋਜ ਅਤੇ ਅਧਿਐਨ ਉਹਨਾਂ ਦਾ ਜਨੂੰਨ ਰਿਹਾ ਹੈ। ਅੱਜ ਕਲ ਦੇ ਜ਼ਮਾਨੇ ਵਿਚ ਪਾਵਨ ਕੀਰਤਨ ਵੀ ਬਾਜ਼ਾਰ ਦੀ ਚੀਜ਼ ਬਣ ਗਿਆ ਹੈ। ਇਕ ਇਸ਼ਤਿਹਾਰ ਵਾਂਗ ਕੀਰਤਨ ਵੀ ਟੀ. ਵੀ. ਚੈਨਲਾਂ ਅਤੇ ਵਪਾਰੀ ਰੁਚੀਆਂ ਦੇ ਢਹੇ ਚੜ੍ਹ ਕੇ ਉਚੇ ਸੰਘਾਸਣ ਤੋਂ ਤਿਲਕ ਤਿਲਕ ਕੇ ਸਰਲੀਕਰਣ ਦੀਆਂ ਨਿਵਾਣਾਂ ਵੱਲ ਪਹੁੰਚ ਰਿਹਾ ਹੈ। ਪਰ ਡਾ. ਜਗੀਰ ਸਿੰਘ ਉਹਨਾਂ ਲੋਕਾਂ ਵਿਚੋਂ ਹਨ ਜੋ ਕੀਰਤਨ ਅਤੇ ਰਾਗ ਦੀ ਸੁਧ ਅਤੇ ਸੁਭ ਟਕਸਾਲੀ ਪਰੰਪਰਾ ਨੂੰ ਸਮਰਪਤ ਹਨ ਭਾਵੇਂ ਬਹੁਤ ਦੁਨਿਆ ਦਾ ਰੁਝਾਨ ਸਹਲਤਾ ਵਲ ਜ਼ਿਆਦਾ ਹੋ ਰਿਹਾ ਹੈ। ਡਾ. ਜਾਗੀਰ ਸਿੰਘ ਆਪਣੀ ਕਿਰਤ ਕਮਾਈ ਵਿੱਚੋਂ ਇਕ ਮਾਸਕ ਪਰਚਾ 'ਅੰਮ੍ਰਿਤ ਕੀਰਤਨ' ਕਢਣ ਦੀ ਸੂਰਮਤਾਈ ਵੀ ਕਰ ਰਹੇ ਹਨ ਜੋ ਗੁਰਬਾਣੀ ਸੰਗੀਤ-ਕੀਰਤਨ ਨੂੰ ਸਮਰਪਿਤ ਹੈ। ਇਹ ਤੂਫਾਨ ਨਾਲ ਦੀਵੇ ਦੀ ਲੜਾਈ ਵਾਲੀ ਗੱਲ ਹੈ। ਇਸ ਦੇ ਇਲਾਵਾ ਗੁਰਬਾਣੀ ਸੰਗੀਤ ਦੇ ਖੇਤਰ ਵਿਚ ਡਾ. ਜਾਗੀਰ ਸਿੰਘ ਤੇ ਉਹਨਾਂ ਦੇ ਛੋਟੇ ਵੀਰ ਡਾ. ਗੁਰਨਾਮ ਸਿੰਘ ਨੇ ਬਹੁ ਮੁਲਾ ਕਾਰਜ ਕੀਤਾ ਹੈ ਜੋ ਵੱਖਰੇ ਮਜ਼ਮੂਨ ਜਾਂ ਪੁਸਤਕ ਦਾ ਵਿਸ਼ਾ ਹੋ ਸਕਦਾ ਹੈ। ਕਾਵਿ ਅਤੇ ਸੰਗੀਤ ਗੁਰਬਾਣੀ ਪਰਿਪੇਖ ਪੁਸਤਕ/ਗ੍ਰੰਥ ਵਿਚਲੀ ਸਾਮਗਰੀ ਉਮਰਾਂ ਦੇ ਡੂੰਘੇ ਅਧਿਐਨ ਦਾ ਨਤੀਜਾ ਪ੍ਰਤੀਤ ਹੁੰਦੀ ਹੈ। ਇਸ ਵਿਚ ਉਹਨਾਂ ਸਿੱਖ ਗੁਰੂ ਸਾਹਿਬਾਂ ਨਾਲ ਸੰਬੰਧਤ ਬਾਣੀ ਨੂੰ ਹੀ ਆਪਣੇ ਅਧਿਐਨ ਦੇ ਖੇਤਰ ਵਿਚ ਲਿਆ ਹੈ ਆਦਿ ਕਾਲ ਤੋਂ ਚਲੇ ਆ ਰਹੇ ਵਿਦਵਾਨਾਂ ਨੂੰ ਪੜ੍ਹਣਾ ਪੁਛਣਾ ਅਤੇ ਉਹਨਾਂ ਦੀ ਗਵਾਹੀ ਪਾਉਣੀ, ਸਨਾਤਨ ਕਾਲ ਤੋਂ ਕਾਵਿ ਅਤੇ ਸੰਗੀਤ ਦੇ ਇਤਿਹਾਸ ਅਤੇ ਮੱਤਾਂ ਦੀ ਡੋਰੀ ਫੜ ਕੇ ਦੂਰ ਅਨੰਤ ਕਾਲ ਤੱਕ ਜਾਣਾ ਅਤੇ ਬਗ਼ੈਰ ਪੂਰਵ ਨਿਰਧਾਰਤ ਮਨੌਤਾਂ ਦੇ ਵਡੇ ਸਮੁੰਦਰ ਚੋਂ ਬਹੁਤ ਕੀਮਤੀ ਮਾਣਕ ਮੋਤੀ ਲਭਣ ਵਾਲੀ ਗੱਲ ਹੈ। ਅਤੇ ਡਾ. ਜਾਗੀਰ ਸਿੰਘ ਇਸ ਔਖੇ ਕਾਰਜ ਵਿਚ ਸਫਲ ਹੋਏ ਹਨ। ਸੈਂਕੜੇ ਪੁਸਤਕਾਂ ਲੇਖਾਂ ਦੇ ਹਵਾਲੇ ਗਵਾਹੀਆਂ ਇਸ ਵਿਚ ਮੌਜੂਦ ਹਨ। ਇਹ ਨਿਤ ਅਧਿਐਨ ਮੰਗਦੀ ਪੁਸਤਕ ਹੈ। ਛਾਪੀ ਹੈ ਪੰਜਾਬੀ ਪਬਲੀਕੇਸ਼ਨ ੪੧੨/੭ ਸੈਫਾਬਾਦੀ ਗੇਟ ਪਟਿਆਲਾ (ਫੋਨ ਨੰਬਰ ੦੧੭੫-੨੨੦੨੭੪੦) ਨੇ ਤੇ ਮੁਲ ਹੈ ੨੨੦ ਰੁਪਏ ਪੰਨੇ ੨੦੬ ਹਨ ਅਤੇ ਬਹੁਤ ਕੀਮਤੀ ਕਾਗਜ਼ ਅਤੇ ਜਿਲਦ ਹੈ। ਡਾ. ਜਾਗੀਰ ਸਿੰਘ ਦਾ ਪਤਾ ਹੈ ੪੨੨ ਸੈਕਟਰ ੧੫-ਏ ਚੰਡੀਗੜ੍ਹ ਇਸ ਪੁਸਤਕ ਦਾ ਅੰਤਮ ਅਧਿਅਇ 'ਨਿਰਣੇ" ਅਸੀਂ ਵੱਖਰਾ ਛਾਪ ਰਹੇ ਹਾਂ।

—ਜਗਦੀਸ਼ ਸਿੰਘ ਵਰਿਆਮ



Namdhari Elibrary NamdhariElibrary@gmail.com

# ਨਿਰਣੈ

ਗੁਰਬਾਣੀ ਵਿਚ ਪ੍ਰਯੁਕਤ ਕਾਵਿ ਤੱਤਾਂ ਅਤੇ ਸੰਗੀਤ ਦੇ ਆਪਸੀ ਸੰਬੰਧਾਂ ਦੀ ਚਰਚਾ ਕਰਦਿਆਂ ਅਸੀਂ ਕੁਝ ਮਹੱਤਵ-ਪੂਰਣ ਨਿਰਣਿਆਂ 'ਤੇ ਪਹੁੰਚੇ ਹਾਂ । ਗੁਰਬਾਣੀ ਦੀ ਕਾਵਿਕ ਅਤੇ ਸੰਗੀਤਕ ਪਿੱਠ ਭੂਮੀ ਦਾ ਅਧਿਐਨ ਕਰਦਿਆਂ ਅਸੀ ਵੇਖਿਆ ਹੈ ਕਿ ਗੁਰਬਾਣੀ ਵਿਚ ਕਾਵਿ ਅਤੇ ਸੰਗੀਤ ਦਾ ਸੁਮੇਲ ਕੋਈ ਸੰਜੋਗੀ ਅਤੇ ਅਨੋਖੀ ਘਟਨਾ ਨਹੀਂ ਸਗੋਂ ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਕਾਵਿ ਅਤੇ ਸੰਗੀਤ ਇਕ ਦੂਜੇ ਨਾਲ ਸੰਬਧਤ ਰਹੇ ਹਨ। ਗੁਰੂ ਸਾਹਿਬਾਨ ਨੇ ਸੁਚੇਤ ਤੌਰ ਤੇ ਸੰਗੀਤ ਨੂੰ ਬਾਣੀ ਦਾ ਮਾਧਿਅਮ ਬਣਾਇਆ। ਗੁਰਬਾਣੀ ਦਾ ਭਾਰਤੀ ਕਾਵਿ ਪਰੰਪਰਾ ਨਾਲ ਡੂੰਘਾ ਸੰਬੰਧ ਹੈ। ਵਿਭਿੰਨ ਭਾਰਤੀ ਕਾਵਿ ਤੇ ਸੰਗੀਤ ਪਰੰਪਰਾਵਾਂ ਗੁਰਬਾਣੀ ਦਾ ਸਾਹਿਤਕ ਪਿਛੋਕੜ ਹਨ। ਪਰ ਗੁਰੂ ਸਾਹਿਬਾਨ ਨੇ ਇਨ੍ਹਾਂ ਕਾਵਿ ਪਰੰਪਰਾਵਾਂ ਨਾਲ ਸੰਬੰਧਤ ਹੋ ਕੇ ਵੀ ਨਵੀਆਂ ਪ੍ਰਾਪਤੀਆਂ ਕੀਤੀਆਂ ਹਨ। ਭਾਰਤੀ ਰਾਗ ਪਰੰਪਰਾ ਦੇ ਸੰਦਰਭ ਵਿਚ ਅਧਿਐਨ ਕਰਨ ਤੇ ਪਤਾ ਲੱਗਾ ਕਿ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਨਾਲ ਕਈ ਉਹ ਰਾਗ ਸੰਬੰਧਤ ਕੀਤੇ ਹਨ ਜਿਹੜੇ ਉਨ੍ਹਾਂ ਤੋਂ ਪਹਿਲਾਂ ਵੀ ਪ੍ਰਚਲਤ ਸਨ। ਕਈ ਥਾਵਾਂ ਤੇ ਦੋ ਰਾਗਾਂ ਨੂੰ ਜੋੜ ਕੇ ਇਕ ਨਵਾਂ, ਮਿਸ਼ਰਤ ਰਾਗ ਸਿਰਜਿਆ ਗਿਆ ਹੈ ਅਤੇ ਕਈ ਅਸਲੋਂ ਨਵੇਂ ਰਾਗਾਂ ਦੀ ਸਿਰਜਣਾ ਕੀਤੀ ਗਈ ਹੈ। ਗੁਰੂ ਸਾਹਿਬਾਨ ਨੇ ਕਾਵਿ ਅਤੇ ਸੰਗੀਤ ਦਾ ਵਿਲੱਖਣ ਸੰਜੋਗ ਕੀਤਾ ਹੈ। ਉਹਨਾਂ ਨੇ ਵਿਭਿੰਨ ਲੋਕ ਕਾਵਿ ਰੂਪਾਂ ਅਤੇ ਹੋਰ ਪ੍ਰਚਲਤ ਕਾਵਿ ਰੂਪਾਂ ਨੂੰ ਰਾਗਾਂ ਨਾਲ ਸੰਬੰਧਤ ਕਰ ਕੇ ਉਨ੍ਹਾਂ ਦੀ ਪੇਸ਼ਕਾਰੀ ਦੀ ਵਿਧੀ ਨੂੰ ਵਿਲੱਖਣਤਾ ਦਿੱਤੀ ਹੈ। ਇਸ ਤਰ੍ਹਾਂ ਗੁਰਬਾਣੀ ਵਿਚ ਪ੍ਰਯੁਕਤ ਕਾਵਿਕ ਅਤੇ ਸੰਗੀਤਕ ਤੱਤ ਭਾਵੇਂ ਪਰੰਪਰਾ ਵਿਚ ਮੌਜੂਦ ਹਨ, ਪਰ ਗੁਰੂ ਸਾਹਿਬ ਉਹਨਾਂ ਦਾ ਪ੍ਰੋਯਗ ਵਿਲੱਖਣ ਢੰਗ ਨਾਲ ਕਰਦੇ ਹਨ। ਇਸ ਵਿਲੱਖਣਤਾ ਦੇ ਪ੍ਰਤੱਖ ਪਛਾਣ ਚਿੰਨ੍ਹ ਹਨ : (੧) ਸਨਾਤਨੀ ਸੰਗੀਤ ਤੇ ਲੋਕ ਸੰਗੀਤ ਦਾ ਮਿਸ਼ਰਣ; (੨) ਕਾਵਿ ਤੇ ਰਾਗ ਦਾ ਸਰੋਤਾ - ਮੁਖ ਪ੍ਰਯੋਗ ਅਤੇ (੩) ਅਜਿਹੇ ਕਾਵਿ ਦੀ ਰਚਨਾ ਜਿਸ ਵਿਚ ਕਵਿਤਾ ਤੇ ਸੰਗੀਤ ਅਨਿਖੜ ਰੂਪ ਵਿਚ ਇਕ ਦੂਜੇ ਦੀ ਹੋਂਦ ਦਾ ਆਧਾਰ ਬਣੇ।

ਗੁਰੂ ਸਾਹਿਬਾਨ ਬਾਣੀ ਦੀ ਰਚਨਾ ਕਰਨ ਵੇਲੇ ਆਪਣੇ ਰਚਨਾਤਮਕ ਅਮਲ ਤੋਂ ਸੁਚੇਤ ਸਨ। ਉਨ੍ਹਾਂ ਦੁਆਰਾ ਆਪਣੇ ਲਈ 'ਸਾਇਰ' ਅਤੇ 'ਢਾਢੀ' ਵਿਸ਼ੇਸ਼ਣ ਪ੍ਰਯੋਗ ਕਰਨੇ ਇਸ ਗੱਲ ਦੇ ਸੂਚਕ ਹਨ ਕਿ ਉਹ ਆਪਣੀ ਬਾਣੀ ਦੇ ਗਾਇਨ ਕੀਤੇ ਜਾਣ ਪ੍ਰਤੀ ਪੂਰਨ ਸੁਚੇਤ ਸਨ। ਭਾਵੇਂ ਗੁਰੂ ਸਾਹਿਬਾਨ ਦਾ ਜੀਵਨ ਇਤਿਹਾਸ ਲਿਖਣ ਵਾਲੇ ਲੇਖਕਾਂ ਨੇ ਉਹਨਾਂ ਦੇ ਸੰਗੀਤ ਗਿਆਨ ਵੱਲ ਕੋਈ ਵਿਸ਼ੇਸ਼ ਸੰਕੇਤ ਨਹੀਂ ਕੀਤੇ ਪਰ ਫਿਰ ਵੀ ਉਹਨ੍ਹਾਂ ਦੇ ਜੀਵਨ ਦੀਆਂ ਕੁਝ ਘਟਨਾਵਾਂ ਤੋਂ ਉਨ੍ਹਾਂ ਦਾ ਸੰਗੀਤ-ਗਿਆਨ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਸ਼ਬਦ ਗਾਇਨ ਸੰਬੰਧੀ ਜਨਮ ਸਾਖੀਆਂ ਵਿਚ ਹਵਾਲੇ ਮਿਲਦੇ ਹਨ। ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਸਿੱਖ ਸੰਪਰਦਾ ਵਿਚ ਆਉਣ ਤੋਂ ਪਹਿਲਾਂ ਵੈਸ਼ਣਵ ਭਗਤ ਸਨ ਇਸ ਲਈ ਵੈਸ਼ਣਵਾਂ ਵਾਂਗ ਉਨ੍ਹਾਂ ਦਾ ਸੰਗੀਤ ਗਿਆਤਾ ਹੋਣਾ ਸੰਭਵ ਹੈ। ਗੁਰੂ ਰਾਮ ਦਾਸ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸਿਖਲਾਈ ਪੂਰਨ ਗੁਰਮਤ ਰੀਤੀ ਅਨੁਸਾਰ ਹੋਈ, ਇਸ ਲਈ ਜ਼ਰੂਰੀ ਹੈ ਕਿ ਸੰਗੀਤ ਉਹਨਾਂ ਦੀ ਸਿੱਖਿਆ ਦਾ ਮੁੱਖ ਅੰਗ ਰਿਹਾ ਹੋਵੇਗਾ।

ਸਿੱਖ ਸੰਸਥਾ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਕੀਰਤਨ ਨੂੰ ਬੜਾ ਸਤਿਕਾਰ ਯੋਗ ਸਥਾਨ ਪ੍ਰਾਪਤ ਹੀ ਸੀ ਅਤੇ ਇਹ ਹੁਣ ਤੱਕ ਵੀ ਸਿੱਖ ਮਰਯਾਦਾ ਦਾ ਇਕ ਜ਼ਰੂਰੀ ਅੰਗ ਬਣਿਆ ਹੋਇਆ ਹੈ। ਗੁਰੂ ਨਾਨਕ ਦੇਵੀ ਜੀ ਨੇ ਹੀ ਕਰਤਾਰਪੁਰ ਵਿਖੇ ਕੀਰਤਨ ਕਰਨ ਦੀ ਮਰਯਾਦਾ ਕਾਇਮ ਕੀਤੀ ਅਤੇ ਰਾਗੀ ਢਾਡੀ ਰਬਾਬੀ ਆਦਿ ਹਰ ਗੁਰੂ ਸਾਹਿਬ ਦੇ ਦਰਬਾਰ ਦਾ ਜ਼ਰੂਰੀ ਅੰਗ ਬਣੇ ਰਹੇ। ਗੁਰੂ ਨਾਨਕ ਦੇਵ ਜੀ ਵੇਲੇ ਭਾਈ ਮਰਦਾਨਾ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮ ਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਤਕ ਸਤਾ ਬਲਵੰਡ, ਰਜਾਦਾ,ਭਾਈ ਸਾਦੂ ਬਾਦੂ ਅਤੇ ਬਾਦ ਵਿਚ ਬਾਬਕ, ਨੱਥਾ, ਅਬਦੁੱਲਾ, ਭਾਈ ਜਸ, ਦਰਿਆ, ਚਤਰਾ, ਸੇਵਾ, ਰੱਤਾ ਆਦਿ ਦੇ ਕੀਰਤਨ ਕਰਨ ਦੇ ਹਵਾਲੇ ਮਿਲ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਕਾਵਿ ਨੂੰ ਬਾਣੀ ਕਿਹਾ ਗਿਆ ਹੈ। ਇਹ ਸੁਝਾਉ ਥਾਂ ਪੁਰ ਥਾਂ ਮਿਲਦਾ ਹੈ ਕਿ ਇਸ ਨੂੰ ਸਧਾਰਨ ਕਵਿਤਾ ਵਾਂਗ ਨਹੀਂ ਪੜ੍ਹਨਾ ਸਗੋਂ ਇਸ ਦਾ ਗਾਇਨ ਕਰਨਾ ਹੈ। ਬਾਣੀ ਦੇ ਕੀਰਤਨ ਨੂੰ ਹਰ ਤਰ੍ਹਾਂ ਦੇ ਕਰਮਕਾਂਡਾਂ ਤੋਂ ਉਤਮ ਦੱਸਿਆ ਗਿਆ ਹੈ। ਗੁਰਬਾਣੀ ਦਾ ਕੀਰਤਨ ਕਰਨ ਵਾਲਾ ਵਿਸ਼ੇਸ਼ ਪਦ ਦਾ ਅਧਿਕਾਰੀ ਹੈ ਅਤੇ ਕੀਰਤਨ



Namdhari Elibrary NamdhariElibrary@gmail.com

ਸੁਣਨ ਵਾਲਾ ਵੀ ਸਤਿਕਾਰ ਦਾ ਪਾਤਰ ਹੈ। ਸੰਗੀਤ ਕਲਾ ਦੇ ਕੇਵਲ ਉਹਨਾਂ ਰਾਗਾਂ ਨੂੰ ਹੀ ਸਫਲ ਕਿਹਾ ਗਿਆ ਹੈ ਜਿਹਨਾਂ ਰਾਹੀਂ ਬਾਣੀ ਦਾ ਗਾਇਨ ਕੀਤਾ ਜਾਂਦਾ ਹੈ। ਗੁਰਬਾਣੀ ਵਿਚ ਸੰਗੀਤ ਦੀ ਪਰਿਭਾਸ਼ਿਕ ਸ਼ਬਦਾਵਲੀ ਦਾ ਪ੍ਰਯੋਗ ਕਰਦਿਆਂ ਇਸ ਨੂੰ ਗੁਰਮਤਿ ਭਾਵਾਂ ਨਾਲ ਸੰਬੰਧਤ ਕੀਤਾ ਹੈ। ਇਸ ਤਰ੍ਹਾਂ ਗੁਰੂ ਸਾਹਿਬਾਨ ਦੇ ਵਿਅਕਤੀਗਤ ਜੀਵਨ, ਸਿੱਖ ਸੰਸਥਾ ਅਤੇ ਗੁਰਬਾਣੀ ਵਿਚ ਜਿਥੇ ਕਾਵਿ ਅਤੇ ਸੰਗੀਤ ਦਾ ਸੁਮੇਲ ਹੋਇਆ ਹੈ ਉਥੇ ਇਸ ਸੁਮੇਲ ਨੂੰ ਕੀਰਤਨ ਕਹਿ ਕੇ ਸਤਿਕਾਰਿਆ ਵੀ ਗਿਆ ਹੈ।

ਗੁਰੂ ਕਾਵਿ ਵਿਚ ਅਨੁਭਵ ਅਤੇ ਸੰਗੀਤ ਦੇ ਸੰਬੰਧ ਦਾ ਅਧਿਐਨ ਇਸ ਗੱਲ ਦਾ ਸੂਚਕ ਹੈ ਕਿ ਗੁਰੂ ਕਵੀਆਂ ਦਾ ਅਨੁਭਵ ਕੋਈ ਸਾਧਾਰਨ ਅਨੁਭਵ ਨਹੀਂ, ਸਗੋਂ ਇਕ ਅਜੇਹਾ ਅਨੁਭਵ ਹੈ ਜਿਸ ਨੂੰ ਆਮ ਬੋਲਚਾਲ ਦੀ ਭਾਸ਼ਾ ਤਾਂ ਕੀ ਸਗੋਂ ਕਵਿਤਾ ਰਾਹੀਂ ਵੀ ਪ੍ਰਗਟ ਨਹੀਂ ਕੀਤਾ ਜਾ ਸਕਦਾ। ਇਸ ਨੂੰ ਪ੍ਰਗਟ ਕਰਨ ਲਈ ਸੰਗੀਤ ਦਾ ਮਾਧਿਅਮ ਜ਼ਰੂਰੀ ਸੀ ਕਿਉਂਕਿ ਸੰਗੀਤ ਵਿਚ ਰਹੱਸਮਈ ਅਨੁਭਵ ਨੂੰ ਪ੍ਰਗਟ ਕਰਨ ਦੀ ਵਧੇਰੇ ਸਮਰੱਥਾ ਹੈ। ਗੁਰਬਾਣੀ ਦੇ ਕਾਵਿ ਅਨੁਭਵ ਵਿਚ ਵੰਨ-ਸੁਵੰਨਤਾ ਹੈ। ਗੁਰਬਾਣੀ ਵਿਚ ਪ੍ਰਯੁਕਤ ਰਾਗਾਂ ਅਤੇ ਬਾਣੀ ਦਾ ਅਧਿਐਨ ਕਰਦਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹਨਾਂ ਨੇ ਵੱਖ-ਵੱਖ ਭਾਵਾਂ ਲਈ ਵੱਖ-ਵੱਖ ਰਾਗਾਂ ਦਾ ਪ੍ਰਯੋਗ ਕੀਤਾ ਹੈ।

ਗੁਰੂ ਸਾਹਿਬਾਨ ਨੇ ਆਮ ਤੌਰ ਤੇ ਗੰਭੀਰ, ਸ਼ਾਂਤ ਅਤੇ ਕਰੁਣ ਭਾਵਾਂ ਲਈ ਸਿਰੀ ਰਾਗ, ਗਉੜੀ, ਰਾਮਕਲੀ, ਭੈਰਵ ਆਦਿ ਰਾਗਾਂ ਦਾ ਪ੍ਰਯੋਗ ਕੀਤਾ ਹੈ। ਖੁਸ਼ੀ ਦੇ ਭਾਵਾਂ ਲਈ ਬਿਲਾਵਲ, ਸੂਹੀ, ਬਿਹਾਗੜਾ ਆਦਿ ਰਾਗਾਂ ਦਾ ਪ੍ਰਯੋਗ ਕੀਤਾ ਹੈ। ਧਾਰਮਿਕ ਭਗਤੀ ਭਾਵਾਂ ਲਈ ਗੂਜਰੀ, ਧਨਾਸਰੀ, ਸੋਰਠ ਆਦਿ ਰਾਗ ਵਰਤੇ ਗਏ ਹਨ। ਉਤਸ਼ਾਹ ਪੈਦਾ ਕਰਨ ਲਈ ਮਾਝ, ਆਸਾ, ਪ੍ਰਭਾਤੀ ਆਦਿ ਰਾਗ ਪ੍ਰਯੁਕਤ ਹੋਏ ਹਨ। ਕਈ ਥਾਵਾਂ ਤੇ ਗੁਰੂ ਸਾਹਿਬਾਨ ਨੇ ਵਿਸ਼ੇਸ਼ ਭਾਵਾਂ ਦੇ ਪ੍ਰਗਟਾਉ ਲਈ ਰਾਗਾਂ ਦੇ ਮਿਸ਼ਰਤ ਰੂਪਾਂ ਦਾ ਵੀ ਪ੍ਰਯੋਗ ਕੀਤਾ ਹੈ।

ਗੁਰਬਾਣੀ ਵਿਚ ਕਾਵਿ ਰੂਪਾਂ, ਛੰਦਾਂ ਅਤੇ ਸ਼ਬਦਾਵਲੀ ਦਾ ਪ੍ਰਯੋਗ ਵੀ ਰਾਗ ਦੀ ਪ੍ਰਕਿਰਤੀ ਦੇ ਅਨੁਸਾਰ ਹੋਇਆ ਹੈ। ਜਿਥੇ ਬਹੁਤ ਸਾਰੇ ਕਾਵਿ ਰੂਪ ਲੋਕ ਪਰੰਪਰਾ ਨਾਲ ਸੰਬੰਧਤ ਹਨ ਉਥੇ ਕਈ ਰਾਗ ਵੀ ਲੋਕ ਗੀਤਾਂ ਦੀਆਂ ਧੁਨਾਂ ਦੇ ਸੁਰ ਪ੍ਰਬੰਧ ਅਨੁਸਾਰ ਸਿਰਜੇ ਗਏ ਹਨ। ਕਾਵਿ ਰੂਪਾਂ ਦਾ ਛੰਦ ਪ੍ਰਬੰਧ ਭਾਵੇਂ ਸੰਗੀਤਕਤਾ, ਲੋਕ ਕਾਵਿ ਰੂਪਾਂ ਅਤੇ ਵਿਸ਼ੇ ਦੀ ਵਿਲੱਖਣਤਾ ਕਰ ਕੇ ਸਨਾਤਨੀ ਪਰੰਪਰਾ ਨਾਲ ਮੇਲ ਨਹੀਂ ਖਾਂਦਾ ਪਰ ਫਿਰ ਵੀ ਕਿਤੇ ਕਿਤੇ ਸਨਾਤਨੀ ਛੰਦ ਅਤੇ ਰਾਗ ਦੀ ਆਪਸੀ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰੂ ਕਵੀਆਂ ਨੇ ਉਹਨਾਂ ਕਾਵਿ ਰੂਪਾਂ ਦਾ ਸਭ ਤੋਂ ਵੱਧ ਪ੍ਰਯੋਗ ਕੀਤਾ ਜਿਹੜੇ ਆਸਾਨੀ ਨਾਲ ਗਾਏ ਜਾ ਸਕਦੇ ਹਨ। ਪਦ ਕਾਵਿ ਰੂਪ ਦਾ ਆਪਣੀ ਗਾਇਨ ਵਿਸ਼ੇਸ਼ਤਾ ਕਰ ਕੇ ਸਭ ਤੋਂ ਵਧ ਗਿਣਤੀ ਵਿਚ ਅਤੇ ਸਭ ਤੋਂ ਵੱਧ ਰਾਗਾਂ ਵਿਚ ਪ੍ਰਯੋਗ ਕੀਤਾ ਗਿਆ ਹੈ। ਇਸੇ ਤਰ੍ਹਾਂ ਵਾਰਾਂ ਅਤੇ ਛੰਦ ਕਾਵਿ ਰੂਪ ਵੀ ਬਹੁਤੇ ਕਾਵਿ ਰੂਪਾਂ ਨਾਲੋਂ ਵਧੇਰੇ ਰਾਗਾਂ ਵਿਚ ਪ੍ਰਯੁਕਤ ਹੋਏ ਹਨ। ਬਾਕੀ ਦੇ ਕਾਵਿ ਰੂਪਾਂ ਨੂੰ ਇਕ ਜਾਂ ਦੋ ਰਾਗਾਂ ਵਿਚ ਵਰਤਿਆ ਗਿਆ ਹੈ। ਇਨ੍ਹਾਂ ਕਾਵਿ ਰੂਪਾਂ ਵਿਚੋਂ ਬਹੁਤੇ ਉਹਨਾਂ ਰਾਗਾਂ ਵਿਚ ਦਰਜ ਹੋਏ ਜਿਹਨਾਂ ਵਿਚ ਗਾਉਣ ਨਾਲ ਇਹਨਾਂ ਦਾ ਭਾਵ ਪੂਰੀ ਤਰ੍ਹਾਂ ਉਜਾਗਰ ਹੋ ਸਕੇ। ਵਿਸ਼ੇਸ਼ ਤਰ੍ਹਾਂ ਦੇ ਸੰਗੀਤ ਪ੍ਰਭਾਵ ਲਈ ਗੁਰਬਾਣੀ ਵਿਚ ਵਿਭਿੰਨ ਪ੍ਰਕਾਰ ਦੀ ਸ਼ਬਦਾਵਲੀ, ਤੁਕਾਂਤ ਪ੍ਰਬੰਧ ਅਤੇ ਧੁਨੀ ਪ੍ਰਬੰਧ ਦੀ ਵਰਤੋਂ ਕੀਤੀ ਗਈ ਮਿਲਦੀ ਹੈ।

ਗੁਰੂ ਸਾਹਿਬਾਨ ਦੁਆਰਾ ਸੰਗੀਤ ਦੀ ਵਰਤੋਂ ਕੇਵਲ ਭਾਵ ਪ੍ਰਗਟਾਉ ਜਾਂ ਭਾਵ ਵਿਰੇਚਨ ਹਿੱਤ ਨਾ ਹੋ ਕੇ ਵਿਸ਼ੇਸ਼ ਸਮਾਜਕ ਪ੍ਰਯੋਜਨ ਹਿੱਤ ਵੀ ਕੀਤੀ ਗਈ। ਗੁਰੂ ਸਾਹਿਬਾਨ ਵੇਲੇ ਰਾਗ-ਸੰਗੀਤ ਦੀ ਵਰਤੋਂ ਮੁੱਖ ਤੌਰ 'ਤੇ ਰਾਜ ਦਰਬਾਰੀਆਂ ਦੇ ਮਨੋਰੰਜਨ ਅਤੇ ਸ਼ਿੰਗਾਰ ਰਸੀ ਭਾਵ ਮਨੋਰੱਥ ਨਾਲ ਜੁੜੀ ਹੋਈ ਸੀ, ਪਰੰਤੂ ਗੁਰੂ ਸਾਹਿਬਾਨ ਨੇ ਰਾਗ ਦੀ ਵਰਤੋਂ ਵਿਸ਼ਿਸ਼ਟ ਅਧਿਆਤਮਕ/ਸਮਾਜਕ ਪ੍ਰਯੋਜਨ ਹਿੱਤ ਕਰਦਿਆਂ ਰਾਗ ਦੇ ਮਹੱਤਵ ਨੂੰ ਵਿਸ਼ੇਸ਼ਤਾ ਤੇ ਵਿਲੱਖਣਤਾ ਬਖ਼ਸ਼ੀ।

ਸਮੁੱਚੇ ਤੌਰ ਤੇ ਗੁਰਬਾਣੀ ਵਿਚ ਕਾਵਿ ਅਤੇ ਸੰਗੀਤ ਦਾ ਸੁਮੇਲ ਉਸ ਸਮੇਂ ਦੀ ਕਾਵਿ-ਸੰਗੀਤ ਪਰੰਪਰਾ, ਗੁਰੂ ਸਾਹਿਬਾਨ ਦੀ ਸ਼ਖਸੀਅਤ, ਸਿੱਖ ਸੰਸਥਾ, ਕਾਵਿਕ ਅਨੁਭਵ, ਰੂਪ ਵਿਧਾਨ ਅਤੇ ਗੁਰੂ ਆਸ਼ੇ ਦੇ ਅਨੁਕੂਲ ਹੈ। 'ਸੰਗੀਤ', ਅਰਥਾਤ 'ਰਾਗ' ਗੁਰਬਾਣੀ ਦਾ ਇਕ ਰਚਨਾ-ਮੂਲਕ ਤੱਤ ਹੈ, ਇਹ ਕੇਵਲ ਪ੍ਰਗਟਾਉ ਮਾਧਿਅਮ ਨਹੀਂ ਹੈ। ਗੁਰਬਾਣੀ ਦਾ ਪਾਠਕ/ਸਰੋਤਾ/ਆਲੋਚਕ ਇਸ ਤੱਤ ਨੂੰ ਅਣਡਿਠ ਕਰ ਕੇ ਗੁਰਬਾਣੀ ਦੇ ਮਰਮ ਨੂੰ ਨਹੀਂ ਪਛਾਣ ਸਕਦਾ। ਨਾਲ ਹੀ ਗੁਰਬਾਣੀ ਦੀ ਪ੍ਰਮਾਣਿਕ ਗਾਇਨ (ਕੀਰਤਨ) ਵਾਸਤੇ ਕੀਰਤਨੀਏ ਲਈ ਰਾਗ ਵਿਦਿਆ ਦਾ ਮਾਹਰ ਹੋਣਾ ਜ਼ਰੂਰੀ ਹੈ ਉਥੇ ਉਸ ਲਈ ਗੁਰਬਾਣੀ ਦੇ ਕਾਵਿ ਅਨੁਭਵ ਅਤੇ ਕਾਵਿ ਰੂਪਾਂ ਦੇ ਗਿਆਨ ਦੇ ਨਾਲ ਨਾਲ ਇਸਦੇ ਅਧਿਆਤਮਕ/ਸਮਾਜਕ ਪ੍ਰਯੋਜਨ ਪ੍ਰਤੀ ਸੁਚੇਤ ਹੋਣਾ ਵੀ ਲਾਜ਼ਮੀ ਹੈ।



Namdhari Elibrary NamdhariElibrary@gmail.com

## ਸਤਨਾਮ ਚਾਨਾ ਦੀ ਪੁਸਤਕ ਤੇ ਗੋਸ਼ਟੀ

ਪਿਛਲੇ ਦਿਨੀਂ ਪੰਜਾਬੀ ਲੇਖਕ ਸਭਾ, ਜਲੰਧਰ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿਖੇ ਚਿੰਤਕ ਤੇ ਸ਼ਾਇਰ ਸਤਨਾਮ ਚਾਨਾ ਦੀ ਕਾਵਿ-ਪੁਸਤਕ 'ਪ੍ਰੋਮੇਥੀਅਸ ਰੋ ਪਿਆ' ਉੱਪਰ ਵਿਚਾਰ-ਗੋਸ਼ਟੀ ਦਾ ਆਯੋਜਨ ਕੀਤਾ ਗਿਆ।

ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਦੀ ਪ੍ਰਧਾਨਗੀ ਵਾਲੇ ਇਸ ਸਮਾਗਮ ਵਿੱਚ ਪੁਸਤਕ ਸੰਬੰਧੀ ਪੰਜਾਬੀ ਦੇ ਜਾਣੇ-ਪਛਾਣੇ ਸਮਰੱਥ ਅਲੋਚਕ ਤੇ ਚਿੰਤਕ ਡਾ. ਸੁਰਜੀਤ ਭੱਟੀ ਅਤੇ ਸ੍ਰੀ ਗੋਪਾਲ ਸਿੰਘ ਬੁੱਟਰ ਹੋਰਾਂ ਖੋਜ ਪੱਤਰ ਪੇਸ਼ ਕੀਤੇ। ਸਮਾਗਮ ਦੀ ਪ੍ਰਧਾਨਗੀ ਮੰਡਲ ਵਿੱਚ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਸ. ਸੁਰਜੀਤ ਸਿੰਘ ਮਿਨਹਾਸ, ਸ਼੍ਰੋਮਣੀ ਪੱਤਰਕਾਰ ਬਾਬਾ ਗੁਰਬਖ਼ਸ਼ ਸਿੰਘ ਬਨੋਆਣਾ, ਸ਼ਾਇਰ ਡਾ. ਲਖਵਿੰਦਰ ਜੌਹਲ ਅਤੇ ਸਭਾ ਦੇ ਪ੍ਰਧਾਨ ਸ. ਜਗਦੀਸ਼ ਸਿੰਘ ਵਰਿਆਮ ਸ਼ਾਮਲ ਸਨ।

ਸਮਾਗਮ ਦਾ ਅਰੰਭ ਦੇਸ਼ ਭਗਤ ਯਾਦਗਾਰ ਹਾਲ ਦੇ ਸਭਿਆਚਾਰਕ ਵਿੰਗ ਦੇ ਸਕੱਤਰ ਸ. ਗੁਰਮੀਤ ਸਿੰਘ ਦੇ ਸਵਾਗਤੀ ਬੋਲਾਂ ਨਾਲ ਹੋਇਆ। ਇਸ ਉਪਰੰਤ ਸ਼ਾਇਰ ਸਤਨਾਮ ਚਾਨਾ ਨੇ ਪੁਸਤਕ ਵਿੱਚੋਂ ਆਪਣੀਆਂ ਕੁਝ ਕਵਿਤਾਵਾਂ ਆਏ ਹੋਏ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਪੁਸਤਕ ਸੰਬੰਧੀ ਡਾ. ਸੁਰਜੀਤ ਭੱਟੀ ਦੀ ਸਥਾਪਨਾ ਸੀ ਕਿ ਇਹ ਪੁਸਤਕ ਡੂੰਘੇ ਚਿੰਤਨ ਵਿੱਚੋਂ ਨਿਕਲੀ ਕਵਿਤਾ ਨੂੰ ਪ੍ਰਸਤੁਤ ਕਰ ਰਹੀ ਹੈ ਅਤੇ ਇਨ੍ਹਾਂ ਕਵਿਤਾਵਾਂ ਦੀ ਸਮਾਜਿਕ ਪ੍ਰਤੀਬੱਧਤਾ ਦੇ ਨਕਸ਼ ਇਸ ਨੂੰ ਸਮਕਾਲੀ ਪੰਜਾਬੀ ਕਵਿਤਾ ਤੋਂ ਵੱਖਰਾ ਅਤੇ ਮੌਲਿਕ ਬਣਾਉਂਦੇ ਹਨ। ਇਸੇ ਤਰ੍ਹਾਂ ਸ੍ਰੀ ਗੋਪਾਲ ਸਿੰਘ ਬੁੱਟਰ ਨੇ ਵੀ ਕਵਿਤਾਵਾਂ ਦੀਆਂ ਗਹਿਨ ਪਰਤਾਂ ਨੂੰ ਉਘਾੜਦਿਆਂ ਇਸ ਕਵਿਤਾ ਵਿੱਚ ਵਰਤੀਆਂ ਗਈਆਂ ਮਿਥਾਂ ਦੀ ਸਾਰਥਿਕਤਾ ਨੂੰ ਪਛਾਣਿਆ।

ਚਾਨਾ ਦੀ ਕਵਿਤਾ ਸੰਬੰਧੀ ਸੰਵਾਦ ਨੂੰ ਆਰੰਭਣ ਦੀ ਜ਼ੁੰਮੇਵਾਰੀ ਡਾ. ਕੁਲਵੰਤ ਸਿੰਘ ਔਜਲਾ ਨੇ ਨਿਭਾਉਂਦਿਆਂ ਇਸ ਪੁਸਤਕ ਨੂੰ ਪੰਜਾਬੀ ਪ੍ਰਗਤੀਵਾਦੀ ਸ਼ਾਇਰੀ ਦੇ ਨਕਸ਼ਾਂ ਵਾਲੀ ਕਿਹਾ ਅਤੇ ਸਮਕਾਲੀ ਪੰਜਾਬੀ ਕਵਿਤਾ ਵਿੱਚ ਵੱਧ ਰਹੀ ਮੈਂ-ਮੂਲਕ ਸ਼ਾਇਰੀ ਦੇ ਦੌਰ ਵਿੱਚ ਇਸ ਕਵਿਤਾ ਦੀ ਆਮਦ ਨੂੰ ਸ਼ੁੱਭ ਕਿਹਾ।

ਸੰਵਾਦ ਨੂੰ ਅੱਗੇ ਤੋਰਦਿਆਂ ਪ੍ਰੋ. ਪਿਆਰਾ ਸਿੰਘ ਭੋਗਲ ਨੇ ਚਾਨਾ ਦੇ ਜੀਵਨ ਵਿਚਲੀ ਸੰਘਰਸ਼ ਵਿਥਿਆ ਦੇ ਹਵਾਲੇ ਨਾਲ ਇਨ੍ਹਾਂ ਕਵਿਤਾਵਾਂ ਨੂੰ ਸਮਝਣ ਦੀ ਗੱਲ ਕੀਤੀ। ਇਸੇ ਤਰ੍ਹਾਂ ਬਾਬਾ ਗੁਰਬਖ਼ਸ਼ ਸਿੰਘ ਬਨੋਆਣਾ, ਡਾ. ਲਖਵਿੰਦਰ ਜੌਹਲ ਅਤੇ ਸ. ਸੁਰਜੀਤ ਸਿੰਘ ਮਿਨਹਾਸ ਹੋਰਾਂ ਇਨ੍ਹਾਂ ਕਵਿਤਾਵਾਂ ਨੂੰ ਸਤਨਾਮ ਚਾਨਾ ਅਤੇ ਪੰਜਾਬੀ ਕਵਿਤਾ ਦੀ ਪ੍ਰਾਪਤੀ ਵਜੋਂ ਕਬੂਲਦਿਆਂ ਚਾਨਾ ਨੂੰ ਨਿਰੰਤਰਤਾ ਨਾਲ ਜੁੜੇ ਰਹਿਣ ਲਈ ਕਿਹਾ।

ਸੁਰਜੀਤ ਪਾਤਰ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਸਤਨਾਮ ਚਾਨਾ ਦੀ ਕਵਿਤਾ ਨੂੰ ਬਹੁ-ਪਰਤੀ ਕਵਿਤਾ ਵਜੋਂ ਪਛਾਣਿਆ ਅਤੇ ਉਨ੍ਹਾਂ ਕਿਹਾ ਕਿ ਇਸਨੂੰ ਸਮਕਾਲੀ ਕਵਿਤਾ ਦੇ ਸੰਦਰਭ ਵਿੱਚ ਨਿੱਠ ਕੇ ਪਰਖਣ ਦੀ ਲੋੜ ਹੈ ਕਿਉਂਕਿ ਇਸ ਵਿੱਚ ਪਿਛਲੇ ਕਈ ਦਹਾਕਿਆਂ ਦੀਆਂ ਚਿੰਤਨੀ ਗਵਾਹੀਆਂ ਮੌਜੂਦ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਕਵਿਤਾ ਪੰਜਾਬੀ ਵਿੱਚ ਕਾਹਲੀ ਵਿੱਚ ਛਪ ਰਹੀ ਹੋਰ ਕਵਿਤਾ ਤੋਂ ਬਿਲਕੁਲ ਵੱਖਰੀ ਅਤੇ ਚਿੰਤਕੀ ਕਵਿਤਾ ਹੈ।

ਸੰਚਾਲਨ ਦੀ ਜ਼ੁੰਮੇਵਾਰੀ ਡਾ. ਉਮਿੰਦਰ ਜੌਹਲ ਨੇ ਨਿਭਾਈ। ਸਮਾਗਮ ਦੇ ਪ੍ਰਧਾਨ ਡਾ. ਸੁਰਜੀਤ ਪਾਤਰ, ਪ੍ਰਧਾਨਗੀ ਮੰਡਲ, ਪਰਚਾ ਲੇਖਕਾਂ ਅਤੇ ਆਏ ਹੋਏ ਹੋਰ ਵਿਦਵਾਨਾਂ ਦਾ ਧੰਨਵਾਦ ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਸ. ਜਗਦੀਸ਼ ਸਿੰਘ ਵਰਿਆਮ ਹੋਰਾਂ ਕੀਤਾ। ਸੰਵਾਦ ਰਚਾਉਣ ਅਤੇ ਹਾਜ਼ਰੀ ਲਗਾਉਣ ਵਾਲੇ ਵਿਦਵਾਨਾਂ ਵਿੱਚ ਬਾਬਾ ਭਗਤ ਸਿੰਘ ਬਿਲਗਾ ਪ੍ਰੇਮ ਪ੍ਰਕਾਸ਼ ਕਹਾਣੀਕਾਰ, ਬਜ਼ੁਰਗ ਸ਼ਾਇਰ ਸੰਤੋਖ ਸਿੰਘ ਸਫਰੀ, ਗਜ਼ਲਗੋ ਉਲਫ਼ਤ ਬਾਜਵਾ, ਡਾ. ਕੀਰਤੀ ਕੇਸਰ, ਸੁਕੀਰਤ, ਸਰਵਨ ਸਿੰਘ ਜ਼ਫ਼ਰ,(ਇੰਗਲੈਂਡ) ਚਰਨ ਸੀਚੇਵਾਲਵੀ, ਡਾ. ਜਸਵਿੰਦਰ ਸਿੰਘ, ਬਲਬੀਰ ਪਰਵਾਨਾ ਅਨੂਪ ਸਿੰਘ ਨੂਰੀ, ਗੁਰਚਰਨ ਸਿੰਘ ਗੁਲਾਟੀ, ਵੇਦ ਅਗਨੀਹੋਤਰੀ, ਕੁਲਦੀਪ ਅਮਨ, , ਰਘਬੀਰ ਸਿੰਘ ਛੀਨਾ, ਬਲਦੇਵ ਖੁੱਲਰ, ਸੁਦਰਸ਼ਨ ਵਾਲੀਆ, ਜਸਪਾਲ ਸਿੰਘ, ਤੀਰਥ ਸਪਰਾ, ਮਨਜੀਤ ਸੋਹਲ, ਪਾਲ ਸਿੰਘ ਨੌਲੀ, ਗੁਰਮੀਤ ਕੋਟਲੀ, ਜਤਿੰਦਰ ਸ਼ਰਮਾ, ਚਰੰਜੀਲਾਲ, ਆਰ.ਐਸ. ਫ਼ਰਾਜ, ਜਸਪਾਲ ਸਿੰਘ ਸ਼ਾਮਲ ਸਨ।

—*ਬਲਦੇਵ ਮਾਧੋਪੁਰੀ*

## ਪੰਜਾਬੀ ਸਾਹਿਤ ਸਭਾ ਰਜਿ: ਸੰਗਰੂਰ ਦੀ ਇਕੱਤਰਤਾ

ਪੰਜਾਬੀ ਸਾਹਿਤ ਸਭਾ ਰਜਿ: ਸੰਗਰੂਰ ਦੀ ਇਕੱਤਰਤਾ ਸ੍ਰੀ ਚਰਨਜੀਤ ਸਿੰਘ ਉਡਾਰੀ (ਡਾ.) ਦੀ ਪ੍ਰਧਾਨਗੀ ਵਿਚ ਹੋਈ। ਜਿਸ ਵਿਚ ਸੁਵਸੀ ਭਗਤ ਰਾਮ ਸ਼ਰਮਾ ਨੇ ਆਪਣੀ



Namdhari Elibrary NamdhariElibrary@gmail.com

ਲੰਮੀ ਨਜ਼ਮ "ਸਾਨੂੰ ਭੁੱਲ ਜਾਣਾ" ਧਰਮ ਸਿੰਘ ਗੁਲਾਟੀ ਨੇ "ਕਾਲਾ ਕੋਟ" ਪੜ੍ਹ ਕੇ ਤੇ ਡਾ: ਚਰਨਜੀਤ ਸਿੰਘ ਉਡਾਰੀ ਨੇ ਆਪਣਾ ਗੀਤ ਗਾ ਕੇ ਸੁਣਾਇਆ। ਕ੍ਰਿਸ਼ਨ ਬੇਤਾਬ ਨੇ ਆਪਣੀ ਕਹਾਣੀ "ਦਿਨ ਦੀ ਕਹਾਣੀ" ਪੜ੍ਹੀ ਜਿਸ ਬਾਰੇ ਡਾ: ਤੇਜਵੰਤ ਮਾਨ, ਗੁਰਮੇਲ ਮਡਾਹੜ, ਚਰਨਜੀਤ ਉਡਾਰੀ, ਕੇਸਰਾ ਰਾਮ, ਭਗਤ ਰਾਮ ਸ਼ਰਮਾ ਤੇ ਧਰਮ ਸਿੰਘ ਗੁਲਾਟੀ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ ਜਿਸ ਤੋਂ ਇਹ ਨਤੀਜਾ ਨਿਕਲਿਆ ਕਿ ਇਕ ਦੋ ਜਗ੍ਹਾ ਜ਼ਰੂਰੀ ਸੋਧਾਂ ਕਰ ਲੈਣ ਨਾਲ ਇਹ ਕਹਾਣੀ ਉੱਚ ਪਾਏ ਦੀ ਕਹਾਣੀ ਬਣ ਜਾਵੇਗੀ।

ਇਸ ਤੋਂ ਬਾਅਦ ਸਭਾ ਦੇ ਪ੍ਰਧਾਨ ਗੁਰਮੇਲ ਮਡਾਹੜ ਨੇ ਸਾਲ ੨੦੦੪ ਦਾ ਸਭਾ ਦੀ ਆਮਦਨ ਤੇ ਖ਼ਰਚੇ ਦਾ ਹਿਸਾਬ ਪੇਸ਼ ਕੀਤਾ ਜਿਸ ਨੂੰ ਸਰਵਸੰਮਤੀ ਨਾਲ ਪਾਸ ਕਰ ਦਿੱਤਾ ਗਿਆ।

ਉਪਰੰਤ ਨਵਯੁੱਗ ਪਬਲਿਸ਼ਰ ਦੇ ਮਾਲਕ ਭਾਪਾ ਪ੍ਰੀਤਮ ਸਿੰਘ ਤੇ ਚਰਚਿਤ ਲੇਖਕਾ ਰਾਜਿੰਦਰ ਕੌਰ ਵੰਤਾ ਦੇ ਅਕਾਲ ਚਲਾਣਾ ਕਰ ਜਾਣ ਉੱਤੇ ਸਭਾ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਡਾ. ਤੇਜਵੰਤ ਮਾਨ ਨੇ ਕਿਹਾ ਕਿ ਭਾਪਾ ਜੀ ਨੇ ਪੰਜਾਬੀ ਪੁਸਤਕ ਛਪਾਈ ਵਿਚ ਇਕ ਮਾਣਯੋਗ ਇਨਕਲਾਬ ਲਿਆਂਦਾ। ਇਕ ਸਮੇਂ ਹਰ ਲੇਖਕ ਦੇ ਮਨ ਅੰਦਰ ਰੀਝ ਹੁੰਦੀ ਸੀ ਕਿ ਉਸ ਦੀ ਨਵਯੁੱਗ ਪਬਲੀਕੇਸ਼ਨ ਵੱਲੋਂ ਕਿਤਾਬ ਛਪੇ। ਸਭਾ ਦੇ ਜਨਰਲ ਸਕੱਤਰ ਸ੍ਰੀ ਕੇਸਰਾ ਰਾਮ ਨੇ ਕਿਹਾ ਕਿ ਰਾਜਿੰਦਰ ਕੌਰ ਵੰਤਾ ਨੇ ਅੱਧੀ ਦਰਜਨ ਦੇ ਲਗਭਗ ਕਵਿਤਾ, ਕਹਾਣੀ, ਮਿੰਨੀ ਕਹਾਣੀ ਦੀਆਂ ਕਿਤਾਬਾਂ ਦਿੱਤੀਆਂ। ਉਸ ਦੇ ਇਸ ਸੰਸਾਰ ਤੋਂ ਅਚਾਨਕ ਉੱਠ ਜਾਣ ਤੇ ਪੰਜਾਬੀ ਕਹਾਣੀ ਖ਼ਾਸ ਤੌਰ ਤੇ ਮਿੰਨੀ ਕਹਾਣੀ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਪੰਜਾਬੀ ਤੋਂ ਇਲਾਵਾ ਉਸ ਦੀਆਂ ਮਿੰਨੀ ਕਹਾਣੀਆਂ ਕਈ ਹੋਰ ਭਾਸ਼ਾਵਾਂ ਵਿੱਚ ਵੀ ਅਨੁਵਾਦ ਹੋ ਕੇ ਛਪਦੀਆਂ ਰਹੀਆਂ ਹਨ, ਜਿਸ ਕਰਕੇ ਦੂਸਰੀਆਂ ਭਾਸ਼ਾਵਾਂ ਦੇ ਪਾਠਕ ਵੀ ਉਸਨੂੰ ਲੰਮੇ ਸਮੇਂ ਤੱਕ ਯਾਦ ਰੱਖਣਗੇ। ਅੰਤ ਵਿੱਚ ਸਭਾ ਦੇ ਮੈਂਬਰਾਂ ਵੱਲੋਂ ਵਿਛੜੀਆਂ ਸ਼ਖ਼ਸੀਅਤਾਂ ਨਮਿਤ ਦੋ ਮਿੰਟ ਦਾ ਮੌਨ ਧਾਰਨ ਕੀਤਾ। ਸਭਾ ਦੀ ਨਵੀਂ ਕਾਰਜਕਾਰਨੀ ਦੀ ਚੋਣ ਅਗਲੀ ਇਕੱਤਰਤਾ ਵਿਚ ਕਰਨ ਦਾ ਫ਼ੈਸਲਾ ਲਿਆ ਗਿਆ।

*—ਗੁਰਮੇਲ ਮਡਾਹੜ ਪ੍ਰਧਾਨ*

## ਲੰਡਨ ਵਿਚ ਸਮੂਹ ਸਿੱਖਾਂ ਵਲੋਂ ਵਸਾਖੀ ਸਮਾਗਮ

**ਲੰਡਨ—** ਲੰਡਨ ਵਿਚ ਵਸਦੇ ਹੋਏ ਸਮੂਹ ਸਿਖਾਂ ਨੇ ਵਸਾਖੀ ਦਾ ਸਮਾਗਮ ਬਹੁਤ ਧੂਮ ਧਾਮ ਨਾਲ ਮਨਾਇਆ। ਇਹ ਸਮਾਗਮ ਇਥੋਂ ਦੇ ਪਾਰਲੀਮੈਂਟ ਨਜ਼ਦੀਕ ਸਕੁਏਰ ਵਿਚ ਹੋਇਆ ਜਿਹੜੀ ਕਿ ਲੰਡਨ ਦੀ ਬਹੁਤ ਮਹੱਤਵਪੂਰਨ ਜਗ੍ਹਾ ਮੰਨੀ ਜਾਂਦੀ ਹੈ।

ਇਸ ਪ੍ਰੋਗਰਾਮ ਨੂੰ ਮਨਾਉਣ ਵਾਸਤੇ ਲੰਡਨ ਦੇ ਮੇਅਰ ਕਿਨ ਲਵਿੰਗਸਟਨ ਨੇ ਬਹੁਤ ਉਤਸਾਹ ਅਤੇ ਖੁਸ਼ੀ ਨਾਲ ਸਾਥ ਦਿੱਤਾ। ਇਸ ਪ੍ਰੋਗਰਾਮ ਵਿਚ ਨਾਮਧਾਰੀ ਸੰਗਤ ਨੂੰ ਵੀ ਹਿੱਸਾ ਲੈਣ ਦੀ ਅਰਜ਼ ਕੀਤੀ ਗਈ। ਇਹ ਪ੍ਰੋਗਰਾਮ ਦੋ ਹਿਸਿਆਂ ਵਿਚ ਹੋਇਆ। ਪਹਿਲਾ ਹਿਸਾ ਧਾਰਮਿਕ ਸੀ ਅਤੇ ਦੂਸਰਾ ਸਭਿਆਚਾਰਕ।

ਧਾਰਮਿਕ ਪ੍ਰੋਗਰਾਮ ਦੀ ਸ਼ੁਰੂਆਤ ਨਾਮਧਾਰੀ ਰਾਗੀ ਜਥੇ ਤੋਂ ਕਰਵਾਈ ਗਈ ਜਿਸ ਵਿਚ ਉਸਤਾਦ ਹਰਭਜਨ ਸਿੰਘ, ਸਤਵਿੰਦਰ ਸਿੰਘ ਭੋਗਲ, ਗੁਰਸ਼ਰਨ ਸਿੰਘ ਸੁਰਧਰ, ਡਾ. ਹਰਮਿੰਦਰਜੀਤ ਸਿੰਘ ਸੁਰਧਰ, ਹਰਭਜਨ ਸਿੰਘ ਸੱਗੂ, ਨਰਿੰਦਰਪਾਲ ਸਿੰਘ ਰਾਇਤ ਅਤੇ ਉਦੇ ਸਿੰਘ ਨੇ ਭਾਗ ਲਿਆ। ਉਸਤਾਦ ਹਰਭਜਨ ਸਿੰਘ ਦੁਆਰਾ ਇਕ ਬਹੁਤ ਪੁਰਾਣੀ ਗੀਤ ਵਿਚ ਸ਼ਬਦ ਲੋਕਾਂ ਨੇ ਬਹੁਤ ਪਸੰਦ ਕੀਤਾ।

ਉਸਤਾਦ ਗੁਰਦੇਵ ਸਿੰਘ ਨੇ ਸਰੋਦ ਵਾਦਨ ਕੀਤਾ। ਇਹਨਾਂ ਨਾਲ ਤਬਲੇ ਤੇ ਸਾਥ ਚਰਨਚੀਵ ਸਿੰਘ ਚਾਨਾ ਅਤੇ ਗੁਰਦੇਵ ਸਿੰਘ ਸੱਗੂ ਨੇ ਦਿੱਤਾ। ਉਸਤਾਦ ਗੁਰਦੇਵ ਸਿੰਘ ਦੇ ਸਰੋਦ ਵਾਦਨ ਨੇ ਸ੍ਰੋਤਿਆਂ ਦੀ ਭਾਰੀ ਗਿਣਤੀ ਦਾ ਮਨ ਜਿੱਤ ਲਿਆ।

ਇਸ ਸਮਾਗਮ ਤੇ ਲੰਗਰ ਦੀ ਸੇਵਾ ਸਾਰੇ ਸਿੱਖਾਂ ਰਲ ਕੇ ਕੀਤੀ। ਨਾਮਧਾਰੀ ਸੰਗਤ ਈਸਟ ਹੈਮ ਅਤੇ ਨਾਮਧਾਰੀ ਸੰਗਤ ਸਾਊਥਹਾਲ ਨੇ ਲੰਗਰ ਤਿਆਰ ਕਰ ਕੇ ਭੇਜਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇਹਨਾਂ ਇੰਗਲੈਂਡ ਦੀਆਂ ਸੇਵਾਦਾਰ ਬੀਬੀਆਂ ਤੇ ਵਿਸ਼ੇਸ਼ ਕਿਰਪਾ ਹੈ। ਇਹ ਸੇਵਾ ਵਿੱਚ ਹਮੇਸ਼ਾਂ ਹੀ ਤਤਪਰ ਰਹਿੰਦੀਆਂ ਹਨ। ਨਾਮਧਾਰੀ ਸੰਗਤ ਬਰਮਿੰਘਮ ਨੇ ਵੀ ਇਸ ਲੰਗਰ ਵਿਚ ਹਿਸਾ ਪਾਇਆ। ਇਸ ਮੇਲੇ ਨੂੰ ਦੇਖਣ ਵਾਸਤੇ ਹਜ਼ਾਰਾਂ ਦੀ ਤਾਦਾਦ ਵਿਚ ਦਰਸ਼ਕ ਆਏ। ਸਭ ਨੇ ਨਾਮਧਾਰੀ ਸੰਗਤ ਦੀ ਅਤੇ ਸੇਵਾ ਦੀ ਬਹੁਤ ਸ਼ਲਾਘਾ ਕੀਤੀ।

## ਸਾਊਥਹਾਲ (ਯੂ.ਕੇ.) ਵਿਖੇ ਹੋਲਾ-ਮਹੱਲਾ ਸਮਾਗਮ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖ਼ਸ਼ਸ਼ ਸਦਕਾ ਨਾਮਧਾਰੀ ਸਾਧ ਸੰਗਤ ਦੇਸ-ਬਿਦੇਸਾਂ 'ਚ ਸਮੇਂ-ਸਮੇਂ ਅਨੁਸਾਰ ਧਾਰਮਿਕ ਸਮਾਗਮ ਆਯੋਜਿਤ ਕਰਦੀ ਰਹਿੰਦੀ ਹੈ।

ਇਸ ਵਾਰ ਯੂ.ਕੇ. ਦੀ ਸਾਧ ਸੰਗਤ ਵੱਲੋਂ ਹੋਲੇ ਮਹੱਲੇ ਦਾ ਸਮਾਗਮ ਨਾਮਧਾਰੀ ਗੁਰਦੁਆਰਾ ਸਾਊਥਹਾਲ ਵਿਖੇ ਮਨਾਇਆ ਗਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਪੁਰਬ ਨਾਲ ਸ੍ਰੀ ਸਤਿਗੁਰੂ ਬਾਲਕ ਸਿੰਘ ਦੇ ਪ੍ਰਕਾਸ਼ ਦਿਹਾੜੇ


Namdhari Elibrary NamdhariElibrary@gmail.com

ਦੇ ਪੁਰਬ ਨੂੰ ਜੋੜ, ਚਲ ਰਹੀ ਪਰੰਪਰਾ 'ਚ ਵਾਧਾ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹਨਾਂ ਪੁਰਬਾਂ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦਾ ਪੁਰਬ ਜੋੜ ਤ੍ਰਿਬੇਣੀ ਦਾ ਸੰਗਮ ਬਣਾ ਦਿੱਤਾ। ੨੭ ਮਾਰਚ ਦਾ ਦਿਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸੀ। ਸੋ ਸੁਭਾਵਿਕ ਸੀ ਹੋਲੇ ਦੀ ਗਾਥਾ ਦੇ ਨਾਲ-ਨਾਲ ਅਟੱਲ ਪ੍ਰਤਾਪੀ ਜੀ ਦਾ ਜੱਸ ਵੀ ਵਰਨਣ ਕੀਤਾ ਗਿਆ।

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਉਸਤਾਦ ਹਰਭਜਨ ਸਿੰਘ ਨੇ ਗਾਇਨ ਕੀਤਾ। ਦਿਲਰੁਬਾ ਤੇ ਸਤਵਿੰਦਰ ਸਿੰਘ ਭੋਗਲ, ਤਬਲੇ ਤੇ ਕੁਲਵੰਤ ਸਿੰਘ ਭੋਗਲ ਤੇ ਹਰਨਾਮ ਸਿੰਘ ਚਾਨਾ ਨੇ ਸਾਥ ਦਿੱਤਾ, ਉਪਰੰਤ ਕੁਝ ਸਧਾਰਨ ਪਾਠਾਂ ਦੇ ਭੋਗ ਪਾਏ ਗਏ

ਸੰਤ ਸਤਬਚਨ ਸਿੰਘ ਨੇ ਹੋਲੇ ਅਤੇ ਵਡ ਪ੍ਰਤਾਪੀ ਜੀ ਸੰਬੰਧੀ ਆਪਣਾ ਲੈਕਚਰ ਦਿੱਤਾ। ਰਾਗੀ ਸਿੰਘਾਂ ਸੁਰਜੀਤ ਸਿੰਘ ਸਾਰੰਗੀ ਵਾਦਕ, ਸਤਵਿੰਦਰ ਸਿੰਘ, ਰਣਬੀਰ ਸਿੰਘ ਨੇ ਸ਼ਬਦ ਗਾਇਨ ਕੀਤਾ। ਤਬਲੇ ਤੇ ਸਾਥ ਦੇ ਰਹੇ ਸਨ ਰਾਗੀ ਕੁਲਵੰਤ ਸਿੰਘ ਭੋਗਲ। ਬੀਬੀ ਪਵਨਜੀਤ ਕੌਰ ਉਭੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਜੀ ਉਸਤਤ ਵਿਚ ਕਵਿਤਾ ਪੜ੍ਹੀ। ਕਾਕਾ ਅਰਜਨ ਸਿੰਘ, ਜੀਵਨ ਸਿੰਘ ਤੇ ਬੱਚਿਆ ਨੇ ਸ਼ਬਦ ਗਾਇਨ ਕੀਤਾ। ਸੰਤ ਗੁਰਦੇਵ ਸਿੰਘ ਨੇ ਸਤਿਗੁਰੂ ਬਾਲਕ ਸਿੰਘ ਤੇ ਸਤਿਗੁਰੂ ਪ੍ਰਤਾਪ ਸਿੰਘ ਬਾਰੇ ਖੋਜ ਭਰਪੂਰ ਲੈਕਚਰ ਸੰਗਤ ਨੂੰ ਸ੍ਰਵਣ ਕਰਵਾਇਆ।

ਫਿਰ ਵਾਰੀ ਆਈ ਬੱਚਿਆਂ ਦੀ। ਉਹਨਾਂ ਰਾਗ ਆਸਾ ਅਤੇ ਰਾਗ ਧਨਾਸਰੀ ਵਿਚ ਸ਼ਬਦ ਗਾਇਨ ਕੀਤੇ। ਬੱਚਿਆਂ ਉਪਰੰਤ ਉਸਤਾਦ ਹਰਭਜਨ ਸਿੰਘ ਦੀਆਂ ਸ਼ਗਿਰਦ ਬੀਬੀਆਂ ਸਤਿਨਾਮ ਕੌਰ , ਸਤਵੰਤ ਕੌਰ ਅਤੇ ਸਾਥਣਾਂ ਨੇ ਸਾਧ ਸੰਗਤ ਨੂੰ ਸ਼ਬਦ ਸ੍ਰਵਣ ਕਰਵਾਇਆ। 'ਸੰਗਮ' ਸਮਾਜ ਨਾਲ ਸਬੰਧਿਤ ਬੀਬੀਆਂ ਆਪਣੀ ਰਵਾਇਤ ਅਨੁਸਾਰ ਭਜਨ ਗਾਇਨ ਕੀਤਾ। ਤਬਲੇ ਤੇ ਸੰਗਤ ਦਿਤੀ-ਕੁਲਵੰਤ ਸਿੰਘ ਭੋਗਲ ਤੇ ਬਲਬੀਰ ਸਿੰਘ ਨੇ।

ਕਨੇਡਾ ਤੋਂ ਸ੍ਰ. ਕੇਹਰ ਸਿੰਘ ਮਠਾੜੂ ਹੁਰਾਂ ਆਪਣੇ ਲੈਕਚਰ ਦੌਰਾਨ ਦੱਸਿਆ ਕਿ ਉਹ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਦੇ ਚਰਨ ਪਰਸ ਕੇ ਆਏ ਹਨ। ਉਹਨਾਂ ਇਕ ਕਿਤਾਬ ਲਿਖੀ ਹੈ— 'ਸਤਿਗੁਰੂ ਰਾਮ ਸਿੰਘ' ਇਸ ਕਿਤਾਬ ਦੇ ਅੰਸ਼ਾਂ ਬਾਰੇ ਉਹਨਾਂ ਸਾਧ ਸੰਗਤ ਨੂੰ ਜਾਣਕਾਰੀ ਦਿੱਤੀ। ਸਤਿਗੁਰੂ ਰਾਮ ਸਿੰਘ ਜੀ ਬਾਰੇ ਉਹਨਾਂ ਅੰਦਰ ਪ੍ਰਗਟ ਹੋਈ ਚੇਤਨਾ ਤੋਂ ਸਾਧ ਸੰਗਤ ਨੂੰ ਜਾਣੂੰ ਕਰਵਾਇਆ। ਹੁਣ ਮੇਲੇ ਦੇ ਰਸ ਵਿਚ ਤਬਦੀਲੀ ਆਈ ਤੇ ਹੱਲੇ ਦੇ ਦਿਵਾਨ ਸ਼ੁਰੂ ਹੋਏ। ਜਥੇਦਾਰ ਜੋਗਾ ਸਿੰਘ (ਦਿੱਲੀ) ਨੇ ਟੇਕ ਲਾਈ।

ਸਤ੍ਰਿਗੁਰੂ ਕਉ ਬਲਿ ਜਾਈਐ
ਐਸੇ ਸਤਿਗੁਰੂ ਕਉ।

ਹੋਲੇ ਦਾ ਸੰਖੇਪ ਇਤਿਹਾਸ ਤੇ ਸਤਿਗੁਰੂ ਪ੍ਰਤਾਪ ਸਿੰਘ ਦਾ ਜੱਸ ਕੀਤਾ। ਉਪਰੰਤ ਜਥੇਦਾਰ ਦਵਿੰਦਰ ਸਿੰਘ (ਚੰਡੀਗੜ੍ਹ) ਵਾਲਿਆਂ ਧਾਰਨਾ ਪੜ੍ਹੀ 'ਬਡ ਪ੍ਰਤਾਪ ਸੁਨਿਓ ਪ੍ਰਭ ਤੁਮਰੋ ਉਹਨਾਂ ਚੰਗਾ ਰਸ ਬਣਾਇਆ। ਆਖਰੀ ਪ੍ਰੋਗਰਾਮ ਸੀ ਸੰਤ ਦਿਆਲ ਸਿੰਘ ਲੁਹਾਰ ਪ੍ਰਤਾਪਪੁਰੇ ਵਾਲਿਆਂ ਦਾ ਦਿਵਾਨ। ਸੰਤ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਜਥੇ ਵਿਚ ਲੰਬਾ ਅਰਸਾ ਰਹੇ ਹਨ। ਉਹਨਾਂ ਪੁਰਾਣੀਆਂ ਯਾਦਾਂ 'ਤੇ ਗੀਤਾਂ ਸੁਣਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਸਟੇਜ ਸਕੱਤਰ ਦੀ ਸੇਵਾ ਸੰਤ ਗੁਰਤੇਜ ਸਿੰਘ ਚਾਨਾ ਨੇ ਬਾਖੂਬੀ ਨਿਭਾਈ।

## ਖੂਬਸੂਰਤ ਸ਼ੌਕ ਅਤੇ ਉੱਤਮ ਰੁਜ਼ਗਾਰ ਹੈ ਫੋਟੋਗਰਾਫੀ - *ਜਨਮੇਜਾ ਸਿੰਘ ਜੌਹਲ*

ਬੇਰੁਜ਼ਗਾਰਾਂ ਦੀ ਭੀੜ ਵਿੱਚ ਰਲਣ ਤੋਂ ਪਹਿਲਾਂ ਅੱਜ ਦੇ ਵਿਦਿਆਰਥੀ ਨੂੰ ਮਨਭਾਉਂਦੇ ਕੈਰੀਅਰ ਦੀ ਚੋਣ ਕਰਨ ਲਈ ਕੈਰੀਅਰ ਗਾਈਡੈਂਸ ਦੀ ਬਹੁਤ ਲੋੜ ਹੈ। ਇਸੇ ਹੀ ਮਕਸਦ ਨੂੰ ਮੁੱਖ ਰੱਖਦੇ ਹੋਏ ਸਰਕਾਰੀ ਹਾਈ ਸਕੂਲ, ਖੇੜੀ-ਝਮੇੜੀ (ਲੁਧਿਆਣਾ) ਵਿਖੇ ਅੰਤਰ-ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਉੱਘੇ ਕੈਮਰਾਮੈਨ ਤੇ ਕਾਲਮ-ਨਵੀਸ ਸ. ਜਨਮੇਜਾ ਸਿੰਘ ਜੌਹਲ ਨੂੰ ਬੁਲਾਇਆ ਗਿਆ। ਉਨ੍ਹਾਂ ਨੇ ਫੋਟੋਗਰਾਫੀ ਕੈਰੀਅਰ ਵਜੋਂ ਚੁਣਨ ਬਾਰੇ ਪ੍ਰਭਾਵਸ਼ਾਲੀ ਤੇ ਸਰਲ ਢੰਗ ਨਾਲ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਆਖਿਆ ਕਿ ਅੱਜ ਦੇ ਸਮੇਂ ਵਿੱਚ ਅਨੇਕਾਂ ਖੇਤਰ ਹਨ ਜਿੱਥੇ ਬਹੁਤ ਕੁਝ ਫੋਟੋਗਰਾਫੀ ਤੇ ਹੀ ਨਿਰਭਰ ਹੈ ਜਿਵੇਂ ਸਾਇੰਸ ਦੀਆਂ ਹੋ ਰਹੀਆਂ ਨਵੀਆਂ ਖੋਜਾਂ ਦੀ ਫੋਟੋਗਰਾਫੀ, ਮੈਡੀਕਲ, ਫਿਲਮੀ ਖੇਤਰ, ਕੁਦਰਤੀ ਨਜ਼ਾਰੇ ਤੇ ਪ੍ਰਿੰਟਿੰਗ ਮੀਡੀਏ ਵਿਚ ਫੋਟੋਗ੍ਰਾਫੀ ਦਾ ਭਰਪੂਰ ਯੋਗਦਾਨ ਹੈ।

ਜੇ ਅੱਜ ਦੇ ਫੋਟੋਗ੍ਰਾਫਰ ਨੂੰ ਕੰਪਿਊਟਰ ਦੀ ਜਾਣਕਾਰੀ ਹੋਵੇ ਤਾਂ ਹੋਰ ਵੀ ਵਧੀਆ ਗੱਲ ਹੈ। ਕੁੜੀਆਂ ਲਈ ਇਸ ਕਿੱਤੇ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਅੱਜ ਦੇ ਸਮੇਂ ਫੋਟੋਗ੍ਰਾਫੀ ਵਿੱਚ ਸਾਡੇ ਦੇਸ਼ ਵਿੱਚ ਸਭ ਤੋਂ ਵੱਧ ਕਮਾਈ ਕਰਨ ਵਾਲੀ ਵੀ ਇੱਕ ਔਰਤ ਹੀ ਹੈ। ਉਹਨਾਂ ਨੇ ਫੋਟੋਗ੍ਰਾਫੀ ਵਿਚ ਆਈਆਂ ਨਵੀਆਂ ਤਕਨੀਕਾਂ ਤੇ ਕੈਮਰੇ ਬਾਰੇ ਜਾਣਕਾਰੀ ਦਿੰਦਿਆਂ ਆਖਿਆ ਕਿ ਅਨੇਕਾਂ ਸੰਸਥਾਵਾਂ ਵੀ ਹਨ ਜੋ ਫੋਟੋਗ੍ਰਾਫੀ ਦੀ ਟ੍ਰੇਨਿੰਗ ਦਿੰਦੀਆਂ ਹਨ। ਕਲਾਮਈ ਸੰਵੇਦਨਾ ਤੇ ਘੋਖਵੀਂ ਨਜ਼ਰ ਨਾਲ ਕਲਿੱਕ ਕੀਤੀ ਪ੍ਰਭਾਵਸ਼ਾਲੀ ਤੇ ਮਿਆਰੀ ਫੋਟੋ ਸਭ ਦਾ ਮਨ ਮੋਹ ਲੈਂਦੀ ਹੈ। ਉਹਨਾਂ ਆਪਣੀ ਜ਼ਿੰਦਗੀ ਬਾਰੇ ਵੀ ਦਿਲਚਸਪ ਤੇ ਰੋਚਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਫੋਟੋਗ੍ਰਾਫੀ ਨੇ ਉਨ੍ਹਾਂ ਨੂੰ ਕੁਲ ਦੁਨੀਆਂ ਦੀ ਸੈਰ ਕਰਵਾਈ ਤੇ ਢੇਰ ਸਾਰਾ ਪਿਆਰ ਦੁਆਇਆ। ਜੋ ਉਹ


Namdhari Elibrary NamdhariElibrary@gmail.com

ਅਮਰੀਕਾ ਵਿਚ ਇੰਜੀਨੀਅਰ ਹੀ ਬਣੇ ਰਹਿੰਦੇ ਤਾਂ ਸ਼ਾਇਦ ਅੱਜ ਵਾਲੇ ਮੁਕਾਮ ਤੇ ਨਾ ਪਹੁੰਚ ਪਾਉਂਦੇ। ਵਿਦਿਆਰਥੀਆਂ ਨੇ ਪੂਰੀ ਇਕਾਗਰਤਾ ਨਾਲ ਉਨ੍ਹਾਂ ਦੇ ਵਿਚਾਰਾਂ ਨੂੰ ਸੁਣਿਆ ਅਤੇ ਆਨੰਦ ਉਠਾਇਆ।

ਮੁੱਖ ਅਧਿਆਪਕਾ ਸ੍ਰੀਮਤੀ ਹਰਜਿੰਦਰ ਕੌਰ ਨੇ ਮੁੱਖ ਮਹਿਮਾਨ ਸ੍ਰੀ ਜਨਮੇਜਾ ਸਿੰਘ ਜੌਹਲ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਨੂੰ ਆਖਿਆ ਕਿ ਕੋਈ ਵੀ ਕੰਮ ਛੋਟਾ ਜਾਂ ਵੱਡਾ ਨਹੀਂ ਹੁੰਦਾ ਬਲਕਿ ਸਾਡਾ ਸੋਚਣ ਦਾ ਢੰਗ ਵਧੀਆ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਅੱਜ ਦਾ ਵਿਦਿਆਰਥੀ ਹਰੇਕ ਮੁਸ਼ਕਲ ਨਾਲ ਡੱਟ ਕੇ ਲੜਨ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹੇ। ਵਿਦਿਆਰਥੀ ਕਿਸੇ ਵੀ ਕਿੱਤੇ ਨੂੰ ਮਿਹਨਤ ਤੇ ਹਿੰਮਤ ਨਾਲ ਕਰਨ ਦੀ ਆਦਤ ਪਾਉਣ, ਇਹੋ ਹੀ ਜੀਵਨ ਦੀ ਸਫਲਤਾ ਦਾ ਰਾਜ਼ ਹੈ।

ਕੈਰੀਅਰ ਮਾਸਟਰ ਕਰਮਜੀਤ ਸਿੰਘ ਨੇ ਕਿਹਾ ਕਿ ਜੇ ਕੰਮ ਅਤੇ ਸ਼ੌਕ ਦੋਵੇਂ ਰਲ ਜਾਣ, ਕੁਝ ਵੱਖਰਾ ਕਰ ਕੇ ਦਿਖਾਉਣ ਦਾ ਜਨੂੰਨ ਹੋਵੇ, ਕੁਝ ਬਣਨ ਦੀ ਲਗਨ ਹੋਵੇ, ਜ਼ਿੰਦਗੀ ਜਿਉਣ ਦਾ ਆਨੰਦ ਹੋਰ ਵੀ ਵਧ ਜਾਂਦਾ ਹੈ। ਉਹਨਾਂ ਨੇ ਵਿਦਿਆਰਥੀਆਂ ਨੂੰ ਆਖਿਆ ਕਿ ਅੱਜ ਦੇ ਸਮੇਂ ਦੀ ਮੰਗ ਹੈ ਜੌਹਲ ਸਾਹਿਬ ਵਰਗੀ ਸਿਰੜੀ ਸਖਸ਼ੀਅਤ ਤੋਂ ਪ੍ਰੇਰਨਾ ਲਈ ਜਾਵੇ।

ਸਮਾਗਮ ਵਿਚ ਸ਼ਿਰਕਤ ਕਰਨ ਵਾਲਿਆਂ ਵਿਚ ਮੈਡਮ ਪਰਮਜੀਤ ਕੌਰ, ਰਜਨੀ ਅਤੇ ਜਸਦੀਪ ਕੌਰ ਦੇ ਨਾਂ ਵਰਨਣਯੋਗ ਹਨ। ਉਨ੍ਹਾਂ ਨੇ ਵੀ ਵਿਦਿਆਰਥੀਆਂ ਨੂੰ ਵਡਮੁੱਲੀ ਜਾਣਕਾਰੀ ਦਿੱਤੀ। ਵਿਦਿਆਰਥੀ ਫੋਟੋਗਰਾਫੀ ਦੇ ਕਿੱਤੇ ਪ੍ਰਤੀ ਉਤਸ਼ਾਹਿਤ ਦਿਖਾਈ ਦੇ ਰਹੇ ਹਨ।

*—ਕਰਮਜੀਤ ਗਰੇਵਾਲ*
*ਲਲਤੋਂ ਕਲਾਂ, ਲੁਧਿਆਣਾ।*

## ਸ. ਗੁਰਦੀਪ ਸਿੰਘ ਕਾਨੂੰਗੋ ਵਲੋਂ ਸਮਾਗਮ

ਸ. ਗੁਰਦੀਪ ਸਿੰਘ ਪ੍ਰਧਾਨ ਪੰਜਾਬ ਕਾਨੂੰਗੋ ਐਸੋਸੀਏਸ਼ਨ ਨੇ ਆਪਣੇ ਨਿਵਾਸ ਅਸਥਾਨ ਪਿੰਡ ਮੇਹਲੀ ਨਜ਼ਦੀਕ ਫਗਵਾੜਾ ਵਿਖੇ ਨਾਮਧਾਰੀ ਸਿੰਘਾਂ ਦੇ ਜੱਥੇ ਨੂੰ ਬੁਲਾ ਕੇ ਵਿਦਿਵਤ ਤੌਰ ਤੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਥਾਪਤ ਗੁਰ ਮਰਿਆਦਾ ਅਨੁਸਾਰ ਗੁਰਬਾਣੀ ਦਾ ਅਖੰਠ ਪਾਠ ਕਰਵਾਇਆ ਜਿਸਦਾ ਭੋਗ ੧੫ ਮਈ ੨੦੦੫ ਨੂੰ ਪਾਇਆ ਗਿਆ। ਉਪਰੰਤ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਵੱਡਾ ਦੀਵਾਨ ਸਜਿਆ ਜਿਸ ਵਿਚ ਜਥੇਦਾਰ ਗੁਰਦੀਪ ਸਿੰਘ ਜੀ ਭੈਣੀ ਸਾਹਿਬ ਨੇ ਜੱਥੇ ਸਹਿਤ ਦੋ ਘੰਟੇ ਹੱਲੇ ਦਾ ਭਰਪੂਰ ਕੀਰਤਨ ਕਰ ਕੇ ਇਲਾਕਾ ਨਿਵਾਸੀ ਸੰਗਤਾਂ ਨੂੰ ਮੰਤਰ ਮੁਗਧ ਕੀਤਾ। ਇਸ ਦੀਵਾਨ ਵਿਚ ਨਾਮਧਾਰੀ ਸੰਗਤਾਂ ਦੇ ਸੂਬੇ ਸਾਹਿਬਾਨ ਲਿਖਾਰੀਆਂ ਅਤੇ ਹੋਰ ਮੁਖੀ ਸਜਨਾਂ ਤੋਂ ਇਲਾਵਾ ਇਲਾਕੇ ਦੇ ਅਫਸਰ, ਤਹਿਸੀਲਦਾਰ ਸਾਹਿਬ, ਐਸ. ਡੀ. ਐਮ ਅਤੇ ਹੋਰ ਸਥਾਨਕ ਰਾਜਸੀ ਅਤੇ ਸਮਾਜੀ ਕਾਰਕੁਨ ਹਾਜ਼ਰ ਸਨ। ਗੁਰਦੇਵ ਸਿੰਘ ਕੋਇਲ ਦੇ ਗੀਤਾਂ ਅਤੇ ਸ਼ਬਦਾਂ ਨੇ ਖੂਬ ਰੰਗ ਬੰਨਿਆ। ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ ਨੇ ਸ. ਗੁਰਦੀਪ ਸਿੰਘ ਨੂੰ ਸਮਾਗਮ ਲਈ ਵਧਾਈ ਦਿੰਦਿਆਂ ਇਹਨਾਂ ਦੇ ਸਪੁੱਤਰਾਂ ਇੱਕ ਦਾ ਅਸਟਰੇਲੀਆ ਵਿਚ ਪੜਾਈ ਕਰਨ ਜਾਣਾ ਅਤੇ ਦੂਸਰੇ ਦਾ ਕੁਸ਼ਤੀ ਵਿਚ ਨਾਮ ਕਮਾਉਣ ਨਾਲ ਪੰਜਾਬ ਪੁਲਿਸ ਵਿਚ ਰਹਿ ਕੇ ਸਤਿਗੁਰੂ ਦੇ ਸਿਖੀ ਮਾਰਗ ਤੇ ਕਾਇਮ ਰਹਿਣਾ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਇਸ ਪਰਿਵਾਰ ਨੂੰ ਮਿਲੇ ਪਿਆਰ ਅਤੇ ਆਸ਼ੀਰਵਾਦ ਦਾ ਜ਼ਿਕਰ ਕੀਤਾ। ਉਹਨਾਂ ਇਸ ਦੇ ਨਾਲ-ਨਾਲ ਕਿਹਾ ਕਿ ਭਾਵੇਂ ਸਪੁੱਤਰ ਮਾਪਿਆਂ ਨੂੰ ਬਹੁਤ ਪਿਆਰੇ ਹੁੰਦੇ ਅਤੇ ਇਹਨਾਂ ਦੀਆਂ ਖੁਸ਼ੀਆਂ ਵੀ ਬਹੁਤ ਮਨਾਈਆਂ ਜਾਂਦੀਆਂ ਹਨ ਪਰ ਸਾਡੇ ਸਤਿਗੁਰਾਂ ਗੁਰੂ ਨਾਨਕ ਦੇਵ ਜੀ, ਸਤਿਗੁਰੂ ਰਾਮ ਸਿੰਘ ਜੀ ਅਤੇ ਵਰਤਮਾਨ ਸਮੇਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਇਸਤਰੀ ਜਾਤੀ ਅਤੇ ਸਪੁਤਰੀਆਂ ਦੇ ਗੁਣਾਂ ਨੂੰ ਸਲਾਹੁੰਦਿਆਂ ਇਹਨਾਂ ਤੇ ਬਹੁਤ ਪਰਉਪਕਾਰ ਕੀਤੇ ਹਨ। ਲੜਕੀਆਂ ਜੰਮਦੀਆਂ ਮਾਰਨੀਆਂ ਅਤੇ ਭਰੂਣ ਹੱਤਿਆ ਦਾ ਜ਼ੋਰਦਾਰ ਸ਼ਬਦਾਂ ਵਿਚ ਵਿਰੋਧ ਕੀਤਾ ਹੈ। ਬੀਬੀਆਂ ਨੂੰ ਉਚੀਆਂ ਪਦਵੀਆਂ ਵੀ ਦਿਤੀਆਂ ਹਨ।

ਇਹਨਾਂ ਵਿਚਾਰਾਂ ਨੂੰ ਹੋਰ ਵੀ ਬੁਲਾਰਿਆਂ ਨੇ ਅਗੇ ਤੋਰਿਆ। ਸੂਬਾ ਜਸਵੀਰ ਸਿੰਘ ਜੀ, ਸੰਤ ਗਿਆਨ ਸਿੰਘ ਜੀ ਹੋਰ ਪਤਵੰਤਿਆਂ ਨੇ ਵੀ ਵੀਚਾਰ ਰੱਖੇ। ਸੰਤ ਸਵਰਨ ਸਿੰਘ ਸਨੇਹੀ ਹੋਰਾਂ ਵੀ ਇਸ ਖੁਸ਼ੀਆਂ ਭਰੇ ਸਮਾਗਮ ਵਿਚ ਹਾਜ਼ਰੀ ਭਰੀ। ਬਹੁਤ ਦੂਰ ਦਰਾਜ਼ ਤੋਂ ਸੰਗਤਾਂ ਅਤੇ ਭਾਈ ਬੰਦ ਇਕੱਤਰ ਸਨ। ਗੁਰਦੁਆਰਾ ਸਾਹਿਬ ਵੱਲੋਂ ਆਏ ਪਤਵੰਤਿਆਂ ਨੂੰ ਸਿਰੋਪਾ ਦੇ ਕੇ ਮਾਨ ਸਨਮਾਨ ਕੀਤਾ ਗਿਆ। ਸ. ਗੁਰਦੀਪ ਸਿੰਘ ਜੀ ਨੇ ਆਈਆਂ ਸੰਗਤਾਂ ਦਾ ਹਾਰਦਿਕ ਧੰਨਵਾਦ ਕੀਤਾ ਅਤੇ ਗੁਰੂ ਕਾ ਲੰਗਰ ਅਤੁਟ ਵਰਤਿਆ।

## ਬੀਬੀ ਸਿਮਰਤ ਕੌਰ ਨਮਿਤ ਪਾਠ

ਬੀਬੀ ਸਿਮਰਤ ਕੌਰ ਪਤਨੀ ਸੰਤ ਰਜਿੰਦਰ ਸਿੰਘ ਅਸ਼ੋਕਾ ਬਿਸਕੁਟ ਹੈਦਰਾਬਾਦ ਨਮਿਤ ਵਰੀਣੇ ਦਾ ਭੋਗ, ਉਨ੍ਹਾਂ ਦੇ ਸਪੁੱਤਰ ਸੰਤ ਰਤਨ ਸਿੰਘ ਹੈਦਰਾਬਾਦ ਵਲੋਂ ੧੫ ਮਈ ੨੦੦੫ ਨੂੰ ਨਾਮਧਾਰੀ ਧਰਮਸ਼ਾਲਾ, ਰਮੇਸ਼ ਨਗਰ, ਨਵੀਂ ਦਿੱਲੀ ਵਿਖੇ ਪਾਇਆ ਗਿਆ। ਇਸ ਮੌਕੇ ੫੦੦ ਰੁਪਏ ਵਰਿਆਮ ਨੂੰ ਸਹਾਇਤਾ ਦਿੱਤੀ ਗਈ।



Namdhari Elibrary NamdhariElibrary@gmail.com

# ਪ੍ਰਤੀਕਿਰਿਆ

—ਅਪ੍ਰੈਲ ਅੰਕ ਦੇ "ਵਰਿਆਮ" ਦੇ ਮੁਖ ਕਵਰ ਤੇ ਭਾਪਾ ਜੀ ਦੀ ਤਸਵੀਰ ਤੇ ਅੰਦਰ ਸੰਪਾਦਕੀ ਛਾਪ ਕੇ ਆਪ ਜੀ ਨੇ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਤੇ ਮੋਹ ਦਾ ਪ੍ਰਗਟਾਵਾ ਕੀਤਾ ਹੈ। ੩੧ ਮਾਰਚ ਨੂੰ ਭਾਪਾ ਜੀ ਸਵਰਗਵਾਸ ਹੋਏ ਤੇ ਇੰਨੀ ਛੇਤੀ ਅਪ੍ਰੈਲ ਅੰਕ ਵਿੱਚ ਆਪ ਨੇ ਤਸਵੀਰ ਦਾ ਪ੍ਰਬੰਧ ਕਰਕੇ ਸੰਪਾਦਕੀ ਛਾਪੀ ਹੈ—ਇੰਨੀ ਛੇਤੀ ਕਿਸੇ ਮਾਸਕ ਪਰਚੇ ਨੇ ਇੰਜ ਨਹੀਂ ਕੀਤਾ। ਭਾਪਾ ਜੀ ਸੱਚਮੁੱਚ ਹੀ ਬੜੇ ਪਿਆਰੇ ਸਨ, ਮੈਨੂੰ ਤਾਂ ਉਹਨਾਂ ਤੋਂ ਪੁੱਤਰਾਂ ਵਰਗਾ ਪਿਆਰ ਮਿਲਿਆ ਹੈ। ਇਕੱਠੀ ਸੈਰ ਕਰਨੀ, ਦਿਲ ਦੀਆਂ ਗੱਲਾਂ ਕਰਨੀਆਂ, ਇਹ ਸਭ ਮੇਰੇ ਤੋਂ ਖੁੱਸ ਗਿਆ ਹੈ। ਆਪਣੇ ਦਾਰ ਜੀ ਤੋਂ ਬਾਅਦ ਜੇ ਦਿਲੋਂ ਕਿਸੇ ਨੇ ਪਿਆਰ ਤੇ ਅਸੀਸਾਂ ਦਿੱਤੀਆਂ ਉਹ ਕੇਵਲ ਭਾਪਾ ਜੀ ਨੇ ਹੀ ਦਿੱਤੀਆਂ। ਆਪ ਨੇ ਵਾਕਿਆ ਹੀ ਉਹਨਾਂ ਦੇ ਚੰਗੇ ਗੁਣਾਂ ਤੇ ਪਿਆਰ ਨੂੰ ਚੇਤੇ ਕਰਦਿਆਂ "ਵਰਿਆਮ" ਵਿੱਚ ਢੁੱਕਵੀਂ ਥਾਂ ਦਿੱਤੀ ਹੈ।

ਭਾਪਾ ਜੀ ਦੀ ਅੰਤਮ ਅਰਦਾਸ ਦੇ ਮੌਕੇ ਸ੍ਰੀ ਹੰਸਪਾਲ ਜੀ ਗੁਰਦੁਆਰਾ ਗ੍ਰੇਟਰ ਕੈਲਾਸ਼ ਵਿਖੇ ਉਚੇਚਾ ਆਏ ਸਨ—ਉਹਨਾਂ ਨੇ ਵੀ ਬੜੇ ਢੁੱਕਵੇਂ ਸ਼ਬਦਾਂ ਵਿੱਚ ਭਾਪਾ ਜੀ ਨੂੰ ਆਪਣੀ ਸ਼ਰਧਾਂਜਲੀ ਭੇਟ ਕੀਤੀ ਸੀ। ਭਾਪਾ ਜੀ ਦੇ ਨਾਮਧਾਰੀ ਦਰਬਾਰ ਨਾਲ ਬੜੇ ਪੁਰਾਣੇ ਸੰਬੰਧ ਸਨ, ਸਤਿਗੁਰੂ ਜੀ ਪ੍ਰਤੀ ਉਹ ਅਥਾਹ ਸ਼ਰਧਾ ਰੱਖਦੇ ਸਨ। ਭੈਣੀ ਸਾਹਿਬ ਵੀ ਉਹ ਦਰਸ਼ਨ ਕਰ ਆਏ ਸਨ।

ਹੁਣ ਕੇਵਲ ਭਾਪਾ ਜੀ ਦੀਆਂ ਯਾਦਾਂ ਬਾਕੀ ਹਨ, ਜਿਸ ਸਹਾਰੇ.......

*ਚਰਨਜੀਤ ਸਿੰਘ ਚੰਨ*
ਜਨਤਕ ਪ੍ਰੈਸ ਦਿੱਲੀ

ਵਰਿਆਮ ਨਿਰੰਤਰ ਮਿਲ ਰਿਹਾ ਹੈ। ਧੰਨਵਾਦ! ਪਿਛਲੇ ਅੰਕ ਬਹੁਤ ਵਧੀਆ ਸਨ। ਤੁਸੀਂ ਬਹੁਤ ਮਿਹਨਤ ਕਰਦੇ ਹੋ। ਨਾਮਧਾਰੀ ਲਹਿਰ ਦੀਆਂ ਵਿਲੱਖਣਤਾਵਾਂ ਨੂੰ ਦੁਨੀਆਂ ਦੇ ਸਨਮੁੱਖ ਪ੍ਰਸਤੁਤ ਕਰਨ ਹਿੱਤ ਤੁਸੀਂ ਸ਼ਲਾਘਾਯੋਗ ਉਪਰਾਲੇ ਕਰ ਰਹੇ ਹੋ।

ਕੱਲ੍ਹ ਚੰਡੀਗੜ੍ਹ ਵਿਖੇ ਅਦੁੱਤੀ ਰਹਬਰ ਸਤਿਗੁਰੂ ਰਾਮ ਸਿੰਘ ਜੀ ਪੁਸਤਕ ਦੇ ਸੰਬੰਧ ਵਿੱਚ ਬੋਲਦਿਆਂ ਮੈਂ ਨਾਮਧਾਰੀ ਸੰਗਤ ਨੂੰ ਬੇਨਤੀ ਕੀਤੀ ਸੀ ਕਿ ਉਹ ਵਰਿਆਮ ਵਾਲੇ ਸ. ਜਗਦੀਸ਼ ਸਿੰਘ ਵਰਿਆਮ ਅਤੇ ਦੋ ਚਾਰ ਜੋ ਹੋਰ ਲੇਖਕ ਇਸ ਪਾਸੇ ਜੁਟੇ ਹੋਏ ਹਨ ਉਹਨਾਂ ਦਾ ਧਿਆਨ ਰੱਖਣ, ਕਦਰ ਕਰਨ।

ਅਪ੍ਰੈਲ ੨੦੦੫ ਅੰਕ ਵਿੱਚ ਭਾਪਾ ਪ੍ਰੀਤਮ ਸਿੰਘ ਬਾਰੇ ਤੁਹਾਡੇ ਵਿਚਾਰ ਮੈਨੂੰ ਪਸੰਦ ਆਏ। ਖ਼ਬਰਨਾਮਾ ਚੰਗਾ ਲੱਗਿਆ। ਡਾ. ਅਮਨ ਦੀਪ ਹੀਰਾ ਦਾ ਲੇਖ ਅਵੈਧ ਸੰਤਾਨ ਅਤੇ ਦਲਿਤ ਜੀਵਨ ਦੇ ਦੁਖਾਂਤ ਦੀ ਵਿਥਿਆ ਮੁੜ ਸੰਤਾਪਾਂ ਦੇ ਘੇਰੇ ਵਿੱਚ ਜਕੜ ਲੈਂਦੀ ਹੈ।

*ਸਿਰੀ ਰਾਮ ਅਰਸ਼, ਮੋਹਾਲੀ*

ਤੁਹਾਡਾ ਮਈ ਮਹੀਨੇ ਦਾ ਪਰਚਾ ਬੜਾ ਚੰਗਾ ਲੱਗਾ। ਇਹ ਪਰਚਾ ਹਰ ਪੱਖੋਂ ਪੰਜਾਬੀ ਦੀ ਸ਼ਾਨ ਹੈ। ਤੁਸੀਂ ਬੜੀ ਮਿਹਨਤ ਕਰ ਰਹੇ ਹੋ ਤੇ ਸਤਿਗੁਰੂ ਦੀ ਤੁਹਾਡੇ ਉਤੇ ਬਖਸ਼ਿਸ਼ ਹੈ। ਤੁਹਾਡੀ ਨਵੀਂ ਛਪੀ ਕਿਤਾਬ 'ਖਿੱਲਰੇ ਪੱਤਰੇ' ਬਾਰੇ ਪੜ੍ਹ ਕੇ ਬਹੁਤ ਖੁਸ਼ੀ ਹੋਈ। ਮੈਂ ਕਿਤਾਬ ਆਪਣੀ ਲਾਇਬ੍ਰੇਰੀ ਵਿਚ ਮੰਗਵਾ ਰਿਹਾ ਹਾਂ।

*ਤਰਲੋਚਨ ਸਿੰਘ ਐਮ. ਪੀ.*
*ਚੇਅਰਮੈਨ ਰਾਸ਼ਟਰੀ ਅਲਪ ਸੰਖਿਯਕ ਆਯੋਗ,*
*ਨਵੀਂ ਦਿੱਲੀ*

ਪਰਚਾ ਲਗਾਤਾਰ ਮਿਲ ਰਿਹਾ ਹੈ। ਪੰਜਾਬੀ ਮਾਂ ਬੋਲੀ ਦੀ ਸਾਰਥਿਕ ਸੇਵਾ ਕਰ ਰਹੇ ਹੋ। ਚੰਗੀਆਂ ਰਚਨਾਵਾਂ ਲੋਕਾਂ ਤਕ ਪਹੁੰਚਾਣ ਦਾ ਤੁਹਾਨੂੰ ਮਾਣ ਪ੍ਰਾਪਤ ਹੈ। ਮੈਂ ਆਪ ਦੀ ਸਲਾਘਾ ਕਰਦਾ ਹਾਂ ਜਿਸ ਦੇ ਤੁਸੀਂ ਹਕ ਦਾਰ ਹੋ।

*ਇੰਦਰਜੀਤ ਹਸਨਪੁਰੀ*
*ਲੁਧਿਆਣਾ*

ਵਰਿਆਮ: ਨਵਾਂ ਅੰਕ ਕਈ ਕੁਝ ਲੈ ਕੇ ਹਾਜ਼ਰ ਹੈ। ਸਵਰਨ ਸਿੰਘ ਸਨੇਹੀ ਦਾ ਸਤਿਗੁਰੂ ਪ੍ਰਤਾਪ ਸਿੰਘ ਬਾਰੇ ਲੇਖ, ਤਰਲੋਚਨ ਸਿੰਘ ਦਾ ਬੂਟਾ ਸਿੰਘ ਰਾਜਪਾਲ ਬਿਹਾਰ ਬਾਰੇ ਲੇਖ, ਸਾਧੂ ਸਿੰਘ ਕਿਸਾਨ ਦੀ ਯਾਤਰਾ, ਡਾ. ਸਤਿੰਦਰ ਸਿੰਘ ਨੂਰ ਦਾ ਪ੍ਰਿੰ: ਬੇਅੰਤ ਕੌਰ ਬਾਰੇ ਲੇਖ, ਵਰਿਆਮ ਸਿੰਘ ਸੰਧੂ ਦਾ ਜਗਦੀਸ਼ ਸਿੰਘ ਵਰਿਆਮ ਦੀ ਸਵੈਜੀਵਨੀ ਪੁਸਤਕ 'ਖਿਲਰੇ ਪੱਤਰੇ' ਉਤੇ ਟਿੱਪਣੀ ਸਮੇਤ ਚੰਗੀਆਂ ਰਚਨਾਵਾਂ ਹਨ। ਕਾਵਿ ਮਹਿਫਲ ਵੀ ਪੂਰੀ ਤਰ੍ਹਾਂ ਸਜੀ ਹੋਈ ਹੈ ਸਮੇਤ ਤੂਲੀ ਫਕੀਰ ਚੰਦ ਦੇ।

*—ਪ੍ਰੇਮ ਗੋਰਖੀ*
ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ।
*(੨੨ ਮਈ ੨੦੦੫)*



Namdhari Elibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT LTD

Pinoneer Manufacturer in India of

- Automatic machines for producing Biscuits
- Automatic machines for producing Wafers

and

Makers of High quality Biscuits

**BBL FOODS PVT. LTD.**

*Santosh Nagar (X) Roads, Hyderabad-500 059 India*

*Ph.:— +91-40-4530680, 82,84     Fax :— +91-40--4530475*

*E-mail:amber @hd1.vsnl.net.in*

| | | |
|---|---|---|
| Balvinder Pal Singh | Lakhbir Singh Muchhal | Bakhshish Singh Muchhal |
| *Manging Director* | *Director* | *Director* |

Registered No. PB (0016) 2003 MONTHLY WARIAM Ladowali Road, Jalandhar-144 001
Regd. RNI No. 26453/75 June- 2005




# NAMDHARI SEEDS

ਤੁਹਾਡੀ ਖੁਸ਼ਹਾਲੀ ਦੀ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

| | |
|---|---|
| ਟਮਾਟਰ | : N.S. 815, ਉਤਸਵ ਅਤੇ ਅਮੋਘ |
| ਫੁਲ ਗੋਭੀ | : N.S. 60, N.S. 84 ਅਤੇ N.S. 90 |
| ਭਿੰਡੀ | : ਅਰਕਾ ਅਨਾਮਿਕਾ |
| ਤਰਬੂਜ਼ | : N.S. 295 (ਸਮਰ ਸਵੀਟ) N.S. 246 |
| ਖਰਬੂਜਾ | : N.S. 7455 ਅਤੇ ਅਭੀਜੀਤ |
| ਲੌਕੀ (ਘੀਆ) | : ਕਾਵੇਰੀ |
| ਤੋਰਈ | : ਸੰਜੀਵਨੀ ਅਤੇ ਹੋਰ ਬਹੁਤ ਕੁਝ |

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

## ਨਾਮਧਾਰੀ ਸੀਡਜ਼ ਪ੍ਰ: ਲਿ:

Head Office:
**Namdhari Seeds Pvt. Ltd.**
Bidadi - Banglore (India)
Tel. : 080 - 72 82 653
72 82 654
City Office:080- 8602167
Fax :080 8602168

ਰੀਜਨਲ ਆਫਿਸ :
ਪਿੰਡ ਰਾਈਆਂ ਕੁਹਾੜਾ ਮਾਛੀਵਾੜਾ
ਰੋਡ ਜ਼ਿਲਾ ਲੁਧਿਆਣਾ
ਫੋਨ : 0161- 834036, 834420
ਮੋਬਾਇਲ : 98141-33109


ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ, ਕੀਤਾ
ਫੋਨ : 2222543, ਨਿਵਾਸ : 2456289

Namdhari Elibrary NamdhariElibrary@gmail.com